**The Motto of Our University**

**(SEWA)**

**SKILL ENHANCEMENT**

**EMPLOYABILITY**

**WISDOM**

**ACCESSIBILITY**

# JAGAT GURU NANAK DEV

# PUNJAB STATE OPEN UNIVERSITY, PATIALA

**(Established by Act No. 19 of 2019 of the Legislature of State of Punjab)**

## M.A (PUNJABI)

## SEMESTER-III

## (PBIM21315T)

## ਪੰਦਰਵਾਂ ਪਰਚਾ : ਪਰਵਾਸੀ ਪੰਜਾਬੀ ਸਾਹਿਤ

**Head Quarter: C/28, The Lower Mall, Patiala-147001**

**WEBSITE: www.psou.ac.in**

SELF-INSTRUCTIONAL STUDY MATERIAL FOR JGND PSOU

ALL COPYRIGHTS WITH JGND PSOU, PATIALA

The Study Material has been prepared exclusively under the guidance of Jagat Guru Nanak Dev Punjab State Open University, Patiala, as per the syllabi prepared by Committee of Experts and approved by the Academic Council.

The University reserves all the copyrights of the study material. No part of this publication may be reproduced or transmitted in any form.

**JAGAT GURU NANAK DEV PUNJAB STATE OPEN UNIVERSITY, PATIALA**

**(Established by Act No. 19 of 2019 of the Legislature of State of Punjab)**

**COURSE COORDINATOR AND EDITOR:**

**DR. AMARJIT SINGH**

**ASSISTANT PROFESSOR IN PUNJABI**

**JAGAT GURU NANAK DEV PUNJAB STATE OPEN UNIVERSITY**

**PATIALA**

**(Established by Act No. 19 of 2019 of the Legislature of State of Punjab)**

## PREFACE

Jagat Guru Nanak Dev Punjab State Open University, Patiala was established in December 2019 by Act 19 of the Legislature of State of Punjab. It is the first and only Open University of the State, entrusted with the responsibility of making higher education accessible to all, especially to those sections of society who do not have the means, time or opportunity to pursue regular education.

In keeping with the nature of an Open University, this University provides a flexible education system to suit every need. The time given to complete a programme is double the duration of a regular mode programme. Well-designed study material has been prepared in consultation with experts in their respective fields.

The University offers programmes which have been designed to provide relevant, skill-based and employability-enhancing education. The study material provided in this booklet is self-instructional, with self-assessment exercises, and recommendations for further readings. The syllabus has been divided in sections, and provided as units for simplification.

The University has a network of 10 Learner Support Centres/Study Centres, to enable students to make use of reading facilities, and for curriculum-based counselling and practicals. We, at the University, welcome you to be a part of this instituition of knowledge.

Prof. G.S BATRA
Dean Academic Affairs

**M.A (PUNJABI)**

## SECTION A

## Table of Contents


| Sr. No. | UNIT NAME | Page No. |
|---|---|---|
| Unit 1 | ਪਰਵਾਸੀ ਪੰਜਾਬੀ ਸਾਹਿਤ: ਸਿਧਾਂਤਕ ਪਰਿਪੇਖ–1 | 9-22 |
| Unit 2 | ਪਰਵਾਸੀ ਪੰਜਾਬੀ ਸਾਹਿਤ: ਸਿਧਾਂਤਕ ਪਰਿਪੇਖ–2 | 23-34 |
| Unit 3 | ਪਰਵਾਸੀ ਪੰਜਾਬੀ ਸਾਹਿਤ: ਇਤਿਹਾਸ | 35-42 |
| Unit 4 | ਪਰਵਾਸੀ ਪੰਜਾਬੀ ਸਾਹਿਤ: ਪ੍ਰਵਿਰਤੀਆਂ | 43-48 |
| Unit 5 | ਪਰਵਾਸੀ ਪੰਜਾਬੀ ਕਵਿਤਾ: ਵਿਚਾਰਧਾਰਾਈ ਅਧਿਐਨ (ਡਾ. ਐੱਸ. ਪੀ. ਸਿੰਘ) | 49-52 |


SECTION B


| | | |
|---|---|---|
| Unit 6 | ਪਰਵਾਸੀ ਪੰਜਾਬੀ ਕਵਿਤਾ: ਅਧਿਐਨ ਦ੍ਰਿਸ਼ਟੀ (ਡਾ. ਐੱਸ. ਪੀ. ਸਿੰਘ) | 53-64 |
| Unit 7 | ਸਵਰਨ ਚੰਦਨ: ਨਵੇਂ ਰਿਸ਼ਤੇ<br>ਨਵੇਂ ਰਿਸ਼ਤੇ:ਵਿਚਾਰਧਾਰਾਈ ਅਧਿਐਨ | 65-76 |
| Unit 8 | ਨਵੇਂ ਰਿਸ਼ਤੇ:ਅਧਿਐਨ ਦ੍ਰਿਸ਼ਟੀ | 77-82 |
| Unit 9 | ਜਰਨੈਲ ਸਿੰਘ: ਟਾਵਰਜ਼<br>ਟਾਵਰਜ਼: ਵਿਚਾਰਧਾਰਾਈ ਅਧਿਐਨ | 83-93 |
| Unit 10 | ਟਾਵਰਜ਼:ਅਧਿਐਨ ਦ੍ਰਿਸ਼ਟੀ–1<br>ਟਾਵਰਜ਼:ਅਧਿਐਨ ਦ੍ਰਿਸ਼ਟੀ–2 | 94-104 |

# ਐੱਮ.ਏ. ਪੰਜਾਬੀ

## ਸਮੈਸਟਰ–ਤੀਸਰਾ

## ਪਰਵਾਸੀ ਪੰਜਾਬੀ ਸਾਹਿਤ

ਯੂਨਿਟ–1

**ਪਰਵਾਸੀ ਪੰਜਾਬੀ ਸਾਹਿਤ: ਸਿਧਾਂਤਕ ਪਰਿਪੇਖ-1**

1. ਪਰਵਾਸੀ ਪੰਜਾਬੀ ਸਾਹਿਤ: ਸਿਧਾਂਤਕ ਪਰਿਪੇਖ1-

1.1 ਪਰਵਾਸ: ਪਰਿਭਾਸ਼ਾ, ਸਰੂਪ ਅਤੇ ਲੱਛਣ, ਤੱਤ ਅਤੇ ਵਾਰਤਕ ਸ਼ੈਲੀ ਦੇ ਗੁਣ ਲੱਛਣ

1.2 ਪਰਵਾਸ ਦਾ ਇਤਿਹਾਸ

1.3 ਪਰਵਾਸੀ ਪੰਜਾਬੀ ਸਾਹਿਤ ਇੱਕ ਪ੍ਰਵਿਰਤੀ ਵਜੋਂ

1.4 ਪਰਵਾਸੀ ਪੰਜਾਬੀ ਸਾਹਿਤਕਾਰ

1.5 ਸਿੱਟਾ

## 1. ਪਰਵਾਸੀ ਪੰਜਾਬੀ ਸਾਹਿਤ: ਸਿਧਾਂਤਕ ਪਰਿਪੇਖ1-

ਪਿਆਰੇ ਵਿਦਿਆਰਥੀਉ ! ਸਾਡੇ ਸਾਹਮਣੇ ਪਹਿਲਾ ਪ੍ਰਸ਼ਨ ਹੈ, ਪਰਵਾਸ ਕੀ ਹੁੰਦਾ ਹੈ? ਇਸਦਾ ਸਰੂਪ, ਲੱਛਣ ਅਤੇ ਇਸਿਹਾਸ ਕੀ ਹੈ? ਇਸ ਬਾਰੇ ਜਾਣੇ ਬਗੈਰ ਪਰਵਾਸੀ ਪੰਜਾਬੀ ਸਾਹਿਤ ਦਾ ਅਧਿਐਨ ਕਰਨਾ ਸੰਭਵ ਨਹੀਂ। ਇਸ ਲਈ ਪਹਿਲੇ ਅਧਿਆਇ ਵਿੱਚ ਅਸੀਂ ਪਰਵਾਸ ਨਾਲ ਸੰਬੰਧਿਤ ਜਾਣਕਾਰੀ ਹਾਸਿਲ ਕਰਾਂਗੇ।

### 1.1 ਪਰਵਾਸ:

**ਪਰਵਾਸ ਤੋਂ ਭਾਵ–** ਪਰਵਾਸ ਇਕ ਸਮਾਜਿਕ ਤੇ ਸਭਿਆਚਾਰਕ ਵਰਤਾਰਾ ਹੈ ਅਤੇ ਇਸ ਦੀ ਪਿੱਠ-ਭੂਮੀ ਵਿੱਚ ਆਰਥਿਕ ਲੋੜਾਂ, ਰੁਜ਼ਗਾਰ, ਆਜ਼ਾਦੀ ਅਤੇ ਖੁਸ਼ਹਾਲੀ ਦੀ ਭਾਵਨਾ ਆਦਿ ਕਾਰਜਸ਼ੀਲ ਹੁੰਦੇ ਹਨ।'ਪਰਵਾਸੀ' ਸ਼ਬਦ ਅੰਗਰੇਜ਼ੀ ਦੇ ਸ਼ਬਦ 'Immigrant' ਦਾ ਸਮਾਨਾਰਥਕ ਸ਼ਬਦ ਹੈ।

ਡਾ. ਅੰਮ੍ਰਿਤਪਾਲ ਕੌਰ ਅਨੁਸਾਰ, "ਪਰਵਾਸ ਮੂਲ ਰੂਪ ਵਿੱਚ ਇੱਕ ਸਮਾਜਿਕ ਸਭਿਆਚਾਰਕ ਵਰਤਾਰਾ ਹੈ, ਜਿਸ ਵਿਚ ਅਰਥਚਾਰਾ ਪ੍ਰਧਾਨ ਰੂਪ ਵਿਚ ਕਾਰਜਸ਼ੀਲ ਹੈ। ਇਸ ਵਰਤਾਰੇ ਦੇ ਬੁਨਿਆਦੀ ਰੂਪ ਵਿਚ ਸਭਿਆਚਾਰਕ ਤਣਾਓ ਅਤੇ ਅੰਤਰ-ਵਿਰੋਧ ਨੇ ਅਜਿਹੀਆਂ ਪਰਿਸਥਿਤੀਆਂ ਨੂੰ ਜਨਮ ਦਿੱਤਾ, ਜਿਸ ਦੇ ਪ੍ਰਤਿਕਰਮ ਵਜੋਂ ਅਜਿਹੀ ਫੈਸਲਾਕੁੰਨ ਸਾਹਿਤਕ ਦ੍ਰਿਸ਼ਟੀ ਹੋਂਦ ਵਿਚ ਆਈ ਜਿਸਨੇ ਵਿਸ਼ੇਸ਼ ਪਹਿਚਾਣ ਦੁਆਰਾ ਸਾਹਿਤ ਵਿਚ ਸਥਾਪਤੀ ਅਤੇ ਹੋਂਦ ਲਈ ਵੰਗਾਰ ਪੈਦਾ ਕੀਤੀ।

ਡਾ. ਐਸ. ਪੀ. ਸਿੰਘ ਨੇ 'ਪਰਵਾਸੀ' ਸ਼ਬਦ ਨੂੰ ਪਰਿਭਾਸ਼ਿਤ ਕਰਦਿਆਂ ਲਿਖਿਆ ਹੈ: "ਪਰਾਈ ਧਰਤੀਆਂ ਤੇ ਰੁਜ਼ਗਾਰ ਦੀ ਤਲਾਸ਼ ਜਾਂ ਵਧੇਰੇ ਆਰਥਿਕ ਵਸੀਲਿਆਂ ਨੂੰ ਪ੍ਰਾਪਤ ਕਰਨ ਦੀ ਲਾਲਸਾ ਵਿੱਚ ਅਸਥਾਈ ਤੌਰ 'ਤੇ ਵਿਚਰਣ ਵਾਲੇ ਵਿਅਕਤੀਆਂ ਨੂੰ 'ਪਰਵਾਸੀ' ਦਾ ਨਾਂ ਦਿੱਤਾ ਜਾਂਦਾ ਹੈ।

ਇਸ ਪ੍ਰਕਾਰ ਪਰਵਾਸੀਆਂ ਨੇ ਆਪਣੇ ਪਰਵਾਸ ਦੌਰਾਨ ਜਿਸ ਸਾਹਿਤ ਦੀ ਰਚਨਾ ਕੀਤੀ ਉਹ ਪਰਵਾਸੀ ਸਾਹਿਤ ਅਖਵਾਉਣ ਲੱਗ ਪਿਆ। ਪਰਵਾਸ ਇਕ ਅਜਿਹਾ ਵਿਸ਼ਵ-ਵਿਆਪੀ ਵਰਤਾਰਾ ਹੈ ਜਿਹੜਾ ਸਦੀਆਂ ਦੇ ਕਾਲ-ਅੰਤਰਾਲ ਵਿਚ ਫੈਲਿਆ ਹੋਇਆ ਹੈ। ਨਵੀਆਂ ਦਿਸ਼ਾਵਾਂ ਦੀ ਖੋਜ ਆਰੰਭ ਤੋਂ ਹੀ ਮਨੁੱਖੀ ਮਨ ਦੀ ਕੁਦਰਤੀ ਪ੍ਰਵਿਰਤੀ ਰਹੀ ਹੈ। ਭਾਵੇਂ ਕਿ ਸਮੇਂ ਦੇ ਇਤਿਹਾਸ ਵਿਚ ਇਸ ਪ੍ਰਵਿਰਤੀ ਦੀ ਪਿੱਠਭੂਮੀ ਵਿੱਚ ਨਿਹਿਤ ਸਥਿਤੀਆਂ ਵਿਚ ਨਿਰੰਤਰ ਤਬਦੀਲੀ ਵਾਪਰਦੀ ਰਹੀ ਹੈ ਸੰਸਾਰ ਦੇ ਵਿਭਿੰਨ ਖੇਤਰਾਂ ਤੋਂ ਇੱਕ-ਦੂਸਰੇ ਖੇਤਰ ਲਈ ਪਰਵਾਸ ਦੀ ਇਹ ਪ੍ਰਾਕ੍ਰਿਤਕ ਤੇ ਸੁਭਾਵਿਕ ਪ੍ਰਕਿਰਿਆ ਮੌਜੂਦਾ ਸਮੇਂ ਵਿੱਚ ਗਲੋਬਲ ਵਰਤਾਰੇ ਦਾ ਸਰੂਪ ਗ੍ਰਹਿਣ ਕਰਦੀ ਹੋਈ ਵਿਲੱਖਣ ਅਰਥਾਂ ਦੀ ਲਖਾਇਕ ਬਣਦੀ ਹੈ। ਇਸ ਪ੍ਰਕਿਰਿਆ ਨੂੰ ਸਮਾਜਿਕ ਸੰਦਰਭ ਵਿੱਚ ਸਮਝਣ ਲਈ ਸਮਾਜ-ਵਿਗਿਆਨੀਆਂ ਦੁਆਰਾ ਇਸ ਦੀਆਂ ਪੰਜ ਕਿਸਮਾਂ ਦੀ ਨਿਸ਼ਾਨਦੇਹੀ ਕੀਤੀ ਜਾਂਦੀ ਹੈ। ਸਥਾਈ ਪਰਵਾਸ ਦੇ ਅੰਤਰਗਤ ਪਰਵਾਸੀ ਕਿਸੇ ਦੂਸਰੇ ਦੇਸ਼ ਨੂੰ ਪੱਕੇ ਤੌਰ 'ਤੇ ਜਾਂ ਬਹੁਤ ਲੰਬੇ ਸਮੇਂ ਲਈ ਰਹਿਣ ਜਾਂਦਾ ਹੈ। ਦੂਸਰਾ,

ਕਿਰਤ ਦਾ ਪਰਵਾਸ਼ ਦੇਖਣ ਨੂੰ ਮਿਲਦਾ ਹੈ ਤੀਸਰਾ, ਵੱਡੀ ਗਿਣਤੀ ਵਿਚ ਲੋਕ ਦੂਸਰੇ ਦੇਸ਼ਾਂ ਵਿੱਚ ਸੈਰ-ਸਪਾਟੇ ਲਈ ਜਾਂਦੇ ਹਨ। ਚੌਥਾ, ਸ਼ਰਨਾਰਥੀ ਲੋਕ ਵੀ ਦੂਸਰੇ ਦੇਸ਼ਾਂ ਵਿੱਚ ਸਥਾਈ ਜਾਂ ਅਸਥਾਈ ਤੌਰ 'ਤੇ ਵੱਸਦੇ ਹਨ। ਪੰਜਵੀਂ ਕਿਸਮ ਉਸ ਪਰਵਾਸ ਦੀ ਹੈ, ਜਿਸਦੇ ਅੰਤਰਗਤ ਉਹ ਪਰਵਾਸੀ ਆਉਂਦੇ ਹਨ ਜੋ ਦੂਸਰੇ ਦੇਸ਼ਾਂ ਵਿੱਚ ਰਹਿਣ ਲਈ ਜਾਂਦੇ ਹਨ, ਪਰ ਅਜਿਹਾ ਕਰਨ ਲਈ ਉਹ ਗ਼ੈਰ-ਕਾਨੂੰਨੀ ਢੰਗ ਤਰੀਕਿਆਂ ਦੀ ਵਰਤੋਂ ਕਰਦੇ ਹਨ ਪੰਜਾਬੀਆਂ ਦੇ ਪਰਵਾਸ ਦੇ ਸੰਦਰਭ ਵਿੱਚ ਇਨ੍ਹਾਂ ਪੰਜਾਂ ਕਿਸਮਾਂ ਦੀ ਨਿਸ਼ਾਨਦੇਹੀ ਸਹਿਜੇ ਹੀ ਹੋ ਜਾਂਦੀ ਹੈ। ਉਨ੍ਹਾਂ ਦੁਆਰਾ ਸਥਾਈ ਜਾਂ ਲੰਬੇ ਸਮੇਂ ਲਈ, ਕਿਰਤ ਲਈ, ਸੈਰ-ਸਪਾਟੇ ਲਈ, ਪੰਜਾਬ-ਸੰਕਟ ਉਪਰੰਤ ਸ਼ਰਨਾਰਥੀ ਦੇ ਰੂਪ ਵਿੱਚ ਅਤੇ ਗ਼ੈਰਕਾਨੂੰਨੀ ਢੰਗ ਦੀ ਉਪਜ ਮਾਲਟਾ ਬੋਟ ਦਾ ਦੁਖਦਾਈ ਕਾਂਡ ਆਦਿ ਇਨ੍ਹਾਂ ਦੀਆਂ ਪ੍ਰਮੁੱਖ ਉਦਾਹਰਣਾ ਹਨ।

## 1.2 ਪਰਵਾਸ ਦਾ ਇਤਿਹਾਸ

ਵਿਸ਼ਵ-ਪੱਧਰ 'ਤੇ ਲੰਬੇ ਸਮੇਂ ਵਿਚ ਫੈਲੀ ਇਸ ਪਰਵਾਸ ਪ੍ਰਕਿਰਿਆ ਦੇ ਪਿਛੋਕੜ ਵਿੱਚ ਵਿਭਿੰਨ ਕਾਰਨ ਕਾਰਜਸ਼ੀਲ ਰਹੇ ਹਨ। ਇਨ੍ਹਾਂ ਕਾਰਨਾ ਦੀ ਢੂੰਡ-ਭਾਲ ਆਪਣੇ ਆਪ ਵਿਚ ਇਕ ਜਟਿਲ ਪ੍ਰਕਿਰਿਆ ਹੈ। ਇਸ ਸੰਬੰਧੀ ਸਮਾਜ-ਵਿਗਿਆਨੀਆਂ ਨੇ ਕੁਝ ਅਜਿਹੇ ਸਿਧਾਂਤ ਪ੍ਰਸਤੁਤ ਕੀਤੇ ਹਨ ਜੋ ਪਰਵਾਸ ਦੇ ਕਾਰਨਾਂ ਦਾ ਵਿਸ਼ਲੇਸ਼ਣ ਕਰਦੇ ਹਨ। ਇਨ੍ਹਾਂ ਵਿੱਚ Push-Pu ਸਿਧਾਂਤ ਰਾਹੀਂ ਪਰਵਾਸ ਦੇ ਕਾਰਨਾ ਦਾ ਬਹੁਤ ਸਾਰੇ ਵਿਦਵਾਨਾਂ ਨੇ ਵਿਸ਼ਲੇਸ਼ਣ ਕਰਦੇ ਹੋਏ, ਪਰਵਾਸ ਨੂੰ ਇਨ੍ਹਾਂ ਦੋ ਸ਼ਕਤੀਆਂ ਦੇ ਅਨੁਸਾਰ ਹੀ ਸਮਝਣ ਦਾ ਯਤਨ ਕੀਤਾ ਹੈ। ਪਹਿਲੀ ਸ਼ਕਤੀ ਦੇ ਅਨੁਸਾਰ ਹੀ ਸਮਝਣ ਦਾ ਯਤਨ ਕੀਤਾ ਹੈ। ਪਹਿਲੀ ਸ਼ਕਤੀ ਨੇ ਉਨ੍ਹਾਂ ਤਾਕਤਾਂ ਦਾ ਸਮੂਹ ਮੰਨਿਆ ਜਾਂਦਾ ਹੈ ਜੋ ਆਦਮੀ ਨੂੰ ਇਕ ਜਗ੍ਹਾ ਤੋਂ ਧੱਕਦੀਆਂ ਹਨ; ਜਿਵੇਂ ਬੇਰੁਜ਼ਗਾਰੀ, ਗ਼ਰੀਬੀ, ਸਮੁਦਾਇ ਤੋਂ ਉਦਾਸੀਨਤਾ, ਯੁੱਧ, ਸਰਕਾਰੀ ਨੀਤੀ, ਦੇਸ਼-ਵੰਡ ਆਦਿ ਕੁੱਝ ਅਜਿਹੀਆਂ ਹਾਲਤਾਂ ਹੋ ਸਕਦੀਆਂ ਹਨ ਜੋ ਇਨਸਾਨ ਨੂੰ ਪਰਵਾਸ ਧਾਰਨ ਕਰਨ ਲਈ ਪ੍ਰੇਰਿਤ ਕਰ ਸਕਦੀਆਂ ਹਨ। ਦੂਸਰੀ ਸ਼ਕਤੀ ਅਨੁਸਾਰ ਪਰਵਾਸ ਲਈ ਚੁਣੀ ਜਗ੍ਹਾ ਵਿਚ ਕੋਈ ਖਿੱਚ ਹੁੰਦੀ ਹੈ ਜੋ ਇਨਸਾਨ ਨੂੰ ਆਪਣੇ ਪ੍ਰਤਿ ਆਕਰਸ਼ਿਤ ਕਰਕੇ ਪਰਵਾਸ ਧਾਰਨ ਕਰਨ ਲਈ ਰੁਚਿਤ ਕਰਦੀ ਹੈ; ਜਿਵੇਂ ਰੁਜ਼ਗਾਰ ਮਿਲਣ ਤੇ ਛੇਤੀ ਅਮੀਰ ਹੋਣ ਦੀ ਸੰਭਾਵਨਾ, ਵਧੀਆਂ ਲੋਕ, ਉਚੇਰੀਆਂ ਸੁੱਖ-ਸੁਵਿਧਾਵਾਂ ਸਮਾਜ ਅਤੇ ਜੀਵਨ ਦੀ ਇੱਛਾ। ਇਸ ਤੋਂ ਅੱਗੇ, ਕੁੱਝ ਮਾਨਵ-ਵਿਗਿਆਨੀਆਂ ਜਿਨ੍ਹਾਂ ਨੇ ਕਿ ਵਿਭਿੰਨ ਸਮੁਦਾਇ ਦੇ ਇਤਿਹਾਸ ਦਾ ਪੁਨਰ-ਨਿਰਮਾਣ ਕੀਤਾ, ਨੇ ਇਹ ਧਾਰਨਾ ਪ੍ਰਸਤੁਤ ਕੀਤੀ ਕਿ ਇਨ੍ਹਾਂ ਦੋਹਾਂ ਸ਼ਕਤੀਆਂ ਰਾਹੀਂ ਸਾਰੇ ਪ੍ਰਾਸੰਗਿਕ ਪੱਖਾਂ ਨੂੰ ਸ਼੍ਰੇਣੀਬੱਧ ਕਰਨਾ ਸੰਭਵ ਨਹੀਂ। ਇਸ ਸੰਬੰਧੀ ਜੇਮਜ਼ ਐਲ. ਵਾਟਸਨ ਨੇ ਵੀ ਸਾਨ ਦਿਨ ਪਿੰਡ ਦੀ ਉਦਾਹਰਣ ਪ੍ਰਸਤੁਤ ਕੀਤੀ ਜਿੱਥੇ ਕਿ ਸਾਰੀਆਂ ਨੇ ਪਰਵਾਸ ਧਾਰਨ ਕੀਤਾ ਅਤੇ ਚਰਚਾ ਅਧੀਨ ਸਿਧਾਂਤ ਨੇ ਉਨ੍ਹਾਂ ਨੂੰ ਪੂਰਵਜਾਂ ਦੀ ਨਿਸਬਤ ਘੱਟ ਪ੍ਰਭਾਵਿਤ ਕੀਤਾ ਇਸ ਤਰ੍ਹਾਂ ਯੂਰਪੀਨ ਜਿਪਸੀਆਂ ਅਤੇ ਭਾਰਤੀ ਬਣਜਾਰਿਆਂ ਉੱਪਰ ਵੀ ਇਸ ਸਿਧਾਂਤ ਨੂੰ ਲਾਗੂ ਨਹੀਂ ਕੀਤਾ ਜਾ ਸਕਦਾ।

ਡਾ. ਅਕਾਲ ਅੰਮ੍ਰਿਤ ਕੌਰ ਦਾ ਮੱਤ ਹੈ ਕਿ, "1789 ਈ. ਦੀ ਫ਼ਰਾਂਸ ਕ੍ਰਾਂਤੀ ਯੂਰਪੀ ਇਤਿਹਾਸ ਵਿਚ ਇਕ ਅਜਿਹੀ ਘਟਨਾ ਦੇ ਰੂਪ ਵਿਚ ਉਭਰਦੀ ਹੈ। ਜਿਸਨੇ ਸਮੁੱਚ ਯੂਰਪ ਨੂੰ ਪ੍ਰਭਾਵਿਤ ਕੀਤਾ।

ਇਸ ਕ੍ਰਾਂਤੀ ਨੇ ਯੂਰਪੀ ਸਮਾਜ ਦੇ ਪੁਰਾਤਨ ਸਾਮੰਤਵਾਦੀ ਯੁੱਗ ਨੂੰ ਝੰਜੋੜ ਕੇ ਰੱਖ ਦਿੱਤਾ ਇਹ ਸਮਾਜ ਦੇ ਪ੍ਰਮੁੱਖ ਵਰਗਾਂ ਵਿਚ ਵਿਭਾਜਿਤ ਸੀ। ਪਹਿਲਾਂ ਸਾਮੰਤ ਵਰਗ ਉੱਚ-ਵਰਗ ਸੀ ਜਿਸ ਕੋਲ ਸਮੁੱਚੀਆਂ ਸ਼ਕਤੀਆਂ ਦੀ ਮਾਲਕੀ ਸੀ ਪਰੰਤੂ ਦੂਸਰਾ ਵਰਗ ਤਰਸਯੋਗ ਜੀਵਨ ਹਾਲਤਾਂ ਦਾ ਸ਼ਿਕਾਰ ਸੀ ਇਸ ਨਿਮਨ-ਵਰਗ ਨੂੰ ਉਜਰਤ ਤੋਂ ਵੀ ਵਧੇਰੇ ਕਰ ਅਦਾ ਕਰਨਾ ਪੈਂਦੇ ਸਨ। ਇਸ ਸਮੇਂ ਦੇ ਦੌਰਾਨ ਹੀ ਯੂਰਪੀ ਦੇਸ਼ਾਂ ਦੇ ਆਪਸੀ ਮਤਭੇਦ ਉਜਾਗਰ ਹੁੰਦੇ ਹਨ। ਯੂਰਪੀ ਸਾਜ ਵਿਚ 1789 ਈ. 1830 ਈ. ਅਤੇ 1848 ਈ. ਦੇ ਵਿਦਰੋਹਾਂ ਨੇ ਇਕ ਨਵੀਂ ਚੇਤਨਾ ਨੂੰ ਜਨਮ ਦਿੰਦੇ ਹੋਏ ਸਥਾਨਕ ਵਸਨੀਕਾਂ ਦੀ ਸੋਚ ਵਿੱਚ ਪਰਿਵਰਤਨ ਲਿਆਂਦਾ। ਯੂਰਪ ਦੀ ਰਾਜਨੀਤੀ ਵਿੱਚ ਬਰਤਾਨੀਆ, ਫਰਾਂਸ ਤੇ ਜਰਮਨੀ ਵੀ ਸਰਗਰਮੀ ਨਾਲ ਕਾਰਜਸ਼ੀਲ ਹੋਈ। ਇਹ ਉਹ ਸਮਾਂ ਸੀ ਜਦੋਂ ਬਰਤਾਨਵੀ ਸਾਮਰਾਜ ਦੀ ਸਥਾਪਤੀ ਲਈ ਯਤਨ ਆਰੰਭ ਹੋ ਗਏ ਸਨ। ਯੂਰਪੀ ਲੋਕਾਂ ਨੇ ਸਾਰੇ ਸੰਸਾਰ ਦੇ ਵਿਭਿੰਨ ਮਹਾਂਦੀਪਾਂ ਵਿਚ ਬਸਤੀਆਂ ਦੀ ਸਥਾਪਨਾ ਕਰ ਲਈ ਅਸਲ ਵਿਚ ਸਤਾਰਵੀਂ ਸਦੀ ਨਾਲ ਸੰਬੰਧਿਤ ਇਨ੍ਹਾਂ ਦਾ ਪਰਵਾਸ ਵਪਾਰਕ ਅਤੇ ਉਪਨਿਵੇਸ਼ ਦੋਹਾ ਦੀ ਸਥਾਪਤੀ ਨਾਲ ਜੋੜਿਆ ਹੋਇਆ ਸੀ।

ਬਸਤੀਵਾਦੀ ਪਰਿਪੇਖ-ਬਸਤੀਵਾਦੀ ਪਰਿਪੇਖ ਵਿਚ ਇਹ ਦੇਖਣਾ ਵੀ ਲਾਜ਼ਮੀ ਬਣ ਜਾਂਦਾ ਹੈ ਕਿ ਭਾਰਤੀਆਂ ਪੰਜਾਬੀਆਂ ਦੀ ਪਰਵਾਸ ਪ੍ਰਕਿਰਿਆ ਨੂੰ ਇਸਨੇ ਕਿਵੇਂ ਪ੍ਰਭਾਵਿਤ ਕੀਤਾ। ਅਸਲ ਵਿੱਚ ਪੰਜਾਬੀਆਂ ਦੁਆਰਾ ਪਰਵਾਸ ਧਾਰਨ ਕਰਨ ਦੀ ਪ੍ਰਕਿਰਿਆ ਦਾ ਸੰਬੰਧ ਵੀਹਵੀਂ ਸਦੀ ਦੇ ਆਰੰਭ ਨਾਲ ਜਾ ਜੁੜਦਾ ਹੈ। ਇਸ ਸੰਬੰਧੀ ਡਾ. ਸ. ਪ. ਸਿੰਘ ਦੇ ਵਿਚਾਰ ਹਨ, “ਵੀਹਵੀਂ ਸਦੀ ਦੇ ਆਰੰਭ ਤੋਂ ਪੰਜਾਬੀਆਂ ਨੇ ਰੁਜ਼ਗਾਰ ਦੀ ਤਲਾਸ਼ ਅਤੇ ਵਧੇਰੇ ਆਰਥਿਕ ਵਸੀਲਿਆਂ ਦੀ ਪ੍ਰਾਪਤੀ ਖ਼ਾਤਿਰ ਭਿੰਨ-ਭਿੰਨ ਦੇਸ਼ਾਂ ਵਿਚ ਜਾਣਾ ਸ਼ੁਰੂ ਕਰ ਦਿੱਤਾ। ਸੁਭਾਅ ਦੇ ਤੌਰ ‘ਤੇ ਮਿਹਨਤੀ, ਸਿਰੜੀ ਅਤੇ ਮੁਸ਼ਕਲਾਂ ਦਾ ਟਾਕਰਾ ਕਰਨ ਦੇ ਸਮਰੱਥ ਹੋਣ ਕਾਰਨ ਪੰਜਾਬੀ ਸਖ਼ਤ ਤੋਂ ਸਖ਼ਤ ਕੰਮ ਕਰਨ ਤੋਂ ਗੁਰੇਜ਼ ਨਹੀਂ ਕਰਦੇ ਸਨ ਇਸ ਤਰ੍ਹਾਂ ਬਰ੍ਹਮਾ, ਸਿਆਮ, ਮਲਾਇਆ, ਸਿੰਘਾਪੁਰ ਆਦਿ ਗਵਾਂਢੀ ਦੇਸ਼ਾਂ ਵਿਚ ਅਤੇ ਕੈਨੇਡਾ ਤੇ ਅਮਰੀਕਾ ਆਦਿ ਦੂਰ ਦੇਸ਼ਾਂ ਵਿਚ ਪੰਜਾਬੀ ਪਹੁੰਚ ਗਏ। ਪੰਜਾਬੀਆਂ ਦੀ ਪਰਵਾਸ ਪ੍ਰਕਿਰਿਆ ਦੀ ਪਿੱਠਭੂਮੀ ਵਿਚ ਵਿਭਿੰਨ ਆਰਥਿਕ, ਸਮਾਜਕ ਤੇ ਰਾਜਨੀਤਕ ਕਾਰਨ ਵੀ ਨਿਹਿਤ ਹਨ ਜਿਨ੍ਹਾਂ ਨੇ ਇਸ ਪ੍ਰਕਿਰਿਆ ਵਿਚ ਪ੍ਰਮੁੱਖ ਪ੍ਰੇਰਕ ਦੀ ਭੂਮਿਕਾ ਅਦਾ ਕੀਤੀ। ਇਹ ਪਰਵਾਸ ਬਰਤਾਨੀਆ ਦੇ ਬਸਤੀਵਾਦੀ ਪਰਿਪੇਖ ਨਾਲ ਵੀ ਸੰਬੰਧ ਰੱਖਦਾ ਹੈ। ਯੂਰਪ ਦੇ ਮੁਕਾਬਲੇ ਵਿੱਚ ਭਾਰਤੀ ਮੰਡੀਆਂ ਦੀ ਕਾਰੋਬਾਰੀ ਸਿਖਰਾਂ ਤੇ ਸੀ। ਨਵੀਆਂ ਮਸ਼ੀਨਾਂ ਭਾਰਤੀ ਦਸਤਕਾਰੀ ਦਾ ਮੁਕਾਬਲਾ ਕਰਨ ਦੇ ਅਜੇ ਸਮਰਥ ਨਹੀਂ ਹੋਈਆਂ ਸਨ। ਅੰਮ੍ਰਿਤਸਰ ਦੇ ਦਸਤਕਾਰ ਸੂਤੀ ਤੇ ਰੇਸ਼ਮੀ ਕੱਪੜੇ ਬੁਣਨ ਵਿਚ ਪੂਰੀ ਤਰ੍ਹਾਂ ਨਿਪੁੰਨ ਸਨ। ਇਨ੍ਹਾਂ ਦੀ ਮਿਹਨਤ ਨੇ ਹੀ ਬਰਤਾਨੀਆਂ ਦੀ ਸਮੁੱਚੀ ਕੱਪੜੇ ਦੀ ਸਨਅਤ ਨੂੰ ਪੈਰਾਂ ਤੇ ਖੜ੍ਹਾ ਕੀਤਾ। ਬਰਤਾਨੀਆਂ ਨੇ ਆਪਣੀ ਕੱਪੜੇ ਦੀ ਸਨਅਤ ਨੂੰ ਵਿਕਸਿਤ ਕਰਨ ਲਈ ਭਾਰਤੀ ਹੁਨਰਮੰਦ ਕਾਰੀਗਰਾਂ ਨੂੰ ਉਥੇ ਵਸਾਇਆ ਇਸ ਤੋਂ ਇਲਾਵਾ ਪੰਜਾਬ ਵਿਚ ਬਰਤਾਨਵੀ ਰਾਜ ਦੀ ਸਥਾਪਤੀ ਨਾਲ ਇੱਥੋਂ ਦੀ ਕਿਰਸਾਨੀ ਵਿਚ ਵੱਡੇ ਪੱਧਰ ‘ਤੇ ਪਰਿਵਰਤਨ ਵਾਪਰੇ। ਪੰਜਾਬ ਵਿਚ ਸਾਂਝੀ ਮਾਲਕੀ ਦੀ ਵਿਵਸਥਾ ਦੀ ਜਗ੍ਹਾ ਨਿਜੀ ਮਾਲਕੀ ਵਾਲੀ ਵਿਵਸਥਾ ਸਥਾਪਿਤ ਹੋਈ। ਇਸ ਨਿਜੀ ਮਾਲਕੀ ਵਾਲੀ ਵਿਵਸਥਾ ਕਾਰਨ ਬਾਣੀਆ ਤੇ ਸ਼ਾਹੂਕਾਰ ਦੇ ਕਿਸਾਨ ਉੱਪਰ ਨਿਰਭਰਤਾ ਵਾਲੇ ਸੰਬੰਧ ਨੂੰ ਠੇਸ ਪਹੁੰਚੀ

ਕਿਉਂਕਿ ਬਰਤਾਨਵੀ ਨੀਤੀਆਂ ਅਨੁਸਾਰ ਖੇਤੀਬਾੜੀ ਵਿਚਲੇ ਸੁਧਾਰਾਂ ਕਾਰਨ ਜਿਨਸ ਦੀ ਪੈਦਾਵਾਰ ਵਧੀ ਅਤੇ ਜ਼ਮੀਨਾਂ ਦੀਆਂ ਕੀਮਤਾਂ ਵੀ, ਜਿਸਦੇ ਫਲਸਰੂਪ ਜ਼ਮੀਨ ਦੀ ਖਰੀਦ-ਵੇਚ ਆਰੰਭ ਹੋਈ। ਇਸਦਾ ਲਾਭ ਕਿਸਾਨ ਨੂੰ ਨਹੀਂ ਬਲਕਿ ਸ਼ਾਹੂਕਾਰ ਤੇ ਬਾਣੀਏ ਨੂੰ ਹੋਇਆ ਜ਼ਮੀਨ ਦਾ ਮਾਮਲਾ ਇੰਨਾ ਜ਼ਿਆਦਾ ਸੀ ਕਿ ਪੰਜਾਬ ਦਾ ਕਿਸਾਨ ਇਸਨੂੰ ਚੁਕਾਉਣ ਦੇ ਸਮਰੱਥ ਨਹੀਂ ਸੀ ਫ਼ਲਸਰੂਪ ਉਸਨੂੰ ਜ਼ਮੀਨ ਤੋਂ ਹੌਲੀ-ਹੌਲੀ ਹੱਥ ਧੋਣਾ ਪਿਆ ਤੇ ਸਥਿਤੀ ਕੰਗਾਲ ਹੋਣ ਤਕ ਪਹੁੰਚ ਗਈ ਬਾਣੀਆ-ਸ਼੍ਰੇਣੀ ਨੇ ਚਾਰ ਪਾਸਿਓਂ ਉਸਦੀ ਲੁੱਟ ਕੀਤੀ। ਅੰਗਰੇਜ਼ਾਂ ਦੁਆਰਾ ਬਾਰਾਂ ਵਸਾਉਣ ਨੇ ਨਹਿਰੀ ਪਾਣੀ ਦਾ ਪ੍ਰਬੰਧ ਹੋ ਜਾਣ ਦੇ ਬਾਵਜੂਦ ਇਨ੍ਹਾਂ ਕਿਸਾਨਾਂ ਦੀ ਸਥਿਤੀ ਵਿਚ ਕੋਈ ਸੁਧਾਰ ਨਾ ਹੋ ਸਕਿਆ। ਅਜਿਹੀਆਂ ਕਠਿਨ ਪਰਿਸਥਿਤੀਆਂ ਵਿਚ ਕਿਸਾਨਾਂ ਤੋਂ ਵਾਇਦਾ ਉਠਾਉਂਦੇ ਹੋਏ ਅੰਗਰੇਜ਼ੀ ਸਾਮਰਾਜ ਨੇ ਉਨ੍ਹਾਂ ਨੂੰ ਏਸ਼ੀਆਈ ਤੇ ਅਫਰੀਕੀ ਬਸਤੀਆਂ ਵਿੱਚ ਫ਼ੌਜ ਤੇ ਪੁਲਿਸ ਵਿਚ ਭਾਰਤੀ ਕਰਨਾ ਆਰੰਭ ਕੀਤਾ। ਇਸ ਤੋਂ ਇਲਾਵਾ ਉਨ੍ਹਾਂ ਨੂੰ ਜੋ ਵੀ ਕੰਮ ਮਿਲਿਆ ਉਹ ਕਰਨ ਲਈ ਮਜਬੂਰ ਸਨ।

ਡਾ. ਜੀ. ਐਸ. ਅਰੋੜਾ ਅਨੁਸਾਰ, "ਕੀਨੀਆ-ਯੁਗਾਂਡਾ ਰੇਲਵੇ ਲਾਈਨ ਦੀ ਉਸਾਰੀ ਵਿਚ ਵੀ ਪੰਜਾਬੀ ਠੇਕੇਦਾਰਾਂ ਅਤੇ ਨੌਕਰੀਆਂ ਕਰਨ ਵਾਲਿਆਂ ਦੇ ਤਜ਼ਰਬੇ ਨੂੰ ਇਸਤੇਮਾਲ ਕੀਤਾ ਗਿਆ। ਇਨ੍ਹਾਂ ਵਿੱਚ ਪੰਜਾਬੀ ਮੁਸਲਿਮ ਵੀ ਸ਼ਾਮਿਲ ਸਨ। ਹਰੀਸ਼ ਪੁਰੀ ਦੇ ਕਥਨ ਅਨੁਸਾਰ, ਕਾਲ, ਬੀਮਾਰੀਆਂ ਖ਼ਾਸ ਤੌਰ 'ਤੇ ਪਲੇਗ ਦੀ ਮਹਾਂਮਾਰੀ ਤੇ ਗ਼ਰੀਬ ਕਿਰਸਾਨੀ ਨੂੰ ਆਮ ਤੌਰ ਤੇ ਪੰਜਾਬੀਆਂ ਦੇ ਪਰਵਾਸ ਦੇ ਮੁੱਖ ਸਮਾਜਕ ਕਾਰਨ ਮੰਨਿਆ ਜਾਂਦਾ ਹੈ। 1907 ਈ. ਵਿਚ ਤੱਤ ਇੱਕ ਰਿਪੋਰਟ ਵਿਚ ਦਰਸਾਇਆ ਗਿਆ ਕਿ ਪਲੇਗ ਇਕੱਲੀ ਹੀ ਇਕ ਹਫ਼ਤੇ ਵਿੱਚ 60,000 ਪੰਜਾਬੀਆਂ ਦੀ ਮੌਤ ਦਾ ਕਾਰਨ ਬਣੀ"। ਪੰਜਾਬੀਆਂ ਦੇ ਪਰਵਾਸ ਅਤੇ ਕਾਰਨਾਂ ਦੇ ਸੰਦਰਭ ਵਿਚ ਹੀਰਾ ਸਿੰਘ ਦਰਦ ਦੀ ਟਿੱਪਣੀ ਮਹੱਤਵਪੂਰਨ ਹੈ। ਉਸ ਅਨੁਸਾਰ, "ਵੀਹਵੀਂ ਸਦੀ ਦੇ ਆਰੰਭ ਵਿਚ ਪੰਜਾਬ ਦੇ ਰਾਜਸੀ ਤੇ ਆਰਥਿਕ ਕਾਰਨਾਂ ਕਰਕੇ ਹਜ਼ਾਰਾਂ ਪੰਜਾਬੀ ਕਿਸਾਨਾਂ ਨੂੰ ਮਜ਼ਦੂਰੀਆਂ ਕਰਕੇ ਆਪਣਾ ਪੇਟ ਪਾਲਣ, ਕਰਜ਼ੇ ਉਤਾਰਨ ਤੇ ਜੀਵਨ ਨੂੰ ਖੁਸ਼ਹਾਲ ਬਨਾਉਣ ਲਈ ਪ੍ਰਦੇਸ਼ ਵੱਲ ਧੱਕ ਕੇ ਬਾਹਰ ਕੱਢਿਆ। ਇਨ੍ਹੀਂ ਦਿਨੀਂ ਅਮਰੀਕਾ ਤੇ ਕੈਨੇਡਾ ਵਿਚ ਸਰਮਾਇਦਾਰੀ ਢੰਗ ਉੱਤੇ ਨਵੀਆਂ ਜ਼ਮੀਨਾ ਆਬਾਦ ਹੋ ਰਹੀਆ ਸਨ। ਸਰਮਾਇਦਾਰਾ ਢੰਗ ਉੱਤੇ ਨਵੀਆਂ ਜ਼ਮੀਨਾਂ ਆਬਾਦ ਹੋ ਰਹੀਆਂ ਸਨ ਸਰਮਾਇਦਾਰਾਂ ਲਈ ਸਸਤੇ, ਮਜ਼ਬੂਤ ਤੇ ਚੰਗੇ ਕਾਮੇ ਮਜੂਰਾਂ ਦੀ ਲੋੜ ਤੇ ਉੱਥੇ ਪੰਜ ਛੇ-ਛੇ ਰੁਪਏ ਰੋਜ਼ਾਨਾ ਦੀ ਮਜੂਰੀ ਦੀ ਸੂਹ ਲੱਗੀ ਤਾਂ ਉਨ੍ਹਾਂ ਨੇ ਉਧਰ ਨੂੰ ਵਹੀਰਾਂ ਘੱਤ ਦਿੱਤੀਆਂ। 1906 ਤੋਂ 1913 ਤੱਕ ਲਗਭਗ ਪੰਜ ਹਜਾਰ ਪੰਜਾਬੀ ਕਿਸਾਨ ਕਨੇਡਾ ਵਿਚ ਭਾਰਤ ਦੇ ਹੋਰ ਪ੍ਰਾਂਤਾਂ ਦੇ ਕੁੱਝ ਲੋਕ ਵੀ ਗਏ ਪਰ ਉਨ੍ਹਾਂ ਦੀ ਗਿਣਤੀ ਪੰਜਾਬੀ ਕਿਸਾਨਾਂ ਵਿਚ ਸਮਾਂ ਨਿਗੂਣੀ ਫੀਸਦੀ ਹੋਵੇਗੀ ਪੰਜਾਬੀ ਕਿਸਾਨ ਮਜੂਰਾਂ ਤਾਂ ਬਿਨਾਂ ਇਨ੍ਹਾਂ ਵਿੱਚ ਕੁੱਝ ਹਿੰਦੀ ਪਰਚਾਰਕ, ਵਿਦਿਆਰਥੀ ਤੇ ਵਪਾਰੀ ਵੀ ਸਨ। ਪਰਵਾਸੀ ਪੰਜਾਬੀ ਸਾਹਿਤ ਦੇ ਮੂਲ ਸਰੋਤ ਪੰਜਾਬ ਦੀ ਵੰਡ ਨਾਲ ਵੀ ਜੁੜੇ ਹੋਏ ਹਨ। ਦੇਸ਼ ਦੀ ਵੰਡ ਮਗਰੋਂ ਲੁੱਟ-ਪੁੱਟ ਕੇ ਵਤਨ ਬੇਵਤਨ ਹੋ ਗਏ ਤੇ ਉਹਨਾਂ ਦਾ ਸਭ ਕੁੱਝ ਪਾਕਿਸਤਾਨ ਵਿਚ ਰਹਿ ਗਿਆ ਹੈ। ਇਸ ਆਰਥਿਕ ਲੋੜਾਂ ਨੂੰ ਪੂਰਾ ਕਰਨ ਦੀ ਅਣਥੱਕ ਕੋਸ਼ਿਸ਼ ਕੀਤੀ। ਇਸੇ ਵਿਚੋਂ ਹੀ ਪਰਵਾਸ ਨਾਲ ਬਾਵਸਤਾ ਸਮੱਸਿਆਵਾਂ ਨਾਲ ਵੀ ਉਹਨਾਂ ਦਾ ਡੂੰਘਾ ਵਾਹ ਪਿਆ ਜਿਵੇਂ ਰਵੇ, ਉਦਰੇਵੇਂ, ਨਸਲੀ ਵਿਤਕਰੇ ਦੀ ਸਮੱਸਿਆ ਆਦਿ।

ਪ੍ਰੋ. ਦੇਵਿੰਦਰ ਸਿੰਘ ਲਿਖਦੇ ਹਨ ਕਿ, ਅਸੀਂ ਜਾਣਦੇ ਹਾਂ ਕਿ ਪੰਜਾਬੀ ਆਪਣੀ ਮਿਹਨਤ ਸਦਕਾ ਪੰਜਾਬ ਤੋਂ ਬਾਹਰ ਜਾ ਵੱਸੇ ਅਤੇ ਦੇਸ਼ ਤੋਂ ਬਾਹਰ ਵੀ। 1947 ਈ. ਤੋਂ ਪਹਿਲਾਂ ਉਸ ਦੀ ਦੂਸਰੇ ਦੇਸ਼ਾਂ ਵਿਚ ਹਿਜ਼ਰਤ ਦੇ ਪ੍ਰਮਾਣ ਮੌਜੂਦ ਹਨ ਅਤੇ ਇਸੇ ਦੌਰ ਵਿੱਚ ਉਹ ਆਪਣੀ ਮਿਹਨਤਕਸ਼ੀ ਤੇ ਹਿੰਮਤ ਸਦਕਾ, ਬਾਹਰਲੇ ਦੇਸ਼ਾਂ ਦੀ ਆਰਥਿਕਤਾ ਨੂੰ ਸੁਦ੍ਰਿੜ, ਕਰਨ ਵਿੱਚ ਮੱਦਦਗਾਰ ਹੋਇਆ ਹੈ। 1947 ਦੀ ਵੰਡ ਨੇ ਖਾਸ ਕਰਕੇ ਪੰਜਾਬ ਦੇ ਲੋਕਾਂ ਨੂੰ ਦੋ ਹਿੱਸਿਆ ਵਿੱਚ ਵੰਡਿਆ ਅਤੇ ਸਿੱਟੇ ਵਜੋਂ ਭਾਰਤ ਤੇ ਪੰਜਾਬ ਦੇ ਪਾਕਿ-ਪੰਜਾਬ ਦਾ ਸੰਕਲਪ ਸਾਡੇ ਸਾਹਮਣੇ ਆਇਆ ਪਰੰਤੂ ਅਜੇ ਵੀ ਪਾਕਿ-ਪੰਜਾਬ ਦੇ ਸਾਹਿਤਕਾਰਾਂ ਨੂੰ ਅਸੀਂ ਆਪਣੇ ਤੋਂ ਵੱਖ ਨਹੀਂ ਮੰਨਦੇ, ਕਿਉਂਕਿ ਸਭਿਆਚਾਰਕ, ਮਾਨਸਿਕ ਆਦਿ ਪੱਖਾਂ ਤੋਂ ਅਸੀਂ ਉਹਨਾਂ ਨਾਲ ਹੀ ਜੁੜੇ ਰਹਿਣ ਲਈ ਜਜ਼ਬਾਤੀ ਹਾਂ ਜਦ ਕਿ ਹਕੀਕਤਨ ਪਾਕਿਸਤਾਨੀ ਪੰਜਾਬੀ ਸਾਹਿਤ ਦੀ ਆਪਣੀ ਵੱਖਰੀ ਹੋਂਦ ਦੀ ਸਥਾਪਤੀ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। 1947 ਤੋਂ ਪਹਿਲਾਂ ਦੀ ਪੰਜਾਬੀਆਂ ਦੀ ਹਿਜ਼ਰਤ (ਜਿਸ ਵਿੱਚ ਹਿੰਦੂ, ਮੁਸਲਿਮ, ਸਿੱਖ ਮਾਰੇ ਆ ਜਾਂਦੇ ਹਨ) ਕੇਵਲ ਮਿਹਨਤ-ਮੁਸ਼ੱਕਤ ਅਤੇ ਮਜ਼ਬੂਰੀ ਤੱਕ ਸੀਮਿਤ ਰਹੀ ਅਤੇ ਇਸ ਥੱਕ ਟੁੱਟ ‘ਚ ਉਹਨਾਂ ਨੂੰ ਆਪਣੇ ਬਦੇਸ਼ੀ ਹੋਣ ਦਾ ਆਭਾਸ ਨਹੀਂ ਸੀ। ਕਸ਼ਮੀਰ ਜਾਂ ਯੂ. ਪੀ., ਬਿਹਾਰ ਦੇ ਮਜ਼ਦੂਰਾਂ ਵਾਂਗ ਆਰਥਿਕਤਾ ਉਹਨਾਂ ਦੀ ਪ੍ਰਾਥਮਿਕਤਾ ਸੀ। ਉਂਝ ਵੀ ਇਹ ਵਰਗ ਮੁੱਖ ਰੂਪ ਵਿਚ ਅਨਪੜ੍ਹ ਅਤੇ ਸਾਹਿਤਕ ਸੂਝ ਤੋਂ ਵਾਂਝਾ ਸੀ। ਪਰੰਤੂ 1960 ਈ. ਤੋਂ ਬਾਅਦ ਪੰਜਾਬ ਵਿਚੋਂ ਜੋ ਹਿਜ਼ਰਤ ਹੋਈ ਉਸ ਵਿਚ ਪੜ੍ਹੇ ਲਿਖੇ ਪੰਜਾਬੀ ਵਧੇਰੇ ਸਨ। ਨਿਸ਼ਚੇ ਹੀ ਭਾਵੇਂ ਉਨ੍ਹਾਂ ਦੀ ਹਿਜਰਤ ਦਾ ਮੁੱਖ ਮਨੋਰਥ ਵੀ ਆਰਥਿਕ ਖੁਸ਼ਹਾਲੀ ਹੀ ਸੀ, ਪਰੰਤੂ ਉਹ ਆਪਣੇ ਸਵੈ ਤੋਂ ਏਨੇ ਚੇਤੰਨ ਸਨ ਕਿ ਬਦੇਸ਼ੀਆਂ ਦੇ ਵੱਸ ਵਿਚ ਉਹਨਾਂ ਆਪਣੇ-ਆਪ ਨੂੰ ਬਣੇ ਮਹਿਸੂਸ ਕੀਤਾ। ਪਰੋਫੈਸ਼ਨ ਵਿਚ ਉਹ ਪੱਛਮੀ ਲੋਕਾਂ ਦੇ ਆੜੀ ਸਨ। ਇਸੇ ਲਈ ਅਧੀਨਗੀ ਦੀ ਥਾਂ ਉਹ ਸਵੈ-ਅਭਿਮਾਨ ਚਾਹੁੰਦੇ ਸਨ ਅਤੇ ਇਹਨਾਂ ਦੇ ਇਸ ਸਵੈ-ਅਭਿਮਾਨ ਨੇ ਉਥੋਂ ਦੇ ਵਾਸੀਆਂ ਦੇ ਮਨਾਂ ਦੇ ਉਸ ਭਰਮ ਨੂੰ ਤੋੜਿਆ, ਜੋ ਮਿਹਨਤ ਮਜਦੂਰੀ ਵਾਲੇ ਪੰਜਾਬੀਆਂ ਨੇ ਦਿੱਤਾ ਸੀ। ਇਸੇ ਲਈ ਅਸੀਂ ਬਦੇਸ਼ਾਂ ਵਿਚ ਵੱਸੇ ਪੰਜਾਬੀਆਂ ਦੀਆਂ ਦੋ ਪੀੜ੍ਹੀਆਂ ਬਣ ਲੈਂਦੇ ਹਾਂ:

(ੳ) 1960 ਈ. ਤੋਂ ਪਹਿਲਾਂ ਦੀ ਪੀੜ੍ਹੀ ਜੋ ਬਦੇਸ਼ਾਂ ਦੇ ਸੰਕਲਪ ਤੋਂ ਵਧੇਰੇ ਕਰਕੇ ਅਚੇਤ ਸੀ। ਮਿਹਨਤ-ਮਜ਼ਦੂਰੀ ਵਿਚ ਥੱਕ-ਟੁੱਟ ਕੇ, ਉਹ ਦੇਸ਼ ਭੁੱਲੇ ਰਹਿੰਦੇ। ਅਨਪੜ੍ਹਤਾ ਤੇ ਸਾਹਿਤ-ਚੇਟਕ ਦੀ ਕਮੀ ਕਾਰਨ ਸਾਹਿਤ ਸਿਰਜਨਾ ਉਹਨਾਂ ਦਾ ਮੰਤਵ ਨਾ ਰਿਹਾ। ਪਰੰਤੂ ਐਸੀ ਘੁਟਨ ਨਾਲ ਉਹਨਾਂ ਦੀ ਮਾਨਸਿਕਤਾ ਵਿਚ ਉੱਥੋਂ ਦੀ ਗੁਲਾਮੀ ਅਵੱਸ਼ ਆਈ ਸੀ ਜੋ ਗ਼ਦਰ ਲਹਿਰ ਦੇ ਰੂਪ ਵਿਚ ਉੱਭਰ ਕੇ ਸਾਹਮਣੇ ਆਈ।

(ਅ) 1960 ਈ. ਤੋਂ ਬਾਅਦ ਦੀ ਪੀੜ੍ਹੀ ਜੋ ਬਦੇਸ਼ ਵਿਚ ਰਹਿ ਕੇ ਵੀ ਆਪਣੇ ਹੱਕਾਂ ਪ੍ਰਤਿ ਜਾਗਰੂਕ ਸੀ ਅਤੇ ਉੱਥੋਂ ਦੇ ਸਥਾਈ ਵਸਨੀਕਾਂ ਦੀ ਕਿਸੇ ਤਰ੍ਹਾਂ ਦੀ ਕੀਤੀ ਹੱਤਕ ਨੂੰ ਸਵੈ-ਅਭਿਮਾਨ ਨਾਲ ਜੋੜ ਕੇ ਉਸ ਉੱਪਰ ਰੋਹ ਪ੍ਰਗਟ ਕਰਦੀ ਹੈ। ਇਸ ਲਈ ਉਹਨਾਂ ਦੀਆਂ ਸਿਮ੍ਰਤੀਆਂ ਵਿਚ ਦੇਸ਼ ਪ੍ਰਤੀ ਮੋਹ ਤੇ ਪਰਦੇਸ ਨਾਲ ਤਕਰਾਰ ਸੁਭਾਵਿਕ ਸੀ।

ਇਸ ਤਰ੍ਹਾਂ ਇਹਨਾਂ ਦੋਹਾਂ ਪੀੜ੍ਹੀਆਂ ਦਾ ਪਰਵਾਸੀ ਪੰਜਾਬੀ ਸਾਹਿਤ ਸਿਰਜਣ ਵਿਚ ਸੁਚੇਤ ਜਾਂ ਅਚੇਤ ਉਪਾਅ ਯੋਗਦਾਨ ਹੈ। ਪਹਿਲੀ ਪੀੜ੍ਹੀ ਨੇ ਹੀ ਅਸਲ ਵਿੱਚ ਦੂਜੀ ਪੀੜ੍ਹੀ ਲਈ ਸਾਹਿਤ ਸਿਰਜਣਾ ਲਈ ਜ਼ਮੀਨ ਤਿਆਰ ਕੀਤੀ। ਪਹਿਲੀ ਪੀੜ੍ਹੀ ਵਿਚ ਰਚਿਆ ਗਿਆ ਗਦਰ ਸਾਹਿਤ ਪੰਜਾਬੀ ਸਾਹਿਤ ਸੰਦਰਭ ਵਿਚ ਵਿਸ਼ੇਸ਼ ਥਾਂ ਰੱਖਦਾ ਹੈ। ਇਸ ਗਦਰ ਸਾਹਿਤ ਤੋਂ ਹੀ ਅਗਲੀ ਪੀੜ੍ਹੀ ਦੇ ਵਿਦਰੋਹ ਦਾ ਸੁਰ ਬੁਲੰਦ ਕੀਤਾ ਤੇ ਨਵੀਆਂ ਸਮੱਸਿਆਵਾਂ ਦੇ ਰੂ-ਬ-ਰੂ ਹੋ ਕੇ ਪੰਜਾਬੀ ਸਾਹਿਤ ਸਿਰਜਣ ਵੱਲ ਰੁਚਿਤ ਹੋਏ।

ਪੰਜਾਬੀਆਂ ਦੁਆਰਾ ਪਰਵਾਸ ਧਾਰਨ ਕਰਨ ਦੀ ਪ੍ਰਕਿਰਿਆ ਦਾ ਸੰਬੰਧ ਵੀਹਵੀਂ ਸਦੀ ਦੇ ਆਰੰਭ ਨਾਲ ਜਾ ਜੁੜਦਾ ਹੈ। ਇਸ ਸੰਬੰਧੀ ਡਾ. ਸ. ਪ. ਸਿੰਘ ਦੇ ਵਿਚਾਰ ਪੇਸ਼ ਹਨ, "ਵੀਹਵੀਂ ਸਦੀ ਦੇ ਆਰੰਭ ਤੋਂ ਪੰਜਾਬੀਆਂ ਨੂੰ ਰੁਜ਼ਗਾਰ ਦੀ ਤਲਾਸ਼ ਅਤੇ ਵਧਰ ਆਰਥਿਕ ਵਸੀਲਿਆਂ ਦੀ ਪ੍ਰਾਪਤੀ ਖਾਤਰ ਵੱਖ-ਵੱਖ ਦੇਸ਼ਾਂ ਵਿਚ ਜਾਣਾ ਸ਼ੁਰੂ ਕਰ ਦਿੱਤਾ। ਸੁਭਾਅ ਦੇ ਤੌਰ 'ਤੇ ਮਿਹਨਤੀ, ਸਿਰੜੀ ਅਤੇ ਮੁਸ਼ਕਿਲਾਂ ਦਾ ਟਾਕਰਾ ਕਰਨ ਦੇ ਸਮਰੱਥ ਹੋਣ ਕਾਰਨ ਪੰਜਾਬੀ ਸਖ਼ਤ ਤੋਂ ਸਖ਼ਤ ਕੰਮ ਕਰਨ ਤੋਂ ਗੁਰੇਜ਼ ਨਹੀਂ ਕਰਦੇ ਸਨ। ਇਸ ਤਰ੍ਹਾਂ ਬਰ੍ਹਮਾ, ਸਿਆਮ, ਮਲਾਇਆ, ਸਿੰਘਾਪੁਰ ਆਦਿ ਗਵਾਂਢੀ ਦੇਸ਼ਾਂ ਵਿੱਚ ਅਤੇ ਕੈਨੇਡਾ ਤੋ ਅਮਰੀਕਾ ਆਦਿ ਦੂਰ ਦੇ ਵਿਚ ਪੰਜਾਬੀ ਪਹੁੰਚ ਗਏ। ਡਾ. ਅਕਾਲ ਅੰਮ੍ਰਿਤ ਅਨੁਸਾਰ, "ਪੰਜਾਬੀਆਂ ਦੀ ਪਰਵਾਸ ਪ੍ਰਕਿਰਿਆ ਦੇ ਪਿਛਕੜ ਵਿਚ ਵੱਖ-ਵੱਖ ਆਰਥਿਕ, ਸਮਾਜਿਕ ਅਤੇ ਰਾਜਨੀਤਿਕ ਕਾਰਨ ਵੀ ਨਿਹਿਤ ਹਨ, ਜਿਨ੍ਹਾਂ ਨੇ ਇਸ ਕਿਰਿਆ ਵਿਚ ਪ੍ਰਮੁੱਖ ਪ੍ਰੇਰਕ ਦੀ ਭੂਮਿਕਾ ਅਦਾ ਕੀਤੀ। ਇਹ ਪਰਵਾਸ ਬਰਤਾਨੀਆ ਦੇ ਬਸਤੀਵਾਦੀ ਪਰਿਪੇਖ ਨਾਲ ਵੀ ਸੰਬੰਧ ਰੱਖਦਾ ਹੈ। ਪੰਜਾਬ ਵਿਚ ਬਰਤਾਨਵੀ ਰਾਜ ਦੀ ਸਥਾਪਤੀ ਨਾਲ ਇੱਥੋਂ ਦੀ ਕਿਰਸਾਨੀ ਵਿੱਚ ਵੱਡੇ ਪੱਧਰ 'ਤੇ ਪਰਿਵਰਤਨ ਵਾਪਰੇ। ਪੰਜਾਬ ਵਿਚ ਸਾਂਝੀ ਮਾਲਕੀ ਦੀ ਵਿਵਸਥਾ ਦੀ ਜਗ੍ਹਾ ਨਿੱਜੀ ਮਾਲਕੀ ਵਾਲੀ ਵਿਵਸਥਾ ਸਥਾਪਿਤ ਹੋਈ। ਇਸ ਨਿੱਜੀ ਮਾਲਕੀ ਵਾਲੀ ਵਿਵਸਥਾ ਕਾਰਨ ਬਾਣੀਆ ਅਤੇ ਸ਼ਾਹੂਕਾਰ ਦੇ ਕਿਸਾਨ ਉੱਪਰ ਨਿਰਭਰਤਾ ਵਾਲੇ ਸੰਬੰਧਾਂ ਨੂੰ ਠੇਸ ਪਹੁੰਚੀ ਕਿਉਂਕਿ ਬਰਤਾਨਵੀ ਨੀਤੀਆਂ ਅਨੁਸਾਰ ਖੇਤੀਬਾੜੀ ਵਿਚਲੇ ਸੁਧਾਰਾਂ ਕਾਰਨ ਜਿਨਸ ਦੀ ਪੈਦਾਵਾਰ ਵਧੀ ਅਤੇ ਜ਼ਮੀਨਾਂ ਦੀਆਂ ਕੀਮਤਾਂ ਵੀ ਇਸ ਦਾ ਲਾਭ ਸਾਹੂਕਾਰਾਂ ਨੂੰ ਹੋਇਆ"। ਇਸ ਤਰਾਂ ਪੰਜਾਬੀਆਂ ਦਾ ਪਹਿਲਾਂ ਪਰਵਾਸ ਆਰਥਿਕ ਥੋੜ੍ਹਾ ਦੀ ਪੂਰਤੀ ਹਿੱਤ ਹੋਇਆ ਇਸ ਪਰਵਾਸੀ ਇਤਿਹਾਸਕ ਪਰੰਪਰਾ ਵਿੱਚ ਹੀ ਪਰਵਾਸੀ ਚੇਤਨਾ ਦੀ ਉਪਜ ਹੋਈ। ਨਸਲੀ ਵਿਤਕਰੇ ਦਾ ਭਾਵ ਨਿਰੰਜਨ ਸਿੰਘ ਨੂਰ ਦੀ ਹੇਠਲੀ ਗਜ਼ਲ ਵਿੱਚ ਬਹੁਤ ਹੀ ਖ਼ੂਬਸੂਰਤੀ ਨਾਲ ਪ੍ਰਗਟ ਹੋਇਆ ਹੈ—

ਜਦ ਕੋਈ ਮੈਨੂੰ ਕਾਲਾ ਕਾਲਾ ਕਹਿ ਜਾਂਦਾ ਹੈ,
ਮੇਰੀ ਰੂਹ ਵਿੱਚ ਜ਼ਹਿਰੀ ਖੰਜਰ ਲਹਿ ਜਾਂਦਾ ਹੈ।
ਨਸਲਵਾਰ ਦਾ ਅੰਨ੍ਹਾਂ, ਖ਼ੂਨੀ ਹੜ੍ਹ ਕੀ ਜਾਣੇ, ਸਾਡਾ ਕੀ ਕੁਝ ਰੁੜਦਾ,
ਕੁਝ ਰਹਿ ਜਾਂਦਾ ਹੈ ਰੰਗ ਦੀ ਰੱਬੀ, ਛੁਰੀ ਨਸਲ ਦੀ ਸਾਣ ਲਾ ਕੇ,
ਬੁੱਚੜ ਮੇਰੇ ਹੱਕ ਦੀ ਹਿੱਕ ਤੇ ਬਹਿ ਜਾਂਦਾ ਹੈ।

ਪੀੜਾ ਦੇ ਅਨੁਭਵ ਵਿੱਚੋਂ ਉਹ ਪੰਜਾਬੀ ਪਰਵਾਸੀਆਂ ਤੇ ਹੋਰ ਕਾਲੇ ਲੋਕਾਂ ਦੀ ਜੀਵਨ-ਸਥਿਤੀ ਨੂੰ ਪਿੰਗਲਵਾੜੇ ਦੇ ਪਿੰਗਲਿਆਂ ਦੇ ਪ੍ਰਤੀਕ ਅਤੇ ਕਾਲੇ-ਗੋਰੇ ਦੇ ਆਪਸੀ ਰਿਸ਼ਤਿਆਂ ਨੂੰ "ਕਾਲੀ ਲਾਸ਼ ਚਿੱਟਾ ਕਬਰਸਤਾਨ" ਦੋ ਬਿੰਬ ਦੁਆਰਾ ਉਜਾਗਰ ਕਰਦਾ ਹੈ। ਇਹ ਰਿਸ਼ਤਾ ਜੀਊਂਦੇ-ਜਾਗਦੇ ਮਨੁੱਖਾਂ ਦਾ ਨਹੀਂ, ਦੋ ਬੇਜਾਨ ਵਸਤਾਂ ਦਾ ਹੈ। ਕਦੇ-ਕਦਾਈਂ ਇਹ ਰਿਸ਼ਤਾ ਜਾਨਦਾਰ ਬਣਦਾ ਹੈ, ਜਦੋਂ ਕਾਲ ਲੋਕ ਨਸਲ-ਰੰਗ ਦੇ ਭੇਦ ਤੋਂ ਵਿਦਰੋਹ ਕਰਦੇ ਹਨ ਤੇ ਹਿੰਸਾ-ਪ੍ਰਤੀ ਹਿੰਸਾ ਦਾ ਦੌਰ ਚੱਲਦਾ ਹੈ। ਸਿਰਫ਼ ਨਸਲੀ ਵਿਤਕਰਾ ਹੀ ਨਹੀਂ, ਪਰਵਾਸੀ ਆਦਮੀ ਨੂੰ ਆਪਣੀ ਮਿਹਨਤ ਦਾ ਪੂਰਾ ਮੁੱਲ ਨਹੀਂ ਮਿਲਦਾ ਜਿਸ ਲਈ ਉਸ ਨੂੰ ਸੰਘਰਸ਼ ਦਾ ਰਾਹ ਅਖਤਿਆਰ ਕਰਨਾ ਪੈਂਦਾ ਹੈ।

ਪੌਣ ਕਿਉਂ ਰੁਕ ਗਈ, ਲਾਟ ਕਿਉਂ ਬੁਝ ਗਈ ?
ਅਕਲ ਪੁੱਛਦੀ ਰਹੂ, ਤਰਕ ਤੁਰਦੀ ਰਹੂ।
ਦਾਤਰੀ ਦੇ ਹਥੌੜੇ ਦੇ ਅਪਮਾਨ ਦੀ,
ਅੱਗ ਮਿਹਨਤ ਦੇ ਸੀਨੇ 'ਚ ਮੱਚਦੀ ਰਹੂ।
ਸਾਂਝ ਦਾ, ਕਿਰਤ ਦੀ ਰੋਸ਼ਨੀ ਦਾ ਕਿਲ੍ਹਾ।
ਪਲ ਕੁ ਵਿਚ ਹੀ ਹੜੱਪੇ ਦਾ ਥੇਹ ਹੋ ਗਿਆ,
ਰਾਤ ਦੀ ਫ਼ੌਜ ਦਾ ਗੜ੍ਹ ਜਿੱਤ ਗਈ।
ਇਹ ਨਮੋਸ਼ੀ ਹਮੇਸ਼ਾ ਰੜਕਦੀ ਰਹੂ।
ਮਾਰਕਸ, ਏਂਗਲਜ਼ ਦੀ ਪਰਵਾਜ਼ ਦੇ ਰਾਜ ਕਿਰਤ ਦੇ ਨੂਰ,
ਲੈਨਿਨ ਦੀ ਆਵਾਜ਼ ਨੂੰ ਕੌਣ ਕੁਹੜੀ,
ਕਲੰਕੀ ਕਤਲ ਕਰ ਗਿਆ?
ਇਹ ਕਟਾਰੀ ਕਦੋਂ ਤੀਕ ਚਲਦੀ ਰਹੂ?

ਇਸ ਤਰ੍ਹਾਂ ਪਰਵਾਸੀ ਪੰਜਾਬੀ ਸਾਹਿਤ ਦੇ ਇਤਿਹਾਸਕ ਪਿਛੋਕੜ ਵਿੱਚ ਅਨੇਕਾਂ ਸਮੱਸਿਆਵਾਂ ਦਾ ਜ਼ਿਕਰ ਮਿਲਦਾ ਹੈ।

1.3 **ਪਰਵਾਸੀ ਪੰਜਾਬੀ ਸਾਹਿਤ ਇੱਕ ਪ੍ਰਵਿਰਤੀ ਵਜੋਂ**—ਪਰਵਾਸੀ ਪੰਜਾਬੀ ਸਾਹਿਤ ਨੂੰ ਇੱਕ ਪ੍ਰਵਿਰਤੀ ਵਜੋਂ ਵੇਖਣਾ ਉਚਿਤ ਹੈ। ਕਿਉਂਕਿ ਇਹ ਇੱਕ ਅਜਿਹੀ ਪ੍ਰਵਿਰਤੀ ਹੈ ਜਿਸ ਦਾ ਆਪਣਾ ਵੱਖਰਾ ਦਰਸ਼ਨ ਹੈ, ਇਤਿਹਾਸਕ ਪਿਛੋਕੜ ਹੈ, ਚੇਤਨਾ ਹੈ, ਸਾਹਿਤ ਹੈ। ਇਸ ਕਰਕੇ ਪ੍ਰੋਫੈਸਰ ਦਵਿੰਦਰ ਸਿੰਘ ਬਿਲਕੁਲ ਦਰੁਸਤ ਲਿਖਦਾ ਹੈ ਕਿ "ਪਰਵਾਸੀ ਪੰਜਾਬੀ ਸਾਹਿਤ ਮੁੱਖ ਧਾਰਾ ਦੇ ਪ੍ਰਸੰਗ ਵਿੱਚ ਇੱਕ ਪ੍ਰਵਿਰਤੀ ਵਜੋਂ ਦੇਖਿਆ ਜਾਣਾ ਉੱਚਿਤ ਹੈ ਅਤੇ ਬਦੇਸ਼ਾਂ ਵਿੱਚ ਰਹਿੰਦੇ ਪੰਜਾਬੀ ਲੇਖਕਾਂ ਦੀਆਂ ਉਹ ਰਚਨਾਵਾਂ ਜੋ ਇਸ ਪ੍ਰਵਿਰਤੀ ਦੀਆਂ ਲਖਾਇਕ ਹਨ, ਨੂੰ ਇਸ ਪ੍ਰਵਿਰਤੀ ਦੇ ਸਾਹਿਤ ਦੇ ਸਿਰਲੇਖ ਹੇਠ ਲਿਆ ਜਾਣਾ ਉੱਚਿਤ ਹੈ ਅਤੇ ਜੋ ਸਾਹਿਤ ਇਸ ਤਰ੍ਹਾਂ ਦੀਆਂ ਵਿਸ਼ੇਸ਼ਤਾਵਾਂ ਨਹੀਂ ਰੱਖਦਾ, ਉਹ ਮੁੱਖ ਧਾਰਾ ਦੀਆਂ ਬਾਕੀ ਪ੍ਰਵਿਰਤੀਆਂ ਅਧੀਨ। ਅਜਿਹਾ ਕਰਨ ਨਾਲ ਅਸੀਂ ਉਹਨਾਂ ਦੀਆਂ ਰਚਨਾਵਾਂ ਨੂੰ

ਪ੍ਰਮੁੱਖ ਜਾਂ ਗੌਣ ਸਾਹਿਤਕ ਪ੍ਰਵਿਰਤੀ ਦੇ ਰੂਪ ਵਿੱਚ ਪੰਜਾਬੀ ਸਾਹਿਤ ਦੇ ਇਤਿਹਾਸ ਵਿੱਚ ਵੀ ਸ਼ਾਮਿਲ ਕਰਨ ਦੇ ਸਮਰੱਥ ਹੋਵਾਂਗੇ ਅਤੇ ਉਹਨਾਂ ਦੁਆਰਾ ਰਚੇ ਪੰਜਾਬੀ ਸਾਹਿਤ ਦੀ ਸੁਤੰਤਰ ਹੋਂਦ ਸਥਾਪਿਤ ਕਰਨ ਵਿੱਚ ਸਹਾਇਕ ਸਿੱਧ ਹੋਵਾਂਗੇ।

1.4 **ਪਰਵਾਸੀ ਪੰਜਾਬੀ ਸਾਹਿਤਕਾਰ**—ਪਰਵਾਸੀ ਪੰਜਾਬੀ ਸਾਹਿਤ ਦੇ ਨਾਲ-ਨਾਲ ਕੁਝ ਗੱਲਾਂ ਪਰਵਾਸੀ ਪੰਜਾਬੀ ਸਾਹਿਤਕਾਰਾਂ ਬਾਰੇ ਕਰਨੀਆਂ ਵੀ ਯੋਗ ਹਨ। ਇਨ੍ਹਾਂ ਸਾਹਿਤਕਾਰਾਂ ਦੀਆਂ ਰਚਨਾਵਾਂ ਵਿੱਚ ਵਲੀਅਤ ਦਾ ਜਜ਼ਬਾ ਪ੍ਰਧਾਨ ਹੈ। ਡਾ. ਸਾਧੂ ਸਿੰਘ ਸਾਹੀ ਲਿਖਦੇ ਹਨ ਕਿ "ਮੂਲ ਰੂਪ ਵਿਚ ਪਰਵਾਸੀ ਜੀਵਨ ਤੋਂ ਸਾਹਿਤ ਤੇ ਸੰਕਟ, ਜੱਟ ਅਤੇ ਜ਼ਮੀਨ ਦੀਆਂ ਦਵੰਦ-ਮੂਲਕ ਕਦਰਾਂ-ਕੀਮਤਾਂ ਦੇ ਬਹੁ-ਪਰਤੀ ਪਸਾਰਾਂ ਨਾਲ ਜੁੜੇ ਹੋਏ ਹਨ। ਪਰਵਾਸੀ ਪੰਜਾਬੀ ਸਾਹਿਤਕਾਰਾਂ ਦੀਆਂ ਆਪਣੇ ਵਤਨ ਲਈ ਹੇਰਵੇ ਤੇ ਹੱਥ ਦੀਆਂ ਭਾਵਨਾਵਾਂ ਸਾਡੇ ਲਈ ਨਿਰੋਲ ਨਵੀਆਂ ਕਤਈ ਨਹੀਂ। **ਪੰਜਾਬ ਸੱਠ ਵਰ੍ਹੇ ਪਹਿਲਾਂ ਵੀ** ਪ੍ਰੋਫੈਸਰ ਪੂਰਨ ਸਿੰਘ ਨੇ ਲਿਖਿਆ ਸੀ,

ਓਏ ਕਿਧਰੇ ਨਹੀਂ ਲੱਗਦੀ ਹਵਾ ਠੰਡੀ ਪੰਜਾਬ ਵਾਲੀ,
ਕਿਧਰੇ ਦਾ ਪਾਣੀ ਮੈਨੂੰ ਨਾ ਇਹ ਜੇਹਾ ਮਿੱਠਾ ਤੇ ਮਾਫ਼ਕ,
ਇੱਥੇ ਪ੍ਰਦੇਸ ਝਾਗ ਜਦ ਕਦੀ ਮੈਂ ਮੁੜਿਆ।
ਵੇਲਿਆ ਮੈਂ ਅਸਮਾਨ ਵਾਂਗ

ਇਸ ਸਿਲਸਿਲੇ ਵਿਚ ਗੱਲ ਪੰਜਾਬ ਦੇ ਪੌਣ ਦੇ ਸਰਬੋਤਮ ਜਾਂ ਆਦਰਸ਼ਕ ਤੌਰ 'ਤੇ ਠੰਢੇ ਮਿੱਠੇ ਹੋਣ ਦੀ ਨਹੀਂ, ਸਗੋਂ ਪੰਜਾਬ ਵਿਚ ਜੰਮਿਆਂ ਦੇ ਅੰਦਰ ਬਾਹਰਲੇ ਸਹਿਜ ਵਿਗਾਸ ਲਈ ਪ੍ਰਕ੍ਰਿਤਕ ਤੌਰ 'ਤੇ ਮਿਚਵੇ ਹੋਣ ਦੀ ਹੈ। ਅਹਿਨ ਇਵੇਂ ਹੀ ਪਹਾੜੀਆਂ ਜੀਣਾ ਪਹਾੜਾਂ ਦਾ ਜੀਣਾ ਹੈ ਤੇ ਮਾਰੂਥਲਾਂ ਵਿਚ ਜੰਮਿਆਂ ਲਈ ਰੇਤੇ ਦੇ ਸੋਨਾ ਹੋਣ ਦੀ ਸਥਿਤੀ ਹੈ। ਇਸੇ ਸਥਿਤੀ ਦਾ ਤਰਕ, ਹਸਤੀ, ਹਯਾਤੀ, ਪ੍ਰਕਿਰਤੀ ਤੇ ਸੰਸਕ੍ਰਿਤੀ ਦੀ ਆਪਸੀ ਤਲੀਨਤਾ ਦੀਆਂ ਸਹਿਜ ਸੁਭਾਵਿਕ ਸੰਭਾਵਨਾਵਾਂ ਦੇ ਘੇਰੇ ਦੇ ਅੰਤਰਗਤ ਹੀ ਖੋਜਿਆ, ਪਛਾਣਿਆ ਤੇ ਜਾਣਿਆ ਜਾ ਸਕਦਾ ਹੈ।"

1.5 **ਸਿੱਟਾ**—ਸਾਰਾਂਸ਼ ਵਿੱਚ ਕਿਹਾ ਜਾ ਸਕਦਾ ਹੈ ਕਿ ਇਤਿਹਾਸ ਇਸ ਗੱਲ ਦੀ ਗਵਾਹੀ ਭਰਦਾ ਹੈ ਕਿ ਪਰਵਾਸ ਨੇ ਪਰਵਾਸੀਆ ਪਾਸੋਂ ਮੁੱਲ ਮੰਗਿਆ ਹੈ ਤੇ ਉਨ੍ਹਾਂ ਨੇ ਅੰਤਿਮ ਸੁਆਸਾਂ ਤਕ ਇਸ ਮੁੱਲ ਨੂੰ ਤਾਰਨ ਦੀ ਹਰ ਸੰਭਵ ਕੋਸ਼ਿਸ਼ ਕੀਤੀ ਹੈ। ਪਰਵਾਸੀ ਪੰਜਾਬੀ ਸਾਹਿਤ ਇਕ ਅਜਿਹੀ ਹੈ ਜਿਸ ਦਾ ਵੱਖਰਾ ਇਤਿਹਾਸਕ ਪਿਛੋਕੜ, ਵਿਸ਼ੇ ਅਤੇ ਸਰਕਾਰ ਹਨ। ਇਹ ਸਾਡਾ ਬਹੁਤ ਹੀ ਸਾਂਭਣ ਯੋਗ ਵਿਰਸਾ ਤੇ ਸਰਮਾਇਆ ਹੈ। ਇਸ ਸਾਹਿਤ ਦੀ ਮੁੱਖ ਸੁਰ ਪਰਵਾਸੀ ਚੇਤਨਾ ਹੈ। ਪਰਵਾਸੀ ਪੰਜਾਬੀ ਸਾਹਿਤ ਦਾ ਵਹਿਣ ਨਿਰੰਤਰ ਵਹਿ ਰਿਹਾ ਹੈ ਅਤੇ ਵਹਿੰਦਾ ਰਹੇਗਾ।

# ਐੱਮ.ਏ. ਪੰਜਾਬੀ

## ਸਮੈਸਟਰ- ਤੀਸਰਾ

## ਪਰਵਾਸੀ ਪੰਜਾਬੀ ਸਾਹਿਤ

ਯੂਨਿਟ-2

**ਪਰਵਾਸੀ ਪੰਜਾਬੀ ਸਾਹਿਤ: ਇਤਿਹਾਸ-1**

2. ਪਰਵਾਸੀ ਪੰਜਾਬੀ ਸਾਹਿਤ: ਇਤਿਹਾਸ1-

2.1 ਪਰਵਾਸੀ ਪੰਜਾਬੀ ਸਾਹਿਤ ਦੀ ਇਤਿਹਾਸਕਾਰੀ ਦੀਆਂ ਸਮੱਸਿਆਵਾਂ

2.2 ਸਾਹਿਤ ਦਾ ਇਤਿਹਾਸ

2.3 ਸਿੱਟਾ

## 2.1 ਪਰਵਾਸੀ ਪੰਜਾਬੀ ਸਾਹਿਤ ਦੀ ਇਤਿਹਾਸਕਾਰੀ ਦੀਆਂ ਸਮੱਸਿਆਵਾਂ:

ਪਰਵਾਸੀ ਪੰਜਾਬੀ ਸਾਹਿਤ ਪਿਛਲੇ ਇਕ ਦਹਾਕੇ ਤੋਂ ਵਿਸ਼ੇਸ਼ ਅਧਿਐਨ ਅਤੇ ਅਧਿਆਪਨ ਦਾ ਕੇਂਦਰ ਬਿੰਦੂ ਬਣਿਆ ਹੈ। ਇਸ ਸਾਹਿਤ ਦੀ ਸਿਰਜਨਾ ਸਦਕਾ ਪੰਜਾਬੀ ਭਾਸ਼ਾ ਅਤੇ ਸਾਹਿਤ ਦੇ ਪਰਿਪੇਖ ਨੇ ਨਵੇਂ ਦਿਸਹੱਦਿਆਂ ਨੂੰ ਛੋਹਿਆ ਹੈ। ਪਰਵਾਸੀ ਪੰਜਾਬੀ ਸਾਹਿਤ ਦੇ ਮੁਲਾਂਕਣ ਬਾਰੇ ਕੁਝ ਬੁਨਿਆਦੀ ਮਸਲੇ ਵੀ ਉੱਠ ਖੜ੍ਹੇ ਹੋਏ ਹਨ। ਇਹਨਾਂ ਬੁਨਿਆਦੀ ਮਸਲਿਆਂ ਵਿਚੋਂ ਇੱਕ ਮਸਲਾ ਪਰਵਾਸੀ ਪੰਜਾਬੀ ਸਾਹਿਤ ਦੀ ਇਤਿਹਾਸਕਾਰੀ ਨਾਲ ਜੁੜਿਆ ਹੋਇਆ ਹੈ। ਇਹ ਸਾਹਿਤ ਇਤਿਹਾਸਕ ਤੇ ਸਭਿਆਚਾਰਕ ਪੱਖ ਸਾਹਿਤ ਦੇ ਇਤਿਹਾਸ ਦਾ ਅਨਿੱਖੜਵਾਂ ਅੰਗ ਹੈ।

ਮੁੱਖ ਰੂਪ ਵਿਚ ਪਰਵਾਸੀ ਪੰਜਾਬੀ ਸਾਹਿਤ ਦੀ ਇਤਿਹਾਸਕਾਰੀ ਦਾ ਮਸਲਾ ਆਧੁਨਿਕ ਪੰਜਾਬੀ ਸਾਹਿਤ ਦੇ ਇਤਿਹਾਸ ਨਾਲ ਜੁੜਿਆ ਹੈ। ਪਹਿਲਾ ਸਵਾਲ ਤਾਂ ਇਸ ਸਾਹਿਤ ਦੀ ਇਤਿਹਾਸਕ ਪਿੱਠ-ਭੂਮੀ ਦੇ ਨਿਰਮਾਣ ਨਾਲ ਬੱਝਾ ਹੋਇਆ ਹੈ। ਪਰਵਾਸੀ ਪੰਜਾਬੀ ਸਾਹਿਤ ਕਿਨ੍ਹਾਂ ਲੋੜਾਂ ਅਤੇ ਮੰਗਾਂ ਨੂੰ ਲੈ ਕੇ ਲਿਖਿਆ ਗਿਆ? ਕੀ ਇਹ ਲੋੜਾਂ ਤੇ ਮੰਗਾਂ ਆਧੁਨਿਕ ਪੰਜਾਬੀ ਸਾਹਿਤ ਦੀਆਂ ਵੀ ਸਨ? ਜਾਂ ਫਿਰ ਇਹ ਸਾਹਿਤ ਵੱਖਰਾ ਅੰਦਾਜ਼ ਲੈ ਕੇ ਆਧੁਨਿਕ ਪੰਜਾਬੀ ਸਾਹਿਤ ਵਿਚ ਪਰਵੇਸ਼ ਹੁੰਦਾ ਹੈ। ਆਧੁਨਿਕ ਪੰਜਾਬੀ ਸਾਹਿਤ ਦੀ ਇਤਿਹਾਸਕਾਰੀ ਵਿਚ ਇਸ ਸਾਹਿਤ ਨੂੰ ਮੁੱਖ ਧਾਰਾ ਵਿਚ ਜਿਵੇਂ ਰਲਾਇਆ ਜਾਵੇ, ਇਸ ਗੱਲ ਵੱਲ ਵੀ ਸਾਨੂੰ ਮੁੱਢ ਤੋਂ ਹੀ ਧਿਆਨ ਦੇਣਾ ਪਵੇਗਾ। ਇਹ ਸਵਾਲ ਆਧੁਨਿਕ ਹਿੰਦੀ ਸਾਹਿਤ ਦੀ ਇਤਿਹਾਸਕਾਰੀ ਵੇਲੇ ਵੀ ਉਦੋਂ ਉਠਿਆ ਸੀ, ਜਦੋਂ ਮਾਰਸੀਅਸ, ਵਿਜੀ ਅਤੇ ਏਸ਼ੀਆ ਦੇ ਤਿੰਨ ਚਾਰ ਹੋਰ ਉਪਦੀਆਂ ਵਿਚ ਰਹੇ ਜਾਣ ਵਾਲੇ ਆਧੁਨਿਕ ਹਿੰਦੀ ਸਾਹਿਤ ਦੀ ਸੀਮਾ ਅਤੇ ਉਪਲੱਬਧੀ ਨੂੰ ਇਸ ਅੰਗ ਵਜੋਂ ਸਵੀਕਾਰ ਕੀਤਾ ਗਿਆ।

ਪਰਵਾਸੀ ਪੰਜਾਬੀ ਸਾਹਿਤ ਦਾ ਇਹ ਮਸਲਾ ਹੋਰ ਵੀ ਟੇਢਾ ਹੈ ਕਿਉਂ ਕਿ ਵਿਦੇਸ਼ਾਂ ਵਿਚ ਵਸੇ ਪੰਜਾਬੀ ਲੇਖਕ ਆਰਥਿਕ ਲੋੜਾਂ ਤੇ ਘੜਾਂ ਨੂੰ ਪੂਰਿਆਂ ਕਰਨ ਲਈ ਯੂਰਪ ਦੇ ਪ੍ਰਮੁੱਖ ਦੇਸ਼ਾਂ ਵਿਚ ਜਾ ਵਸੇ। ਯੂਰਪ ਦੇ ਇਹਨਾਂ ਦੇਸ਼ਾਂ ਦੀ ਆਪਣੀ ਮਾਤ-ਭਾਸ਼ਾ ਹੈ। ਮਾਤ-ਭਾਸ਼ਾ ਵੀ ਅਜੇਹੀ ਜਿਸ ਦਾ ਅੰਤਰ-ਰਾਸ਼ਟਰੀ ਮੁਹਾਂਦਰਾ ਪੂਰੇ ਵਿਸ਼ਵ ਤੇ ਹਾਵੀ ਹੈ। ਇਹ ਮੁੱਠੀ ਭਰ ਲੇਖਕ ਆਪਣੀ ਮਾਤ-ਭਾਸ਼ਾ ਵਿੱਚ ਕੇਵਲ ਸਾਹਿਤ ਹੀ ਰਚਦੇ ਹਨ, ਇਹਨਾ ਦੇ ਅੰਤਰ-ਕਾਰਜ ਦੀ ਭਾਸ਼ਾ ਤਾਂ ਉਹਨਾਂ ਮੁਲਕਾਂ ਦੀ ਮੂਲ ਭਾਸ਼ਾ ਹੀ ਹੈ। ਮਾਤ-ਭਾਸ਼ਾ ਵਿਚ ਰੋਜ-ਮਰ੍ਹਾ ਦੀ ਜਿੰਦਗੀ ਕਿਤੇ ਦੀ ਕਿਰਿਆਸ਼ੀਲ ਨਹੀਂ ਹੁੰਦੀ। ਸਾਹਿਤ ਦਾ ਇਤਿਹਾਸਕਾਰ ਚੇਤੰਨ ਰੂਪ ਵਿਚ ਇਸ ਸਾਹਿਤ ਨੂੰ ਕਿਸੇ ਵਰਗ ਅਤੇ ਸੁਭਾਅ ਦੇ ਅਧੀਨ ਰੱਖ ਕੇ ਇਸ ਦਾ ਮੁਲਾਂਕਣ ਕਰੇ? ਇਕ ਗੱਲ ਹੋਰ ਵੀ ਮਹੱਤਵਪੂਰਨ ਹੈ ਕਿ ਇਸ ਸਾਹਿਤ ਦੀ ਪਰੰਪਰਾ ਕਿਹੜੀ ਹੈ? ਕੀ ਇਹ ਉਸ ਪਰੰਪਰਾ ਦਾ ਧਾਰਣੀ ਹੈ, ਜਿਹੜੀ ਪਰੰਪਰਾ ਗੁਰਮਤਿ ਸਾਹਿਤ ਨਾਲ ਹੋਂਦ ਵਿਚ ਆਈ ਜਾਂ ਇਹ ਸਾਹਿਤ ਇਸ ਪਰੰਪਰਾ ਤੋਂ ਵਿਰਵਾ ਹੋ ਕੇ ਯੂਰਪ ਦੇ ਸਾਹਿਤ ਦੀ ਪਰੰਪਰਾ ਤੋਂ ਪ੍ਰਭਾਵਤ ਹੋ ਕੇ ਆਪਣਾ ਵਿਲੱਖਣ ਸੁਰ ਸਥਾਪਤ ਕਰਨਾ ਚਾਹੁੰਦਾ ਹੈ?

**2.2 ਸਾਹਿਤ ਦਾ ਇਤਿਹਾਸ-** ਲੇਖਨ-ਸ਼ਾਸਤਰ ਸਾਹਿਤਕ ਤੱਤਾਂ ਅਤੇ ਤੱਥਾਂ ਨੂੰ ਪਰੰਪਰਾ ਦੀ ਕੁਠਾਲੀ ਵਿਚ ਪਾ ਕੇ ਆਪਣੇ ਨਿਰਣੇ ਉਸ ਵਿਚੋਂ ਕੱਢਦਾ ਹੈ। ਵਿਦੇਸ਼ੀ ਪੰਜਾਬੀ ਸਾਹਿਤ ਦਾ ਸੁਰ ਤਾਂ ਨਵੇਕਲਾ ਹੈ, ਇਸ ਦੀ ਵਿਸ਼ੇ-ਵਸਤੂ ਵੀ ਵੱਖਰੀ ਹੈ। ਯੂਰਪ ਦੇ ਦੇਸ਼ਾਂ ਵਿਚ ਆਉਣ ਵਾਲੀਆਂ ਕਠਿਨਾਈਆਂ, ਨਸਲਵਾਦ ਦੀਆਂ ਸਮੱਸਿਆਵਾਂ ਅਤੇ ਰੋਜੀ ਰੋਟੀ ਲਈ ਕੀਤੇ ਗਏ ਏਸ਼ੀਆ ਦੇ ਮੁਲਕਾਂ ਦੇ ਬਾਸ਼ਿੰਦਿਆਂ ਦੇ ਬੰਦਿਆਂ ਨਾਲ ਇਹ ਸਾਹਿਤ ਜੁੜਿਆ ਹੋਇਆ ਹੈ।

ਖੋਜ ਪਰਵਾਸੀ ਪੰਜਾਬੀ ਸਾਹਿਤ ਵਿਚ ਇਤਿਹਾਸਕਾਰ ਦੇ ਸਾਹਮਣੇ ਇਸ ਦੀ ਮੂਲ ਸੰਵੇਦਨਾ ਨੂੰ ਪਛਾਣ ਕੇ ਆਧੁਨਿਕ ਪੰਜਾਬੀ ਸਾਹਿਤ ਦੀ ਮੁੱਖ-ਤੰਦ ਨਾਲ ਰਲਾਉਣ ਦੀ ਕੋਸ਼ਿਸ ਦੀ ਕਠਿਨਾਈ ਹੈ। ਸਵਾਲ ਤਾਂ ਇਹ ਵੀ ਪੈਦਾ ਹੁੰਦਾ ਹੈ ਕਿ ਇਸ ਸਾਹਿਤ ਦਾ ਭਵਿੱਖ ਕੀ ਹੈ? ਅੱਜ ਜਿਹੜੀ ਪੀੜ੍ਹੀ ਪੰਜਾਬ ਤੋਂ ਵਿਦੇਸ਼ਾਂ ਵਿਚ ਜਾ ਕੇ ਇਸ ਸਾਹਿਤ ਦੀ ਰਚਨਾ ਕਰ ਰਹੀ ਹੈ, ਉਸ ਤੋ ਬਾਅਦ ਦੂਜੀ ਪੀੜ੍ਹੀ ਜਿਨ੍ਹਾਂ ਨੂੰ ਨਾ ਤਾਂ ਪੰਜਾਬੀ ਲਿਖਣੀ ਆਉਂਦੀ ਹੈ, ਨਾ ਬੋਲਣੀ ਤੇ ਨਾ ਪੜ੍ਹਣੀ, ਉਹ ਦਾ ਕਥਨ ਫਿਰ ਕਿਹੜੇ ਸਾਹਿਤ ਦੀ ਰਚਨਾ ਕਰਨਗੇ? ਸਾਹਿਤ ਇਤਿਹਾਸ ਲੇਖਨ ਬਾਰੇ ਮੈਨੂੰ ਈ. ਐਚ. ਯਾਦ ਆ ਰਿਹਾ ਹੈ ਕਿ ਸਾਹਿਤ ਦਾ ਇਤਿਹਾਸ ਲਿਖਤਾਂ ਕਿਰਤਾਂ ਦੇ ਲੇਖਾ ਜੋਖਾ ਨਹੀਂ ਹੁੰਦਾ, ਉਹ ਤਾਂ ਅਤੀਤ ਨੂੰ ਵਰਤਮਾਨ ਵਿਚ ਤੇ ਵਰਤਮਾਨ ਨੂੰ ਭਵਿੱਖ ਵਿਚ ਰੂਪਾਂਤਰਣ ਕਰਨ ਦੀ ਸਦੀਵੀ ਪ੍ਰਕਿਰਿਆ ਹੁੰਦਾ ਹੈ ਜਿਸ ਨਾਲ ਕਿਸੇ ਕੌਮ ਦੀ ਵਿਰਾਸਤ ਅਤੇ ਪਰੰਪਰਾ ਨੂੰ ਨਿਤਰੇ ਪਾਣੀਆਂ ਵਾਂਗ ਘੁੱਟ ਘੁੱਟ ਕਰਕੇ ਪੀਤਾ ਜਾ ਸਕਦਾ ਹੈ। ਸਾਹਿਤ ਇਤਿਹਾਸਕਾਰ ਦੇ ਸਾਹਮਣੇ ਇਹ ਮਸਲਾ ਵੀ ਬਹੁਤ ਵੱਡਾ ਹੈ। ਪਰਵਾਸੀ ਪੰਜਾਬੀ ਸਾਹਿਤ ਮੁੱਖ ਰੂਪ ਵਿਚ ਸਮਕਾਲੀ ਸਿਰਜਨਾਤਮਕ ਸਾਹਿਤ ਦੀ ਪੱਧਰ ਤਕ ਹੀ ਸੀਮਿਤ ਹੈ। ਉਪਨਿਆਸ, ਕਹਾਣੀ, ਕਵਿਤਾ, ਨਾਟਕ, ਨਿਬੰਧ, ਆਲੋਚਨਾ, ਯਾਤਰਾ ਅਤੇ ਸੰਸਕਰਣ ਸਾਹਿਤ ਵਰਗੀਆਂ ਸਾਹਿਤਕ ਵੰਨਗੀਆਂ ਹੀ ਹੁਣ ਤਕ ਜਿਆਦਾ ਕਰਕੇ ਹੋਂਦ ਵਿਚ ਆਈਆਂ ਹਨ। ਕੀ ਇਹਨਾਂ ਵੰਨਗੀਆਂ ਨੂੰ ਆਧੁਨਿਕ ਪੰਜਾਬੀ ਸਾਹਿਤ ਦੇ ਇਤਿਹਾਸ ਵਿਚ ਸ਼ਾਮਲ ਕਰਕੇ ਵਿਦੇਸ਼ੀ ਪੰਜਾਬੀ ਸਾਹਿਤ ਦੀ ਇਤਿਹਾਸਕਾਰੀ ਨੇਪਰੇ ਚੜ੍ਹ ਜਾਵੇਗੀ? ਇਹ ਗੱਲ ਵੀ ਕੋਈ ਬਹੁਤੀ ਆਸ ਵਾਲੀ ਨਹੀਂ। ਸਮਕਾਲੀ ਪੰਜਾਬੀ ਸਾਹਿਤ ਦੀ ਰਾਸ਼ਟਰੀ ਪੱਧਰ ਉੱਤੇ ਇਕ ਵਿਲੱਖਣ ਪਹਿਚਾਣ ਪਿਛਲੇ ਤਿੰਨ-ਚਾਰ ਦਹਾਕਿਆਂ ਤੋਂ ਬਣੀ ਹੈ। ਨਾਮਵਰ ਪੰਜਾਬੀ ਲੇਖਕਾਂ ਨੇ ਵਡਮੁੱਲੀਆਂ ਕਿਰਤਾਂ ਲਿਖਕੇ ਪੰਜਾਬੀ ਭਾਸ਼ਾ ਤੇ ਸਾਹਿਤ ਨੂੰ ਭਾਰਤ ਦੀਆਂ ਪ੍ਰਮੁੱਖ ਸਾਹਿਤਕ ਭਾਸ਼ਾਵਾਂ ਦੀ ਅਗਲੀ ਕਤਾਰ ਵਿਚ ਖੜਾ ਕੀਤਾ ਹੈ। ਇਹ ਗੱਲ ਬੜੀ ਨਿਮਰਤਾ ਨਾਲ ਸਾਨੂੰ ਸਾਹਿਤਕ ਇਤਿਹਾਸ ਪੱਖੋਂ ਮੰਨ ਲੈਣੀ ਚਾਹੀਦੀ ਹੈ ਕਿ ਪਰਵਾਸੀ ਪੰਜਾਬੀ ਸਾਹਿਤ ਅਜੇ ਉਸ ਜ਼ਮੀਨ ਉੱਤੇ ਖੜੋਣ ਜੋਗਾ ਨਹੀਂ ਹੋਇਆ, ਜਿਸ ਦੀ ਗੱਲ ਅੱਜ ਦੇ ਆਧੁਨਿਕ ਭਾਰਤੀ ਸਾਹਿਤ ਵਿਚ ਉਸ ਤਰ੍ਹਾਂ ਕੀਤੀ ਜਾ ਸਕੇ, ਜਿਸ ਤਰ੍ਹਾਂ ਭਾਰਤੀ ਪੰਜਾਬੀ ਸਾਹਿਤ ਦੀ। ਇਹ ਤੱਥ ਪੇਸ਼ ਕਰਨ ਤੇ ਸਾਡਾ ਇਹ ਮਕਸਦ ਹਰਗਿਜ ਨਹੀਂ ਕਿ ਇਸ ਸਾਹਿਤ ਨੂੰ ਇਸ ਦੀ ਬਣਦੀ ਥਾਂ ਨਾ ਦਿੱਤੀ ਜਾਵੇ। ਇਸ ਸਾਹਿਤ ਦਾ ਅਕਾਦਮਿਕ ਪੱਧਰ ਉੱਤੇ ਨੋਟਿਸ ਲਿਆ ਜਾਣ ਲੱਗ ਪਿਆ ਹੈ, ਖੋਜ-ਕਾਰਜ ਵੀ ਹੋਣ ਲੱਗ ਪਏ ਹਨ। ਇਸ ਦੀ ਬਣਤਰ ਅਤੇ ਪ੍ਰਾਪਤੀਆਂ ਬਾਰੇ ਵੀ ਇਕ ਸੰਵਾਦ, ਵਿਚਾਰ ਵਿਚ ਚਲਣ ਲਗ ਪਿਆ ਹੈ। ਪਰਵਾਸੀ ਪੰਜਾਬੀ ਸਾਹਿਤ ਦੀ ਅਸੀ ਕੋਈ ਅਜੇਹੀ ਤੁਲਨਾ ਵੀ ਨਹੀਂ ਕਰਨਾ ਚਾਹੁੰਦੇ ਕਿ ਜਿਸ ਨਾਲ ਇਕ ਹੀ ਭਾਸ਼ਾ ਵਿਚ ਲਿਖੇ ਜਾਣ ਵਾਲੇ ਸਾਹਿਤ ਦੇ ਭਾਗ ਜਾਂ ਉਪ-ਭਾਗ ਕਰਕੇ

ਦੇਖਣ ਦੀ ਲੋੜ ਮਹਿਸੂਸ ਹੋਵੇ। ਸਾਹਿਤ ਦਾ ਇਤਿਹਾਸਕਾਰ ਇਹ ਵੀ ਨਹੀਂ ਚਾਹੇਗਾ ਕਿ ਪਰਵਾਸੀ ਪੰਜਾਬੀ ਸਾਹਿਤ ਨੂੰ ਆਧੁਨਿਕ ਪੰਜਾਬੀ ਸਾਹਿਤ ਦੇ ਇਤਿਹਾਸ ਵਿਚ ਪਰਿਸ਼ਿਸ਼ਟ ਵਾਂਗ ਜੋੜ ਦਿੱਤਾ ਜਾਵੇ ਪਰਵਾਸੀ ਪੰਜਾਬੀ ਸਾਹਿਤ ਦੀ ਤਰਾਸਦੀ ਇਹ ਵੀ ਹੈ ਕਿ ਇਸ ਸਾਹਿਤ ਦਾ ਹੁਣ ਤੱਕ ਦਾ ਮੁਲਾਕਣ ਜਾਂ ਤਾਂ ਭਾਵੁਕਤਾ ਵਿਚ ਵਹਿ ਕੇ ਕੀਤਾ ਗਿਆ ਹੈ ਤੇ ਜਾਂ ਫਿਰ ਇਸ ਸਾਹਿਤ ਨੂੰ ਦੂਜੇ ਦਰਜੇ ਦਾ ਸਾਹਿਤ ਮੰਨ ਕੇ ਇਸ ਦੀ ਉਪੇਖਿਆ ਕਰ ਦਿੱਤੀ ਗਈ ਹੈ। ਪਰਵਾਸੀ ਪੰਜਾਬੀ ਸਾਹਿਤ ਦੇ ਅਨੇਕ ਪਾਸਾਰ ਹਨ। ਇਹ ਸਾਹਿਤ ਵਿਸ਼ਵੀਕਰਨ ਦੀ ਪ੍ਰਕਿਰਿਆ ਨੂੰ ਵੀ ਪਰਸੰਗਕ ਬਣਾਉਂਦਾ ਹੈ। ਡਾ. ਅਤਰ ਸਿੰਘ ਭਾਵੇਂ ਕਾਨੇਡੀਅਨ ਪੰਜਾਬੀ ਸਾਹਿਤ ਨੂੰ ਕੇਂਦਰੀ ਸਾਹਿਤ ਮੰਨ ਕੇ ਇਸ ਦੀ ਇਤਿਹਾਸਕਾਰੀ ਵੱਲ ਸੰਕੇਤ ਕਰਦੇ ਹਨ ਪਰ ਇਹ ਗੱਲ ਵੀ ਸਾਹਿਤ-ਇਤਿਹਾਸ ਲੇਖਨ ਸ਼ਾਸਤਰ ਦੀ ਦ੍ਰਿਸ਼ਟੀ ਤੋਂ ਸਾਂਵੀਂ ਨਹੀਂ ਜਾਪਦੀ ਕਿਉਂਕਿ ਬਰਤਾਨਵੀ ਅਤੇ ਕਾਨੇਡੀਅਨ ਪੰਜਾਬੀ ਸਾਹਿਤ ਦੀ ਮੂਲ-ਸੰਵੇਦਨਾ ਨੂੰ ਖੰਡ ਖੰਡ ਕਰਕੇ ਵੇਖਣ ਨਾਲ ਸਾਹਿਤਕ ਚੇਤਨਾ ਇਤਿਹਾਸਕ ਅਤੇ ਸਭਿਆਚਾਰਕ ਪਰਿਪੇਖ ਵਿਚ ਖੁੰਢੀ ਹੋ ਜਾਵੇਗੀ। ਪਰਵਾਸੀ ਪੰਜਾਬੀ ਸਾਹਿਤ ਅਧਿਐਨ ਦੇ ਵਿਸ਼ਲੇਸ਼ਣ ਦੇ ਆਧਾਰ ਸਾਡੀ ਜਾਚੇ ਇਸ ਤਰ੍ਹਾਂ ਦੇ ਹੋ ਸਕਦੇ ਹਨ:

(ੳ) ਵਿਦੇਸ਼ੀ ਪੰਜਾਬੀ ਸਾਹਿਤ ਦੀਆਂ ਪਰਿਸਥਿਤੀਆਂ (ਦੇਸ਼-ਕਾਲ ਦੇ ਆਧਾਰ ਤੇ)
(ਅ) ਵਿਦੇਸ਼ੀ ਪੰਜਾਬੀ ਸਾਹਿਤ ਤੇ ਪਏ ਪ੍ਰਮੁੱਖ ਪ੍ਰਭਾਵ (ਵਿਦੇਸ਼ੀ ਅਤੇ ਸਵਦੇਸ਼ੀ ਦੋਵੇਂ)
(ੲ) ਵਿਦੇਸ਼ੀ ਪੰਜਾਬੀ ਸਾਹਿਤ ਦੀਆਂ ਪ੍ਰਮੁੱਖ ਪ੍ਰਵਿਰਤੀਆਂ (ਸਾਹਿਤਕ ਅਤੇ ਸਭਿਆਚਾਰਕ)
(ਸ) ਪ੍ਰਮੁੱਖ ਕਿਰਤੀਕਾਰ ਅਤੇ ਕ੍ਰਿਤੀਆਂ ਦਾ ਮੁਲਾਂਕਣ।

**2.3 ਸਿੱਟਾ:** ਵਿਦੇਸ਼ੀ ਪੰਜਾਬੀ ਸਾਹਿਤ ਦੀ ਉਪਲੱਬਧੀ ਅਤੇ ਸੀਮਾ ਉਪਰੋਕਤ ਰੂਪ-ਰੇਖਾ ਸਿੱਧਾਂਤਕ ਪੱਖੋਂ ਅੰਤਿਮ ਨਹੀਂ ਕਹੀ ਜਾ ਸਕਦੀ ਕਿਉਂਕਿ ਪਰਵਾਸੀ ਪੰਜਾਬੀ ਸਾਹਿਤ ਦਾ ਗਤੀਸ਼ੀਲ ਪਰਵਾਹ ਦੇਸ਼-ਕਾਲ ਦੀਆਂ ਹੱਦਾਂ ਨੂੰ ਸਮੇਂ ਸਮੇਂ ਸਿਰ ਉਲੰਘਦਾ ਰਹਿੰਦਾ ਹੈ। ਨਵੀਆਂ ਦ੍ਰਿਸ਼ਟੀਆਂ ਅਤੇ ਸਥਿਤੀਆਂ ਨੂੰ ਉਪਰੋਕਤ ਰੂਪ-ਰੇਖਾ ਦੇ ਅਨੁਸਾਰ ਬਦਲਿਆ ਤੇ ਢਾਲਿਆ ਜਾ ਸਕਦਾ ਹੈ। ਸਾਹਿਤ ਦਾ ਇਤਿਹਾਸ ਲੇਖਕ ਇਹ ਜ਼ਰੂਰ ਚਾਹਵੇਗਾ ਕਿ ਆਧੁਨਿਕ ਪੰਜਾਬੀ ਸਾਹਿਤ ਦੀਆਂ ਇਹ ਪ੍ਰਾਪਤੀਆਂ ਸਾਹਿਤ-ਇਤਿਹਾਸ ਦਾ ਅੰਗ ਜ਼ਰੂਰ ਬਣਨ ਤਾਂ ਕਿ ਪੰਜਾਬੀ ਸਾਹਿਤ ਦੀ ਇਤਿਹਾਸਕਾਰੀ ਵਿਚ ਇਹ ਨਵੇਂ ਅਧਿਆਇ ਆਪਣੀ ਮੌਲਿਕਤਾ ਅਤੇ ਇਤਿਹਾਸਕਤਾ ਨੂੰ ਚਿਰ ਸਥਾਈ ਬਣਾ ਸਕਣ।

ਹਵਾਲੇ ਅਤੇ ਟਿੱਪਣੀਆਂ

1. ਵਿਦੇਸ਼ੀ ਪੰਜਾਬੀ ਸਾਹਿਤ, (ਸੰਪਾ.) ਸੁਰਿੰਦਰ ਪਾਲ ਸਿੰਘ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ।
2. ਪਰਵਾਸੀ ਪੰਜਾਬੀ ਸਾਹਿਤ, (ਸੰਪਾ.) ਸੁਰਿੰਦਰ ਪਾਲ ਸਿੰਘ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ।
3. ਬਰਤਾਨਵੀ ਪੰਜਾਬੀ ਸਾਹਿਤ ਦੇ ਮਸਲੇ, ਦੇਵਿੰਦਰ ਚੰਦਨ, ਸੂਰਜ ਪ੍ਰਕਾਸ਼ਨ, ਦਿੱਲੀ।
4. ਵਲੈਤੀਏ, ਅਮਰਜੀਤ ਚੰਦਨ, ਨਵਯੁਗ ਪ੍ਰਕਾਸ਼ਨ, ਦਿੱਲੀ।

# ਐੱਮ.ਏ. ਪੰਜਾਬੀ

## ਸਮੈਸਟਰ- ਤੀਸਰਾ

## ਪਰਵਾਸੀ ਪੰਜਾਬੀ ਸਾਹਿਤ

ਯੂਨਿਟ–3

**ਪਰਵਾਸੀ ਪੰਜਾਬੀ ਸਾਹਿਤ: ਇਤਿਹਾਸ-2**

3. ਪਰਵਾਸੀ ਪੰਜਾਬੀ ਸਾਹਿਤ: ਇਤਿਹਾਸ2-

3.1 ਅਜੋਕਾ ਪਰਵਾਸੀ ਪੰਜਾਬੀ ਸਾਹਿਤ (ਜਾਣ–ਪਛਾਣ)

3.2 ਵਿਦੇਸ਼ੀ ਸਾਹਿਤਕਾਰ

3.2.1 ਕਵਿਤਾ

3.2.2 ਕਹਾਣੀ

3.2.3 ਨਾਵਲ

3.2.4 ਨਾਟਕ

3.2.5 ਸਫ਼ਰਨਾਮਾ

3.2.6 ਨਿਬੰਧ

3.2 ਸਿੱਟਾ

# 3. ਪਰਵਾਸੀ ਪੰਜਾਬੀ ਸਾਹਿਤ: ਇਤਿਹਾਸ2-

ਪਿਆਰੇ ਵਿਦਿਆਰਥੀਓ! ਇਸ ਸਮੇਂ ਪੰਜਾਬੀ ਲੋਕ ਕੇਵਲ ਪੰਜਾਬ ਤੱਕ ਸੀਮਤ ਨਹੀਂ, ਸਗੋਂ ਦੂਰ-ਦੁਰਾਡੇ ਦੇ ਦੇਸ਼ਾਂ ਵਿੱਚ ਵੀ ਜਾ ਵਸੇ ਹੋਏ ਹਨ। ਇਨ੍ਹਾਂ ਦੇਸ਼ਾਂ ਵਿੱਚ ਬਰਤਾਨੀਆਂ, ਨੀਦਰਲੈਂਡ, ਸਵੀਡਨ, ਡੈਨਮਾਰਕ, ਸਵਿਟਜ਼ਰਲੈਂਡ, ਅਫ਼ਰੀਕਾ, ਅਮਰੀਕਾ, ਕੈਨੇਡਾ ਆਦਿ ਸ਼ਾਮਿਲ ਹਨ। ਇਹਨਾਂ ਵਿੱਚ ਜਿਨ੍ਹਾਂ ਲੋਕਾਂ ਨੂੰ ਸਾਹਿਤ ਰਚਨਾ ਵਿੱਚ ਰੁਚੀ ਹੈ, ਉਹ ਕਵਿਤਾ, ਕਹਾਣੀ, ਨਾਵਲ, ਨਾਟਕ, ਸਫ਼ਰਨਾਮਾ, ਨਿਬੰਧ ਆਦਿ ਦੀ ਪੰਜਾਬੀ ਭਾਸ਼ਾ ਵਿੱਚ ਰਚਨਾ ਵੀ ਰਹੇ ਹਨ। ਸੱਚਮੁੱਚ ਹੀ ਪਰਾਈਆਂ ਧਰਤੀ ‘ਤੇ ਵਿਚਰਦੇ ਹੋਏ ਆਪਣੀ ਧਰਤੀ ਦੇ ਮੋਹ ਨੂੰ ਹੰਢਾਉਣ ਦੀ ਇੱਛਾ ਨੇ ਹੀ ਪੰਜਾਬੀ ਪਰਵਾਸੀਆਂ ਨੂੰ ਸਾਹਿਤ ਨਾਲ ਜੋੜਿਆ। ਹੇਠਾਂ ਅਸੀਂ ਅਜੋਕੇ ਪਰਵਾਸੀ ਪੰਜਾਬੀ ਸਾਹਿਤ ਦੀ ਸੰਖਿਪਤ ਜਾਣ-ਪਛਾਣ ਕਰਵਾ ਰਹੇ ਹਾਂ-

## 3.1 ਅਜੋਕਾ ਪਰਵਾਸੀ ਪੰਜਾਬੀ ਸਾਹਿਤ (ਜਾਣ-ਪਛਾਣ)

20ਵੀਂ ਸਦੀ ਦੇ ਆਰੰਭਿਕ ਸਾਲਾਂ ਵਿੱਚ ਆਰਥਿਕ ਮੰਦਵਾੜੇ ਕਾਰਨ ਬਹੁਤ ਸਾਰੇ ਪੰਜਾਬੀ ਲੋਕ ਰੋਜ਼ਗਾਰ ਦੀ ਭਾਲ ਵਿੱਚ ਵਿਦੇਸ਼ਾਂ ਵਿੱਚ ਜਾ ਵੱਸੇ ਸਨ, ਜਿੱਥੇ ਉਨ੍ਹਾਂ ਦਾ ਸਾਂਝਾ ਸਭਿਆਚਾਰ ਸਮੂਹਕ ਰੂਪ ਵਿੱਚ ਵੀ ਵਿਕਸਿਤ ਹੁੰਦਾ ਰਿਹਾ। ਇਨ੍ਹਾਂ ਪੰਜਾਬੀਆਂ ਨੂੰ ਹੋਰ ਭਾਰਤੀ ਪ੍ਰਵਾਸੀਆਂ ਸਮਾਨ ਕਈ ਸਮੱਸਿਆਵਾਂ ਤੇ ਔਕੜਾਂ ਪੇਸ਼ ਆਈਆਂ ਜਿਨ੍ਹਾਂ ਨੂੰ ਮੁੱਖ ਰੱਖ ਕੇ ਆਪਣੇ ਆਰਥਿਕ ਨਿਰਮਾਣ ਤੇ ਸਭਿਆਚਾਰਕ ਵਿਕਾਸ ਲਈ ਉਨ੍ਹਾਂ ਨੇ ਕਈ ਯਤਨ ਕੀਤੇ। ਇੱਥੋਂ ਤੱਕ ਕਿ ਕਈ ਵਿੱਚ ਤਾਂ ਪੱਤਰ ਤੋਂ ਪੱਤਰਕਾਵਾਂ ਵੀ ਹੋਂਦ ਵਿੱਚ ਆਈਆਂ ਜੋ ਬਹੁ-ਗਿਣਤੀ ਵਿੱਚ ਛਪਦੀਆਂ ਤੇ ਪੜ੍ਹੀਆਂ ਜਾਂਦੀਆਂ ਹਨ। ਇਸ ਤੋਂ ਬਿਨਾਂ ਭਾਰਤੀ ਸੁਤੰਤਰਤਾ ਸੰਗਰਾਮ ਬਾਰੇ ਚੇਤਨਤਾ ਤੇ ਸੁਤੰਤਰਤਾ ਦੀਆਂ ਲਹਿਰਾਂ ਦਾ ਸੰਗਠਨ ਵੀ ਇਨ੍ਹਾਂ ਦੇਸ਼ਾਂ ਵਿੱਚ ਕੀਤਾ ਗਿਆ। ਇਨ੍ਹਾਂ ਦੀ ਬਹੁਤ ਵੱਡੀ ਇਤਿਹਾਸਕ ਭੂਮਿਕਾ ਵੀ ਹੈ ਉਦਾਹਰਨ ਵਜੋਂ ਗ਼ਦਰ ਪਾਰਟੀ ਲਹਿਰ ਤੇ ਆਜ਼ਾਦ ਹਿੰਦ ਫੌਜ ਦੇ ਹਵਾਲੇ ਦਿੱਤੇ ਜਾ ਸਕਦੇ ਹਨ, ਜਿਨ੍ਹਾਂ ਨੇ ਭਾਰਤੀ ਸੁੰਤਤਰਤਾ ਸੰਗਰਾਮ ਵਿੱਚ ਕ੍ਰਾਂਤੀਕਾਰੀ ਯੋਗਦਾਨ ਪਾਇਆ ਹੈ। 1947 ਤੋਂ ਪਹਿਲਾਂ ਕੈਨੇਡਾ, ਅਮਰੀਕਾ, ਮਲਾਇਆ, ਹਾਂਗਕਾਂਗ, ਸਿੰਘਾਪੁਰ, ਸ਼ੰਘਾਈ ਆਦਿ ਦੇਸ਼ਾਂ ਵਿਚ ਬਹੁਤ ਸਾਰਾ ਸਾਹਿਤ ਪੱਤਰ ਤੇ ਪੱਤਰਕਾਵਾਂ ਦੇ ਰੂਪ ਵਿੱਚ ਅਤੇ ਪੁਸਤਕਾਂ ਦੇ ਰੂਪ ਵਿੱਚ ਰਚਿਆ ਗਿਆ। ਕੈਨੇਡਾ ਵਿੱਚ ‘ਸੁਦੇਸ਼ ਸੇਵਕ’, ਸੰਸਾਰ ਅਤੇ ਅਮਰੀਕਾ ਤੋਂ ਸ਼ਾਨ ਫਰਾਂਸਿਕੋ ਵਿਖੇ ‘ਗ਼ਦਰ' ਅਖਬਾਰ ਦਾ ਪ੍ਰਕਾਸ਼ਿਤ ਹੋਣਾ ਅਤੇ ਲੱਖਾਂ ਦੀ ਗਿਣਤੀ ਵਿੱਚ ਵੰਡਿਆ ਜਾਣਾ, ਮਲਾਇਆ ਵਿੱਚ ਵੀ ਪੰਜਾਬੀ ਸਮਾਚਾਰ ਪੱਤਰ ਹਜ਼ਾਰਾਂ ਦੀ ਗਿਣਤੀ ਵਿੱਚ ਛਪਦੇ ਰਹੇ ਅਤੇ ਪੰਜਾਬੀ ਦੇ ਵਿਦਿਅਕ ਕੇਂਦਰ ਕੁਆਲਾਲੰਪੁਰ ਅਤੇ ਸਿੰਘਾਪੁਰ, ਥਾਈਲੈਂਡ ਵਿੱਚ ਸਥਾਪਿਤ ਹੋ ਗਏ ਸਨ।

**3.2 ਵਿਦੇਸ਼ੀ ਸਾਹਿਤਕਾਰ –** ਸੁਤੰਤਰਤਾ ਪ੍ਰਾਪਤੀ ਪਿੱਛੋਂ ਵੀ ਬਹੁਤ ਸਾਰੇ ਭਾਰਤੀ ਤੇ ਪੰਜਾਬੀ ਲੋਕ ਜਿੱਥੇ ਭਿੰਨ-ਭਿੰਨ ਪ੍ਰਦੇਸ਼ਾਂ ਵਿੱਚ ਗਏ ਹਨ, ਉੱਥੇ ਉਨ੍ਹਾਂ ਦਾ ਵਿਅਕਤੀਗਤ ਅਤੇ ਸਮੂਹਿਕ ਰੂਪ ਵਿੱਚ ਪੰਜਾਬੀ ਸਭਿਆਚਾਰ ਆਪਣੀ ਮਾਤ-ਭਾਸ਼ਾ ਦੀ ਉਹ ਪੀੜ੍ਹੀ ਜਿਨ੍ਹਾਂ ਦੀ ਸਾਹਿਤਕ ਚੇਤੰਨਤਾ ਪੰਜਾਬ ਵਿੱਚ ਪ੍ਰਫੁੱਲਿਤ ਹੋਈ, ਉਨ੍ਹਾਂ ਨੇ ਵਿਦੇਸ਼ਾਂ ਵਿੱਚ ਜਾ ਕੇ ਵੀ ਆਪਣੇ ਸਾਹਿਤਕ ਪ੍ਰੇਸ਼ਰਮ ਨੂੰ ਵੀ ਪੱਤਰ, ਪੱਤਰਕਾਵਾਂ ਤੇ ਵਿਸ਼ੇਸ਼ ਰਚਨਾਵਾਂ ਰਾਹੀਂ ਜਾਰੀ ਰੱਖਿਆ ਹੈ। ਵਰਤਮਾਨ ਸਮੇਂ ਦੇ ਬਹੁਤ ਸਾਰੇ ਅਜਿਹੇ ਲੇਖਕਾਂ ਦਾ ਹਵਾਲਾ ਦਿੱਤਾ ਜਾ ਸਕਦਾ ਹੈ, ਜੋ ਹੁਣ ਵਿਦੇਸ਼ਾਂ ਵਿਚ ਵੱਸ ਰਹੇ ਹਨ ਤੇ ਜਿਨ੍ਹਾਂ ਨੇ ਆਪਣੀ ਵਿਅਕਤੀਗਤ ਯੋਗਤਾ ਤੇ ਮੌਲਿਕਤਾ ਅਨੁਸਾਰ ਵਿਸ਼ੇਸ਼ ਰੂਪ ਦੀ ਸਾਹਿਤਕ ਸਿਰਜਣਾ ਕੀਤੀ ਹੈ ।

ਬਰਤਾਨੀਆ ਵਿਚਲੇ ਲੇਖਕ ਮਨਜੀਣ ਰਾਣਾ, ਅਮਰੀਜਤ ਚੰਦਨ, ਸ੍ਰੀਮਤੀ ਕੈਲਾਸ਼ ਪੁਰੀ, ਨਿਰੰਜਨ ਸਿੰਘ ਨੂਰ, ਪ੍ਰੀਤਮ ਸਿੱਧੂ, ਰਘੁਬੀਰ ਢੰਡ ਦਾ ਨਾਂ ਖ਼ਾਸ ਤੌਰ ‘ਤੇ ਵਰਣਨਯੋਗ ਹੈ। ਕੈਨੇਡਾ ਦੇ ਪ੍ਰਵਾਸੀ ਲੇਖਕਾਂ ਵਿੱਚ ਕੇਸਰ ਸਿੰਘ ਨਾਵਲਕਾਰ, ਰਵਿੰਦਰ ਰਵੀ, ਗੁਰਚਰਨ ਰਾਮਪੁਰੀ, ਗੁਰਮੇਲ ਸਿੱਧੂ, ਤਾਰਾ ਸਿੰਘ ਹੇਅਰ ਆਦਿ ਦੇ ਨਾਂ ਲਏ ਜਾ ਸਕਦੇ ਹਨ । ਇਸ ਤਰ੍ਹਾਂ ਅਫਰੀਕਾ ਦੇ ਪ੍ਰਵਾਸੀ ਲੇਖਕਾਂ ਵਿੱਚ ਅਜਾਇਬ ਕਮਲ ਵਰਗੇ ਲੇਖਕਾਂ ਨੇ ਉੱਥੋਂ ਦੀਆਂ ਸਮੱਸਿਆਵਾਂ ਅਤੇ ਪੰਜਾਬੀ ਸੱਭਿਆਚਾਰ ਨਾਲ ਜੁੜੇ ਅਤੇ ਵਿਸ਼ਵ ਵਿਆਪੀ ਆਧੁਨਿਕ ਚਿੰਤਨ ਧਾਰਾ ਤੋਂ ਪ੍ਰਭਾਵਿਤ ਹੋ ਕੇ ਬਹੁਤ ਕੁੱਝ ਨਵਾਂ ਸਾਹਿਤ ਪੰਜਾਬੀ ਵਿੱਚ ਰਚਿਆ ਹੈ। ਪਰ ਇਹ ਵਿਸ਼ੇਸ਼ ਤੌਰ ‘ਤੇ ਉਹਨਾਂ ਲੇਖਕਾਂ ਦਾ ਹੀ ਯੋਗਦਾਨ ਹੈ, ਜਿਨ੍ਹਾਂ ਦਾ ਅਨੁਭਵ ਤੇ ਚਿੰਤਨ ਪੰਜਾਬੀ ਦੀ ਪਿੱਠ ਭੂਮੀ ਵਿੱਚ ਸਵਣਿਤ ਹੋਇਆ ਸੀ। ਇਹਨਾਂ ਲੇਖਕਾ ਦੀ ਆਗਾਮੀ ਸੰਤਾਨ ਵਿੱਚ ਪੰਜਾਬੀ ਭਾਸ਼ਾ, ਸਾਹਿਤ ਅਤੇ ਸਭਿਆਚਾਰ ਲਈ ਉਹ ਮੋਹ ਨਹੀਂ, ਜੋ ਪਹਿਲੀ ਪੀੜ੍ਹੀ ਦੇ ਲੇਖਕਾਂ ਵਿੱਚ ਸੀ। ਇਸ ਲਈ ਵਿਦੇਸ਼ਾਂ ਵਿਚ ਇਸ ਨਵੀਂ ਪੀੜੀ ਦੀ ਪੰਜਾਬੀ ਸੰਤਾਨ ਲਈ ਇਕ ਵਿਸ਼ੇਸ਼ ਸਮੱਸਿਆ ਵੀ ਉਤਪੰਨ ਹੋ ਗਈ ਹੈ ਕਿ ਇਹਨਾਂ ਨੂੰ ਪੰਜਾਬੀ ਭਾਸ਼ਾ ਤੇ ਸਾਹਿਤ ਨਾਲ ਕਿਵੇਂ ਜੋੜਿਆ ਜਾਵੇ ਅਤੇ ਇਨ੍ਹਾਂ ਨੂੰ ਜਿਨ੍ਹਾਂ ਨੇ ਵਿੱਦਿਆ ਉਨ੍ਹਾਂ ਦੇਸ਼ਾਂ ਵਿੱਚ ਅੰਗਰੇਜ਼ੀ ਮਾਧਿਅਮ ਵਿੱਚ ਪ੍ਰਾਪਤ ਕੀਤੀ ਹੈ, ਪੰਜਾਬੀ ਕਿਵੇਂ ਪੜ੍ਹਾਈ ਜਾਵੇ, ਇਸ ਉਦੇਸ਼ ਨੂੰ ਮੁੱਖ ਰੱਖ ਕੇ ਇਹ ਯਤਨ ਕੀਤੇ ਜਾ ਰਹੇ ਹਨ ਅਤੇ ਮਾਤ-ਭਾਸ਼ਾ ਦੀ ਅਜਿਹੀ ਸਿੱਖਿਆ ਪੱਧਤੀ ਨੂੰ ਵਿਕਸਿਤ ਕੀਤਾ ਜਾਵੇ ਅਤੇ ਅਜਿਹਾ ਪਾਠਕ੍ਰਮ ਤਿਆਰ ਕੀਤਾ ਜਾਵੇ ਜੋ ਅਗਾਮੀ ਪੀੜ੍ਹੀ ਦੇ ਪੰਜਾਬੀ ਮੂਲ ਦੇ ਵਿਦਿਆਰਥੀਆਂ ਲਈ ਉਪਯੋਗੀ ਤੇ ਸਾਰਥਕ ਸਿੱਧ ਹੋ ਸਕੇ।

ਇਹ ਗੱਲ ਵੀ ਸਪੱਸ਼ਟ ਹੀ ਹੈ ਕਿ ਕੁੱਝ ਹੋਰ ਸਮਾਂ ਬੀਤ ਜਾਣ ਨਾਲ ਪੰਜਾਬੀ ਮੂਲ ਲੋਕਾਂ ਦੀ ਇਹ ਸੰਤਾਨ ਉਨ੍ਹਾਂ ਦੇਸ਼ਾਂ ਦੇ ਸਭਿਆਚਾਰਕ ਵਾਤਾਵਰਨ ਵਿੱਚ ਹੀ ਸਮਰੂਪ ਹੋ ਜਾਵੇਗੀ ਅਤੇ ਬਹੁਤ ਘੱਟ ਅਜਿਹੀ ਵਿਅਕਤੀਗਤ ਸਾਹਿਤਕ ਅਭਿਵਿਅਕਤੀ ਲਈ ਪੰਜਾਬੀ ਭਾਸ਼ਾ ਦੀ ਵਰਤੋਂ ਕਰਨਗੇ। ਫਿਰ ਵੀ ਆਸ ਰੱਖਣੀ ਚਾਹੀਦੀ ਹੈ ਕਿ ਪੰਜਾਬੀ ਭਾਸ਼ੀ ਲੋਕਾਂ ਨੇ ਸੰਸਾਰ ਦੇ ਭਿੰਨ-ਭਿੰਨ ਦੇਸ਼ਾਂ ਵਿੱਚ ਵੱਸ ਰਹੇ ਇਨ੍ਹਾਂ ਜਨ ਸਮੂਹਾਂ ਦੀ ਥਲ ਭੂਮੀ ਵਿਚ ਪੰਜਾਬੀ ਦੇ ਵਿਦੇਸ਼ੀ ਸਾਹਿਤਕ ਗੁਲਦਸਤੇ ਦੇ ਵਿੱਚ ਭਿੰਨ-ਭਿੰਨ ਰੰਗਾਂ ਤੇ ਮਾਲਿਕਾਂ ਦੇ ਫੁੱਲ ਆਪਣੀ ਖ਼ੂਬਸੂਰਤੀ ਅਤੇ ਆਕਰਸ਼ਣ ਨੂੰ ਕਾਇਮ ਰੱਖ ਸਕਣਗੇ। ਇਸੇ

ਕਾਰਨ ਇੱਥੇ ਇਹ ਉਲੇਖ ਕਰ ਦੇਣਾ ਉੱਚਿਤ ਹੋਵੇਗਾ ਅਤੇ ਪੰਜਾਬੀ ਸਾਹਿਤਕ ਸੰਸਕ੍ਰਿਤੀ ਦੇ ਵਾਰਸਾਂ ਨੂੰ ਵਿਦੇਸ਼ਾਂ ਦੀ ਬਜਾਏ ਸੁਦੇਸ਼ ਦੀ ਵਧੇਰੇ ਚਿੰਤਾ ਕਰਨੀ ਚਾਹੀਦੀ ਹੈ।

3.2.1 **ਕਵਿਤਾ**—ਪਰਵਾਸ ਵਿੱਚ ਜੀਵਨ ਗੁਜ਼ਾਰ ਰਹੇ ਕਵੀਆਂ ਨੇ ਬਹੁਤ ਕਾਰ ਦੀ ਕਵਿਤਾ ਦੀ ਰਚਨਾ ਕੀਤੀ। ਇਸ ਵਿੱਚ ਆਧੁਨਿਕ ਸੰਵੇਦਨਾ, ਲੋਕਧਾਰਾ ਨੂੰ ਪਿੱਠ ਵਿੱਚ ਆਧੁਨਿਕ ਸੰਵੇਦਨਾ ਵਾਲੀ, ਪ੍ਰਗਤੀਵਾਦੀ ਧਾਰਮਿਕ ਚੇਤਨਾ ਵਾਲੀ ਕਵਿਤਾ ਸ਼ਾਮਿਲ ਹੈ। ਇਕ ਆਲੋਚਕ ਅਨੁਸਾਰ, ਪਰਵਾਸੀ ਪੰਜਾਬੀ ਕਵਿਤਾ ਦੀ ਵੰਨ-ਸੁਵੰਨਤਾ ਦਾ ਅਨੁਮਾਨ ਇਸ ਪੱਖ ਲਾਇਆ ਜਾ ਸਕਦਾ ਹੈ ਕਿ ਜੋ ਆਧੁਨਿਕ ਸੰਵੇਦਨਾ ਨੂੰ ਆਧਾਰ ਬਣਾ ਕੇ ਦੇਣ, ਅਜਮੇਰ ਰੋਡੇ, ਚਰਨ ਸਿੰਘ, ਭੁਪਿੰਦਰ ਪੁਰੇਵਾਲ, ਰਵੀ, ਆਦਿ ਰਚਨਾ ਕਰ ਰਹੇ ਹਨ ਤਾਂ ਲੋਕਧਾਰਾਂ ਨੂੰ ਪਿੱਠ-ਭੂਮੀ ਵਿੱਚ ਰੱਖਦੇ ਹੋਏ ਪੰਜਾਬੀ ਸੁਭਾ ਅਨੁਕੂਲ ਯਥਾਰਥ ਪੱਖੋਂ ਪ੍ਰਭਾਵਸ਼ਾਲੀ ਰਚਨਾ ਕਰਨ ਵਾਲੇ ਇਕਬਾਲ ਭਾਗੂਵਾਲੀਆ, ਜਗਤਾਰ ਢਾਅ, ਸ਼ਸ਼ੀ ਸਮੁੰਦਰਾਂ, ਮਹਿੰਦਰ ਗਿੱਲ, ਅਮਰ ਜਿਉਤੀ, ਬਲਦੇਵ ਬਾਵਾ, ਸਾਧੂ ਆਦਿ ਯੋਗਦਾਨ ਪਾ ਰਹੇ ਹਨ। ਪ੍ਰਗਤੀਵਾਦੀ ਵਿਚਾਰਧਾਰਾ ਨਾਲ ਪ੍ਰਤੀਬੱਧ ਦਰਸ਼ਨ ਗਿੱਲ, ਮੁਸ਼ਤਾਕ, ਨਰਿੰਜਨ ਨੂਰ, ਸੰਤੋਖ ਸਿੰਘ ਸੰਤੋਖ, ਆਪਣੀ ਕਵਿਤਾ ਨੂੰ ਪ੍ਰਚਾਰ ਦਾ ਮਾਧਿਅਮ ਬਣਾਉਣ ਦੇ ਯਤਨਾ ਵਿੱਚ ਹਨ, ਜਦੋਂ ਕਿ ਧਾਰਮਿਕ ਚੇਤਨਾ ਦੇ ਅੰਤਰਗਤ ਬਲਿਹਾਰ ਸਿੰਘ ਰੰਧਾਵਾ, ਮਠਾਰੂ, ਸੋਹਣ ਸਿੰਘ ਜੋਸ਼, ਰਣਜੀਤ ਸਿੰਘ ਰਾਣਾ, ਸਵਰਨ ਸਿੰਘ ਪਰਵਾਨਾ, ਮਰਗਿੰਦਪੁਰੀ ਆਦਿ ਆਪਣੇ ਵਿਚਾਰਾਂ ਨੂੰ ਕਵਿਤਾ ਰਾਹੀਂ ਪੇਸ਼ ਕਰ ਰਹੇ ਹਨ।

ਆਪਣੀ ਮੂਲ ਪ੍ਰਵਿਰਤੀ ਤੋਂ ਵਿਛੜੀ ਆਤਮਾ ਜਦੋਂ ਆਪਣੇ ਮੂਲ ਨੂੰ ਪਛਾਣਨ ਵੱਲ ਤੁਰਦੀ ਹੈ ਤਾਂ ਉਸ ਦੀ ਚੇਤਨਾ ਉਸ ਦੀ ਹੋਂਦ ਨੂੰ ਪ੍ਰਸ਼ਨ ਚਿੰਨ੍ਹ ਲਗਾਉਂਦੀ ਹੈ। ਜਦੋਂ ਕਵੀ ਆਪਣੇ ਵਰਤਮਾਨ ਨੂੰ ਭੂਤ ਤੇ ਭਵਿੱਖ ਵਿੱਚੋਂ ਤਲਾਸ਼ਦਾ ਹੈ ਤਾਂ ਉਸ ਨੂੰ ਜਾਪਦਾ ਹੈ ਕਿ ਪੂੰਜੀਵਾਦੀ ਮਸ਼ੀਨੀਕਰਨ ਦੇ ਸਿਸਟਮ ਵਿੱਚ ਉਹ ਵੀ ਇਕ ਮਸ਼ੀਨ ਦੀ ਨਿਆਈ ਹੋ ਗਿਆ ਹੈ। ਆਪਣੇ ਇੱਛਤ ਅਤੇ ਪ੍ਰਾਪਤ ਅਣਇੱਛਤ ਵਿੱਚ ਵਿਯੋਗੇ ਮਨੁੱਖ ਦੀ ਸੋਚ, ਵਿਚਾਰ ਸੁਪਨੇ ਸੱਭ ਝੂਠ ਜਾਪਦੇ ਹਨ ਜੋ ਉਸ ਨੂੰ ਅਲਗਾਉ ਕਠੋਰਤਾ ਅਹਿਸਾਸ ਕਰਾਉਂਦੇ ਹਨ ਲਗਾਤਾਰ ਢਾਅ, ਬਲਦੇਵ ਬਾਵਾ, ਦਰਸ਼ਨ ਗਿੱਲ ਦੀਆਂ ਕਾਵਿ ਰਚਨਾਵਾਂ ਵਿਚ ਅਜਿਹੇ ਭਾਵ ਪ੍ਰਤੱਖ ਵਿਖਾਈ ਦਿੰਦੇ ਹਨ:

ਨਿੱਤ ਨਵਾਂ ਵਣ ਦੀ ਲੱਕੜ ਸੰਗ
ਲੱਕੜ ਹੋਣਾ
ਮਨਫ਼ੀ ਤਾਪਮਾਨ ਵਿੱਚ
ਇੱਕ ਸ਼ਿਫਟ ਤੋਂ ਦੂਜੀ ਸ਼ਿਫ਼ਟ ਤੱਕ ਪਸੀਨਾ ਚੋਣਾ
ਖੁਸ਼ਕ ਹੁੰਠ ਵੀਰਾਨ ਬਦਨਾ ਸਿਰ ਦੇ ਕੇ ਰੂਪਕੀ ਹੋਣਾ
ਬਰਫ਼ ਦੀ ਚਿੱਟੀ ਚਾਦਰ ਦੇ ਵਿਚ
ਸਿਰ ਦੇ ਕੇ ਹੁਬਕੀ ਰੋਣਾ
ਆਪਣੇ ਸਿਰਜੇ ਸੁਪਨ ਦਾ ਯਾਰ
ਹੰਝੂਆਂ ਸੰਗ ਮੂੰਹ ਮੱਥਾ ਧੋਣਾ

ਮੈਂ ਪਰਵਾਸੀ ਪੰਜਾਬੀ ਕਵਿਤਾ ਵਿੱਚ ਸਭਿਆਚਾਰਕ ਤਣਾਉ, ਨਸਲੀ ਵਿਤਕਰਾ ਭੂ-ਹੇਰਵਾ, ਪ੍ਰਗਤੀਵਾਦੀ ਵਿਚਾਰਧਾਰਾ, ਆਧੁਨਿਕ ਸੰਵੇਦਨਾ ਆਦਿ ਨੂੰ ਵਿਸ਼ਾ ਬਣਾਇਆ ਗਿਆ ਹੈ। ਰੂਪਕ ਪੱਖੋਂ ਵੀ ਇਹ ਕਵਿਤਾ ਪੰਜਾਬ ਵਿਚ ਰਚੀ ਜਾ ਰਹੀ ਪੰਜਾਬੀ ਕਵਿਤਾ ਨਾਲ ਕਿਸੇ ਗੱਲੋਂ ਪਿੱਛੇ ਨਹੀਂ।

3.2.2 **ਕਹਾਣੀ**—ਪਰਵਾਸੀ ਪੰਜਾਬੀ ਸਾਹਿਤਕਾਰਾਂ ਵਿੱਚੋਂ, ਬਹੁਤ ਸਾਰੇ ਸਾਹਿਤਕਾਰਾਂ ਨੇ ਪੰਜਾਬੀ ਕਹਾਣੀ ਵਿਚ ਵੀ ਯੋਗਦਾਨ ਪਾਇਆ ਹੈ। ਇਨ੍ਹਾਂ ਕਹਾਣੀਕਾਰਾਂ ਵਿੱਚ ਅਸੀਂ ਦਰਸ਼ਨ ਧੀਰ 'ਦਿਸਹੱਦੇ ਤੋਂ ਪਾਰ, ਮਰਦਾ ਸੱਚ, ਝੂਣੀ ਮਹਿਕ, ਭਰਿਆ ਮਨੁੱਖ), ਸ਼ਿਵਚਰਨ ਗਿੱਲ (ਖਰਾ ਖੋਟਾ, ਗਊ ਹੱਤਿਆ, ਰੂਹ ਦਾ ਸ਼ਰਾਪ, ਭੈਅ ਦੇ ਪਰਛਾਵੇਂ, ਬਦਰੰਗ), ਹਰਜੀਤ ਅਟਵਾਲ (ਸੁੱਕਾ ਪੱਤਾ ਤੇ ਹਵਾ, ਕਾਲਾ ਲਹੂ, ਸੱਪਾਂ ਦਾ ਭਰਾ ਬਰਤਾਨੀਆਂ), ਸੁਰਜੀਤ ਵਿਰਦੀ (ਕੈਂਸਰ ਤੇ ਫੁੱਲ), ਕੈਲਾਸ਼ ਪੁਰੀ (ਤੇ ਸੂਚੀ ਰੋਂਦੀ ਰਹੀ, ਇਕ ਸ਼ੱਕ ਦੇ ਤਜਵੀਜਾਂ, ਲੇਡੀ ਮਾਰਗਰੇਟ ਤੇ ਹੋਰ ਕਹਾਣੀਆਂ), ਤਰਸੇਮ ਨੀਲਗਿਰੀ (ਅੰਗਾਥ, ਰੇਤ ਸਾਗਰ ਤੇ ਰਾਤ ਦਾ ਹੁਸਨ, ਮੈਦ ਮਰ ਗਿਆ), ਪ੍ਰੀਤਮ ਸਿੱਧੂ (ਦੁੱਖ ਪ੍ਰਦੇਸ਼ਾਂ ਦੇ), ਰਘਬੀਰ ਢੰਡ (ਕਾਇ ਕਲਪ, ਬੋਲੀ ਧਰਤੀ, ਉਸ ਪਾਰ, ਕੁਰਸੀ, ਸ਼ਾਨੇ ਪੰਜਾਬ, ਕਾਲੀ ਨਦੀ ਦਾ ਸੇਕ), ਸਵਰਨ ਚੰਦਨ (ਉਜੜਿਆ ਖੂਹ, ਪੁੰਨ ਦਾ ਸਾਕ, ਖਾਲੀ ਪਲਾ ਦੀ ਸਾਂਝ, ਲਾਲ ਚੌਂਕ, ਕੁਆਰ), ਅਵਤਾਰ ਸਾਦਿਕ (ਕੁੱਤੇ ਵਾਲਾ ਗਰਾ, ਚਿਮਨੀਆਂ ਦੀ ਛਾਵੇਂ), ਸੁਰਿੰਦਰ ਦੇਹਲਵੀ (ਬਰਫ਼ ਥੱਲੇ ਦੱਬੀ ਲਾਸ਼), ਗੁਰਦਿਆਲ ਸਿੰਘ ਰਾਏ (ਰੰਗਦਾਰ), ਜਗਜੀਤ ਬਰਾੜ (ਮਾਧਿਅਮ, ਵਾਪਸੀ), ਰਾਣੀ ਨਗਿੰਦਰ (ਧੁੱਖਦਾ ਸ਼ਹਿਰ), ਅਮਨਪਾਲ ਸਾਰਾ (ਸਰਦ-ਰਿਸ਼ਤੇ), ਡਾ. ਸਾਧੂ ਸਿੰਘ (ਪੂਰਾ ਆਦਮੀ, ਵਿਸਫੋਟ), ਰਵਿੰਦਰ ਰਵੀ (ਚਰਨਵੀ, ਜੁਰਮ ਦੇ ਪਾਤਰ, ਸ਼ਹਿਰ ਵਿੱਚ ਜੰਗਲ, ਕੋਨ ਪ੍ਰਤੀਕਨ, ਮੇਲੀ ਪੁਸਤਕ, ਕੰਪਿਊਟਰ ਕਲਚਰ, ਆਪਣੇ-ਆਪਣੇ ਟਾਪੂ), ਤਾਰਾ ਸਿੰਘ ਹੇਅਰ (ਤੇ ਸ਼ਿਵਾ ਬਲਦਾ ਰਿਹਾ), ਸੁਰਜੀਤ ਕਲਸੀ (ਸੰਤ ਪਰਾਈਆਂ ਔਰਤਾਂ) ਆਦਿ ਸ਼ਾਮਿਲ ਹਨ।

ਅਮਰੀਕੀ ਪੰਜਾਬੀ ਕਹਾਣੀ ਵਿੱਚ ਕੁੱਝ ਕੁ ਰਚਨਾਕਾਰ ਹੀ ਅਜਿਹੇ ਹਨ ਜਿਹੜੇ ਅਮਰੀਕੀ ਸਮਾਜ ਦੀ ਜਟਿਲ ਬਣਤਰ ਗੁੰਝਲਦਾਰ ਸਥਿਤੀ ਨੂੰ ਵਿਚਾਰਧਾਰਕ ਅਤੇ ਬਾਹਰਮੁੱਖੀ ਰੂਪ ਵਿੱਚ ਸਮਝਦੇ ਹਨ। ਸਭ ਨਾਲੋਂ ਵਧੇਰੇ ਸਮਰੱਥਾ ਨਾਲ ਡਾ. ਜਗਜੀਤ ਬਰਾੜ ਨੇ ਅਮਰੀਕੀ ਜੀਵਨ ਅਤੇ ਉਥੇ ਦੇ ਮਨੁੱਖ ਦੀ ਪਛਾਣ ਕੀਤੀ ਹੈ। ਅੱਜ ਕੱਲ ਭਾਵੇਂ ਉਹ ਅਮਰੀਕੀ ਰਚਨਾਤਮਕ ਦ੍ਰਿਸ਼ ਵਿੱਚ ਵਧੇਰੇ ਸਰਗਰਮ ਨਹੀਂ ਪਰੰਤੂ ਉਸ ਦੀ ਪੁਸਤਕ ਵਾਪਸੀ ਦੇ ਦਹਾਕੇ ਦੇ ਗੁਜ਼ਰ ਜਾਣ ਤੋਂ ਬਾਅਦ ਵੀ ਪ੍ਰਸੰਗਕ ਹੈ। ਉਸਦੀ ਪਛਾਣ ਦਾ ਇਕ ਪ੍ਰਮੁੱਖ ਕਾਰਨ ਇਹ ਵੀ ਹੈ ਕਿ ਉਸਨੇ ਆਪਣੇ ਅਨੁਭਵ ਨੂੰ ਗਲਪ ਦੀ ਭਾਸ਼ਾ ਅਤੇ ਪ੍ਰਤੀਕਮਈ ਸੰਸਾਰ ਵਜੋਂ ਚਿਹਨਤ ਕੀਤਾ ਹੈ। ਉਸਦੀਆਂ ਕਹਾਣੀਆਂ ਵਾਪਸੀ ਨੀਲੇ ਖੰਭਾਂ ਨਾਲ ਕਲਾਕ, ਲਾਲ ਨਿਸ਼ਾਨ, ਪੁਰਾਣਾ ਕਿਲ੍ਹਾ, ਨਾਦਰਸ਼ਾਹ, ਮਾਧਿਅਮ ਆਪਣੇ ਅੰਦਰ ਡੂੰਘਾ ਚਿੰਤਨ ਅਤੇ ਦਾਰਸ਼ਨਿਕ ਸੋਝੀ ਸਮੋਈ ਬੈਠੀਆਂ ਹਨ। 'ਪੁਰਾਣਾ ਕਿਲਾ ਜਿੱਥੇ ਰਾਜਨੀਤਿਕ ਚੇਤਨਤਾ ਦੀ ਕਹਾਣੀ ਹੈ ਉੱਥੇ ਨਾਦਰਸ਼ਾਹ ਔਰਤ ਨਾਲ ਸੰਬੰਧਿਤ ਅਤੇ ਮਰਦ ਦੀ ਭੋਗ ਦ੍ਰਿਸ਼ਟੀ ਦਾ ਮਾਰਮਿਕ ਚਿੱਤਰ ਹੈ। ਮਾਧਿਅਮ ਕਹਾਣੀ ਅਜਿਹੀ ਮਨੁੱਖੀ ਸਥਿਤੀ ਅਤੇ ਸੰਕਟ ਕਾਲ ਸੰਬੰਧਿਤ ਹੈ ਜਿੱਥੇ ਮਨੁੱਖ ਆਪਣੇ ਪੂਰਵਲ ਬਣੇ ਬਣਾਏ ਜੀਵਨ ਚੌਖਟਿਆਂ ਪ੍ਰਤੀ ਸੋਚਣ-ਚਿੰਤਨ ਦੀ ਪ੍ਰਕਿਰਿਆ ਵਿੱਚ ਪੈਂਦਾ ਹੈ। ਡਾ.

ਜਗਜੀਤ ਬਰਾੜ ਦੀ ਕਹਾਣੀ ਪ੍ਰਤਿਕਰਮ ਨਹੀਂ ਸਗੋਂ ਅਮਰੀਕੀ ਸਮਾਜ ਦਾ ਪ੍ਰਤੀਕੀ ਰੂਪਾਂਤਰਣ ਹੈ ਜਿਨ੍ਹਾਂ ਵਿੱਚ ਅਨੇਕਾਂ ਵਿਕਰ ਦਾਰਸ਼ਨਿਕ ਅਤੇ ਚਿੰਤਨ ਭਰਪੂਰ ਹਨ। ਜਿਵੇਂ-

1. "ਪੁਸਤਕਾਂ ਦੇ ਅੱਖਰ ਤਾਰ ਕਿਉਂ ਹਨ, ਸੂਰਜ ਕਿਉਂ ਨਹੀਂ।"
2. ਮੁੱਖ ਪੰਛੀ ਗੀਤ ਨਹੀਂ ਗਾਉਂਦੇ ।"
3. ਅਜਨਬੀਅਤ ਮਾਹੌਲ ਵਿੱਚ ਨਹੀਂ ਹੁੰਦੀ, ਮਾਹੌਲ ਪ੍ਰਤੀ ਸਾਡੇ ਸੰਬੰਧਾਂ ਵਿਚ ਹੁੰਦੀ ਹੈ।"
4. "ਕਿਸੇ ਸਾਇੰਸਦਾਨ ਦਾ ਕਰਤੱਵ ਹਾਦਸਿਆਂ ਪ੍ਰਤੀ ਭਾਵਕ ਹੋਣਾ ਨਹੀਂ ਸੀ, ਸਗੋਂ ਹਾਦਸਿਆ ਦੇ ਆਧਾਰ 'ਤੇ ਜ਼ਿੰਦਗੀ ਦੇ ਨਵੇਂ ਅਰਥ ਲੱਭਣਾ ਸੀ"।

ਇਹੋ ਜਿਹੇ ਚਿੰਤਨੀ ਵਾਕ ਪਾਠਕ ਦੀ ਚੇਤਨਾ ਨੂੰ ਕੁਰੇਦਦੇ ਹਨ। ਜਗਜੀਤ ਬਰਾੜ ਇਸ ਪੱਖੋਂ ਵਧੇਰੇ ਸਮਰੱਥਾਵਾਨ ਗਲਪਕਾਰ ਹੈ ਜਿਹੜਾ ਮਾਨਵੀ ਸਥਿਤੀਆਂ ਰਾਹੀਂ ਅਸਤਿਤਵ ਦੇ ਵਿਵੇਕ ਦੀ ਸਿਰਜਣਾ ਕਰਦਾ ਹੈ। ਇਸ ਨਾਲ ਗਲਪ ਦੀ ਯੋਗਤਾ ਦਾ ਪ੍ਰਮਾਣ ਵੀ ਮਿਲਦਾ ਹੈ ਅਤੇ ਮਨੁੱਖੀ ਚਰਿੱਤਰ ਦੇ ਨਾਲ ਨਾਲ ਸਮਾਜਿਕ ਸੰਰਚਨਾ ਦੀ ਸੋਝੀ ਵੀ ਮਿਲਦੀ ਹੈ।

ਪਰਵਾਸੀ ਪੰਜਾਬੀ ਕਹਾਣੀ ਦੇ ਪ੍ਰਮੁੱਖ ਵਿਸ਼ੇ ਹਨ—ਬੇਰੁਜ਼ਗਾਰੀ, ਨਸਲਵਾਦ, ਭੂ-ਹੇਰਵਾ, ਟੁੱਟਦੇ-ਬਣਦੇ ਮਨੁੱਖੀ ਰਿਸ਼ਤੇ, ਸਭਿਆਚਾਰਕ ਤਣਾਅ ਪ੍ਰਗਤੀਵਾਦੀ ਵਿਚਾਰਧਾਰਾ, ਮਨੁੱਖੀ ਸੰਵੇਦਨਸ਼ੀਲਤਾ ਆਦਿ। ਬਣਤਰ ਦੇ ਪੱਖੋਂ ਪਰਵਾਸੀ ਪੰਜਾਬੀ ਕਹਾਣੀ ਵਿੱਚ ਵੀ ਬਹੁਤ ਸਾਰੇ ਤਜ਼ਰਬੇ ਕੀਤੇ ਜਾ ਰਹੇ ਹਨ। ਅੱਜ ਪਰਵਾਸੀ ਪੰਜਾਬੀ ਕਹਾਣੀ ਏਧਰਲੇ ਪੰਜਾਬ ਵਿੱਚ ਰਚੀ ਜਾ ਰਹੀ ਪੰਜਾਬੀ ਕਹਾਣੀ ਦੇ ਕਾਫੀ ਹੱਦ ਤੱਕ ਹਾਣ ਦੀ ਬਣਦੀ ਜਾ ਰਹੀ ਹੈ।

**3.2.3 ਨਾਵਲ–** ਜਿੱਥੇ ਬਹੁਤ ਸਾਰੇ ਪਰਵਾਸੀ ਪੰਜਾਬੀ ਸਾਹਿਤਕਾਰਾਂ ਨੇ ਕਹਾਣੀ ਰਚਨਾ ਵੱਲ ਧਿਆਨ ਦਿੱਤਾ ਉੱਥੇ ਉਨ੍ਹਾਂ ਨੇ ਨਾਵਲ ਰਚਨਾ ਵਿੱਚ ਵੀ ਰੁਚੀ ਵਿਖਾਈ। ਇਨ੍ਹਾਂ ਨਾਵਲਕਾਰਾਂ ਵਿੱਚ ਬਹੁਤ ਸਾਰੇ ਨਾਵਲਕਾਰ ਉਹ ਹਨ ਜੋ ਬਰਤਾਨੀਆ ਵਿੱਚ ਰਹਿ ਰਹੇ ਹਨ। ਬਰਤਾਨਵੀ ਪੰਜਾਬੀ ਨਾਵਲਕਾਰਾਂ ਸੰਬੰਧੀ ਆਪਣੇ ਵਿਚਾਰ ਪ੍ਰਗਟ ਕਰਦਿਆਂ ਡਾ. ਉਜਾਗਰ ਸਿੰਘ ਨੇ ਲਿਖਿਆ ਹੈ, "ਬਰਤਾਨਵੀ ਪੰਜਾਬੀ ਲੇਖਕਾਂ ਨੇ ਆਪਣੇ ਨਾਵਲਾਂ ਵਿੱਚ ਅਜਿਹੇ ਸੰਦਰਭ ਪੇਸ਼ ਕੀਤੇ ਹਨ ਜੋ ਸਾਜ ਦੇ ਆਂਕ ਤੇ ਵਿਵਹਾਰਕ ਸਮਾਜ ਤੋਂ ਅਭਿਜ ਨਹੀਂ, ਸਗੋਂ ਉਨ੍ਹਾਂ ਨੇ ਆਪਣੇ ਅਨੁਭਵ ਨੂੰ ਸਮਕਾਲੀ ਸਮਾਜ ਦੇ ਆਰਥਿਕ, ਰਾਜਨੀਤਿਕ, ਸਾਂਸਕ੍ਰਿਤਕ, ਸਭਿਆਚਾਰਕ ਅਤੇ ਭੂਗੋਲਿਕ ਵਿਧਾਨ ਅਨੁਕੂਲ ਸਿਰਜਨ, ਪਰਿਵਰਤਿਤ ਤੇ ਰੂਪਾਂ ਵਿਚ ਕੀਤਾ ਹੈ।

ਪਰਵਾਸੀ ਪੰਜਾਬੀ ਨਾਵਲਕਾਰ ਵਿੱਚੋਂ ਪ੍ਰਮੁੱਖ ਹਨ: ਦਰਸ਼ਨ ਧੀਰ ਦੇ ਨਾਵਲ-ਲਕੀਰਾਂ ਤੇ ਮਨੁੱਖ, ਧੁੰਦਲਾ ਸੂਰਜ, ਸੰਘਰਸ਼, ਆਪਣੇ-ਆਪਣੇ ਰਾਹ। ਉਸ ਦੇ ਨਾਵਲ ਵਿੱਚ ਜੀਵਨ ਵਿਚਲੇ ਕਥਾਰਥ ਨੂੰ ਸਮਾਜਿਕ ਤੇ ਵਿਗਿਆਨਕ ਸੰਦਰਭ ਵਿੱਚ ਪੇਸ਼ ਕੀਤਾ ਜਾਂਦਾ ਹੈ। ਕੇਸਰ ਸਿੰਘ ਕੇਸਰ (ਲਹਿਰ ਵਧਦੀ ਗਈ, ਆਜ਼ਾਦੀ ਦੀ ਲਹਿਰ, ਮਦਨ ਲਾਲ ਢੀਂਗਰਾ ਆਦਿ ਦਾ ਰਚੇਤਾ) ਇੱਕ ਇਤਿਹਾਸਕ ਨਾਵਲਕਾਰ ਹੈ। ਕੈਲਾਸ਼ ਪੁਰੀ (ਮੈਂ ਇੱਕ ਔਰਤ, ਕਟਹਿਰੇ ਵਿੱਚ ਖੜ੍ਹੀ ਔਰਤ, ਮਿੰਦਾ ਮਰਦੀ ਨਹੀਂ) ਇੱਕ ਅਜਿਹੀ

ਇਸਤਰੀ ਨਾਵਲਕਾਰ ਹੈ ਜੋ ਆਪਣੇ ਨਾਵਲਾਂ ਵਿੱਚ ਇਸਤਰੀ ਦੀਆਂ ਮਾਨਸਿਕ ਉਲਝਵਾਂ ਦੇ ਅਦਿੱਖ ਅਤੇ ਪ੍ਰਵਾਸੀ ਸਰੋਕਾਰਾਂ ਨੂੰ ਆਧਾਰ ਬਣਾਉਂਦੀ ਹੈ। ਉਹ ਇਸਤਰੀ ਨੂੰ ਉਸ ਦੀਆਂ ਅਨੇਕਾਂ ਪਰਤਾਂ ਰਾਹੀਂ ਸਮਝਦੀ ਹੈ।

ਤਰਸੇਮ ਨੀਲਗਿਰੀ ਨੇ ਸਾਨੂੰ ਇਕੋ ਇਕ ਨਾਵਲ 'ਮਲੇਰੀਆ' ਦਿੱਤਾ। ਉਸ ਬਾਰੇ ਇੱਕ ਆਲੋਚਕ ਦਾ ਕਹਿਣਾ ਹੈ ਕਿ ਨੀਲਗਿਰੀ ਨੇ ਇਸ ਰਚਨਾ ਰਾਹੀਂ ਪੱਛਮੀ ਜੀਵਨ ਦੇ ਧਾਰਨੀ ਗੈਰ-ਪੰਜਾਬੀ ਚਰਿੱਤਰਾਂ ਦੀ ਜਾਣ-ਪਛਾਣ ਸਫਲਤਾ ਨਾਲ ਕਰਵਾਈ ਜੋ ਸਫ਼ਲ ਅਨੁਭਵ ਹੈ। ਰਘੁਬੀਰ ਢੰਡ (ਰਿਸ਼ਤਿਆਂ ਦੇ ਯਾਤਰਾਂ) ਇੱਕ ਹੋਰ ਨਾਵਲਕਾਰ ਹੈ ਜਿਸ ਨੇ ਆਪਣੇ ਨਾਵਲ ਵਿੱਚ ਅਜੋਕੇ ਯੁੱਗ ਦੀ ਸੋਚ ਨੂੰ ਆਰਥਕ ਪਰਕਣਾ ਵਿੱਚ ਪੇਸ਼ ਕਰਨ ਦਾ ਯਤਨ ਕੀਤਾ ਹੈ । ਸਵਰਨ ਚੰਦਨ ਬਰਤਾਨੀਆਂ ਵਿਚ ਰਹਿ ਰਿਹਾ ਪਰਵਾਸੀ ਸਾਹਿਤਕਾਰ ਹੈ ਜਿਸ ਨੇ ਸਭ ਤੋਂ ਵਧੇਰੇ ਨਾਵਲ ਲਿਖੇ ।ਉਸ ਦੇ ਨਾਵਲਾਂ ਦੇ ਨਾਂ ਹਨ- ਨਵੇਂ ਰਿਸ਼ਤੇ, ਕੱਚੇ ਘਰ, ਕੱਖ ਕਾਨ ਤੇ ਦਰਿਆ, ਕਦਰਾਂ-ਕੀਮਤਾਂ, ਕੰਜਕਾਂ ਆਦਿ। ਉਸ ਦੇ ਨਾਵਲਾਂ ਵਿੱਚ ਪੰਜਾਬ ਅਤੇ ਇੰਗਲੈਂਡ ਵਿੱਚ ਜੀਵਨ ਗੁਜ਼ਾਰਦੇ ਪੰਜਾਬੀਆਂ ਦੀਆਂ ਸਮਾਜਿਕ, ਆਰਥਿਕ ਤੇ ਸਭਿਆਚਾਰਕ ਜੀਵਨ ਨੂੰ ਆਧਾਰ ਬਣਾਇਆ ਗਿਆ ਹੈ। ਜਗਜੀਤ ਬਰਾੜ, ਅਮਰੀਕਾ ਵਿੱਚ ਰਹਿ ਰਿਹਾ ਨਾਵਲਕਾਰ ਹੈ। ਉਸਨੇ ਸਾਨੂੰ ਧੁੱਪ ਦਰਿਆ ਦੀ ਦੋਸਤੀ, ਡੁੱਬਦੇ ਚੜ੍ਹਦੇ ਵਰਗੇ ਨਾਵਲ ਦਿੱਤੇ। ਉਹ ਅਮਰੀਕਾ ਵਿੱਚ ਜਾਣ ਤੋਂ ਪਹਿਲਾਂ ਪੰਜਾਬੀ ਸਾਹਿਤ ਵਿਚ ਆਪਣਾ ਸਥਾਨ ਬਣਾ ਚੁੱਕਾ ਸੀ।

'ਕੰਜਕਾਂ' ਨਾਵਲ ਵਿੱਚ ਦੇਸ਼ ਸਿੰਘਪੁਰਨੀ, ਜੀਤੋ ਤੇ ਸਨੇਹ ਵਰਮਾ ਵਰਗੀਆਂ ਔਰਤਾਂ ਖੁੱਲ, ਉਪਭੋਗ ਅਤੇ ਪੱਛਮੀ ਜੀਵਨ ਵਿਧੀਆਂ ਦੀ ਚਕਾਚੌਂਧ ਨੂੰ ਸਵੀਕਾਰ ਕਰਦੀਆਂ ਹਨ। ਇਸੇ ਪ੍ਰਕਾਰ ਹੀ 'ਕਦਰਾਂ-ਕੀਮਤਾਂ' ਨਾਵਲ ਵਿਚਲੇ ਕਿਰਦਾਰ ਰੋਮੀ ਅਤੇ ਪਾਲ ਜੋ ਆਪਣੇ ਮਾਪਿਆਂ ਦੀ ਮਰਜ਼ੀ ਅਨੁਸਾਰ ਵਿਆਹ ਕਰਵਾਉਂਦੇ ਹਨ। ਪਰ ਡਾ. ਸੁਤਿੰਦਰ ਸਿੰਘ ਨੂਰ ਦੇ ਸ਼ਬਦਾਂ ਵਿਚ 'ਇਸ ਤ੍ਰਾਸਦਿਕ ਸਥਿਤੀ ਵਿਚ ਪੰਜਾਬੀ ਪਾਤਰ ਆਪਣੇ ਸਮਾਜਿਕ ਸੰਬੰਧਾਂ, ਆਪਣੀ ਕਲਚਰ, ਚੇਤਨਾ ਦਾ ਮਾਡਲ ਗੁਆ ਬਹਿੰਦੇ ਹਨ। ਪਾਲ ਅਖ਼ੀਰ ਆਪਣੀ ਪਤਨੀ ਰੰਮੀ ਵੱਲ ਰੁਚਿਤ ਹੁੰਦਾ ਹੈ, ਪਰ ਉਹੋ ਜਿਹੀ ਇਕ ਹੋਰ ਕੁੜੀ ਨੂੰ ਇਕ ਗੋਰੇ ਦੇ ਅਲਿੰਗਣ ਵਿੱਚ ਦੇਖ ਕੇ ਉਹ ਨਿੰਮੀ ਨੂੰ ਉਸੇ ਮਾਡਲ ਵਰਗਾ ਬਣਾਉਂਦਾ ਹੈ'।

**3.2.4 ਨਾਟਕ-** ਜਿੱਥੇ ਸਾਡੇ ਪਰਵਾਸੀ ਪੰਜਾਬੀ ਲੇਖਕਾਂ ਦੇ ਹੋਰ ਸਾਹਿਤ ਰੂਪਾਂ ਦੀ ਸਿਰਜਨਾ ਵਿੱਚ ਯੋਗਦਾਨ ਪਾਇਆ ਉੱਥੇ ਉਹਨਾਂ ਦੇ ਬਹੁਤ ਘੱਟ ਨਾਟਕਾਂ ਦੀ ਰਚਨਾ ਕੀਤੀ। ਇਨ੍ਹਾਂ ਵਿਚੋਂ ਰਵਿੰਦਰ ਰਵੀ ਦਾ ਉਘੜਦਾ ਨਾਂ ਹੈ। ਉਸ ਨੇ ਸਾਨੂੰ ਵਧੇਰੇ ਕਾਵਿ ਨਾਟਕ ਬੀਮਾਰ ਸਦੀ, ਦਰ ਦੀਵਾਰਾਂ, ਅੱਧੀ ਰਾਤ ਦੁਪਹਿਰੇ, ਚੌਕ ਨਾਟਕ, ਰੂਹ ਪੰਜਾਬ ਦੀ, ਸੂਰਜ ਨਾਟਕ, ਸਿਫ਼ਰ ਨਾਟਕ, ਤਿੰਨ ਨਾਟਕ ਆਦਿ ਦਿੱਤੇ। ਉਸ ਦੇ ਨਾਟਕਾਂ ਬਾਰੇ ਇਨ੍ਹਾਂ ਹੀ ਕਿਹਾ ਜਾ ਸਕਦਾ ਹੈ ਕਿ ਇਨ੍ਹਾਂ ਨਾਟਕਾਂ ਵਿੱਚ ਆਧੁਨਿਕ ਮਨੁੱਖ ਦੀਆਂ ਵਿਸੰਗਤੀਆਂ ਤਾਂ ਜ਼ਰੂਰ ਪ੍ਰਗਟ ਕੀਤੀਆਂ ਗਈਆਂ ਹਨ, ਪਰ ਇਹਨਾਂ ਦਾ ਪਰਵਾਸੀ ਜੀਵਨ ਨਾਲ ਕੋਈ ਨਿਸ਼ਚਿਤ ਸੰਬੰਧ ਨਹੀਂ। ਇਹੋ ਗੱਲ ਅਜ਼ਾਇਬ ਕਮਲ ਦੇ ਨਾਟਕਾਂ ਬਾਰੇ ਆਖੀ ਜਾ ਸਕਦੀ ਹੈ। ਅਜਮੇਰ ਰੋਡੇ ਕੈਨੇਡਾ ਨਿਵਾਸੀ ਪੰਜਾਬੀ ਨਾਟਕਕਾਰ ਹੈ ਜਿਸਨੇ ਸਾਨੂੰ ਜਿਹੜੇ ਨਾਟਕ ਦਿੱਤੇ ਹਨ। ਉਨ੍ਹਾਂ ਦੇ ਨਾਂ ਹਨ—ਕਾਮਾਗਾਟਾ ਮਾਰੂ, ਤੀਸਰੀ ਅੱਖ, ਵੀਜ਼ਾ (ਸਾਰੇ ਪੂਰੇ ਨਾਟਕ) ਸੂਰਤੀ, ਵਿਸ਼ਵ

ਦੀ ਨੁਹਾਰ ਅਤੇ ਦੂਜਾ ਪਾਸਾ (ਸਾਰੇ ਇਕਾਂਗੀ ਸੰਗ੍ਰਹਿ) ਉਸ ਦੇ ਨਾਵਲਾਂ ਵਿੱਚ ਵਧੇਰੇ ਪ੍ਰਵਾਸੀ ਚੇਤਨਾ ਨੂੰ ਲਿਆ ਗਿਆ ਹੈ। ਜਗਤਾਰ ਢਾਅ ਦੀ ਰਚਨਾ ਸੁਫਨਾ ਇੱਕ ਮੱਛਲੀ ਦਾ ਅਤੇ ਨਿਰੰਜਨ ਨੂਰ ਦੀ ਰਚਨਾ (ਹੜੱਪਾ ਤੋਂ ਹੀਰੋਸ਼ੀਮਾ ਤੱਕ) ਨਾਟਕੀ ਕਵਿਤਾ ਆਖੀਆਂ ਜਾ ਸਕਦੀਆਂ ਹਨ, ਕਾਵਿ-ਨਾਟਕ ਨਹੀਂ।

ਪੰਜਾਬੀ ਨਾਟਕ ਦੇ ਮਹੱਤਵ ਤੋਂ ਕਿਸੇ ਵੀ ਤਰ੍ਹਾਂ ਇਨਕਾਰ ਨਹੀਂ ਕੀਤਾ ਜਾ ਸਕਦਾ। ਪੰਜਾਬੀ ਨਾਟਕ ਦੇ ਪਸਾਰਾਂ ਵਿੱਚ ਪਰਵਾਸੀ ਪੰਜਾਬੀ ਨਾਟਕ ਅਹਿਮ ਸਥਾਨ ਰੱਖਦਾ ਹੈ। ਪਰੰਤੂ ਹੁਣ ਇਸ ਦੀ 'ਪਛਾਣ' ਜ਼ਰੂਰੀ ਬਣ ਗਈ ਹੈ। ਜਿਸ ਦੇ ਯਤਨ ਆਹਿਸਤਾ ਆਹਿਸਤਾ ਹੋ ਰਹੇ ਹਨ। ਪਰੰਤੂ ਅਜੇ ਦੋ ਪੱਧਰਾਂ 'ਤੇ ਕੰਮ ਹੋਣਾ ਜ਼ਰੂਰੀ ਹੈ-

1. ਪਰਵਾਸੀ ਪੰਜਾਬੀ ਨਾਟਕ ਨੂੰ ਪੰਜਾਬੀ ਨਾਟਕ ਦੀ ਮੇਨਸਟਰੀਮ ਦਾ ਹਿੱਸਾ ਬਣਾ ਕੇ ਇਸ ਦਾ ਅਧਿਐਨ ਤੇ ਵਿਸ਼ਲੇਸ਼ਣ ਕੀਤਾ ਜਾਵੇ ਤਾਂ ਕਿ ਪੰਜਾਬੀ ਨਾਟਕ ਦੇ ਸਮੁੱਚੇ ਦਰਿਸ਼ ਵਿੱਚ ਇਸ ਨਾਟਕ ਦੀ ਭੂਮਿਕਾ ਦਾ ਨਿਰਧਾਰਨ ਹੋ ਸਕੇ।
2. ਪਰਵਾਸੀ ਪੰਜਾਬੀ ਨਾਟਕ ਦੇ ਵਿਕਾਸ ਲਈ ਪਰਵਾਸੀ ਪੰਜਾਬੀ ਰੰਗਮੰਚ ਦਾ ਵਿਕਸਿਤ ਹੋਣਾ ਜ਼ਰੂਰੀ ਹੈ ਕਿਉਂਕਿ ਉੱਥੇ ਪੈਦਾ ਹੋਇਆ ਰੰਗਮੰਚ ਹੀ ਉੱਥੋਂ ਦੀ ਨਾਟ-ਰਚਨਾ ਨੂੰ ਹੁਲਾਰਾ ਦੇ ਸਕਦਾ ਹੈ। ਭਾਵੇਂ ਕਿ ਉੱਧਰ ਕਾਫੀ ਗਿਣਤੀ ਵਿਚ ਥੀਏਟਰ ਹੋ ਰਿਹਾ ਹੈ ਪਰੰਤੂ ਉਹ ਪਰਵਾਸੀ ਨਾਟਕ ਦੇ ਵਿਕਾਸ ਲਈ ਪੂਰੀ ਤਰ੍ਹਾਂ ਆਧਾਰ ਨਹੀਂ ਬਣ ਰਿਹਾ।

**3.2.5 ਸਫ਼ਰਨਾਮਾ—** ਜਿਨ੍ਹਾਂ ਪ੍ਰਮੁੱਖ ਪਰਵਾਸੀ ਸਾਹਿਤਕਾਰਾਂ ਦੁਆਰਾ ਲਿਖੇ ਸਫ਼ਰਨਾਮਿਆਂ ਦਾ ਉਲੇਖ ਡਾ. ਮਹਿੰਦਰ ਸਿੰਘ ਤਤਵਾਲ ਨੇ ਕੀਤਾ ਹੈ ਉਹ ਇਸ ਪ੍ਰਕਾਰ ਹਨ—ਤਿਰਲੋਚਨ ਸਿੰਘ ਗਿੱਲ (ਕੁੱਝ ਮੁੱਢਲੇ ਸਵੇਰ, ਅੱਧਾ ਚੱਕਰ, ਦੇਸ਼-ਪ੍ਰਦੇਸ਼ ਦੇ ਸਫ, ਦੁਨੀਆ ਦੁਆਲੇ, ਮੇਰੀ ਪ੍ਰਦੇਸ਼ ਯਾਤਰਾ), ਜੋਗਿੰਦਰ ਸ਼ਮਸ਼ੇਰ (ਕਾਰ ਰਾਹੀਂ ਲੰਡਨ ਤੋਂ ਦਿੱਲੀ), ਰਵਿੰਦਰ ਰਵੀ (ਸਿਮਰਤੀਆਂ ਦੇ ਦੇਸ਼), ਸਵਰਨ ਚੰਦਨ (ਆਪਣੀ ਧਰਤੀ), ਰਣਜੀਤ ਧੀਰ (ਵਤਨੋਂ ਦੂਰ), ਪ੍ਰੀਤਮ ਸਿੱਧੂ (ਮੇਰੀ ਪੰਜਾਬ ਫੇਰੀ, ਮੇਰੀ ਕੈਨੇਡਾ ਵੇਗੀ), ਰਘਬੀਰ ਢੰਡ (ਵੈਨਕੂਵਰ ਵਿੱਚ ਇਕ ਦਿਨ) ਆਦਿ। ਅਸੀਂ ਇਸੇ ਆਲੋਚਕ ਦੇ ਸ਼ਬਦਾਂ ਵਿੱਚ ਆਖ ਸਕਦੇ ਹਾਂ ਕਿ ਪਰਵਾਸੀ ਪੰਜਾਬੀ ਸਫ਼ਰਨਾਮਾ, ਸਫ਼ਰਨਾਮਾ ਵਿਧਾ ਦੀਆਂ ਪਰਿਭਾਸ਼ਕ ਰੀਤੀਆਂ ਦਾ ਅਨੁਸਰਣ ਵੀ ਕਰਦਾ ਹੈ ਅਤੇ ਇਸ ਦੀ ਉਲੰਘਣ ਵੀ ਕਰਦਾ ਪ੍ਰਤੀਤ ਹੁੰਦਾ ਹੈ। ਇਹ ਸਾਹਿਤ ਨਿਰੋਲ ਸਾਹਿਤਕ ਸਫ਼ਰਨਾਮੇ ਦੇ ਰੂਪ ਵਿੱਚ ਉਪਲੱਬਧ ਹੁੰਦਾ ਹੈ ਅਤੇ ਇਸ ਵਿਧਾ ਦੀਆਂ ਗੌਣ ਵਿਧਾਵਾ ਰੂਪ) ਦੇ ਮਿਲ ਗੋਤੇ ਦੇ ਰੂਪ ਵਿਚ ਵੀ ਪ੍ਰਸਤੁਤ ਹੁੰਦਾ ਹੈ।

**3.2.6 ਨਿਬੰਧ—**ਕੁੱਝ ਪਰਵਾਸੀ ਪੰਜਾਬੀ ਸਾਹਿਤਕਾਰ ਨੇ ਨਿਬੰਧ ਪੁਸਤਕਾਂ ਲਿਖ ਕੇ ਇਸ ਸਾਹਿਤ ਰੂਪ ਦੇ ਖੇਤਰ ਵਿੱਚ ਵੀ ਆਪਣਾ ਯੋਗਦਾਨ ਪਾਇਆ। ਇਨ੍ਹਾਂ ਨਿਬੰਧਕਾਰਾਂ ਵਿਚੋਂ ਅਸੀਂ ਪ੍ਰਮੁੱਖ ਦਾ ਉਲੇਖ ਇੱਥੇ ਕਰ ਰਹੇ ਹਾਂ। ਸਵਰਨ ਚੰਦਨ ਨੇ 'ਸੰਵੇਦਨਾ ਤੇ ਸਾਹਿਤ' ਨਾਂ ਦੀ ਨਿਬੰਧ ਪੁਸਤਕ ਦਿੱਤੀ। ਜਿਸ ਦੀ ਦ੍ਰਿਸ਼ਟੀ ਆਲੋਚਨਾਤਮਕ ਅਤੇ ਬੁੱਧੀ ਪ੍ਰਧਾਨ ਹੈ। ਕੁੱਝ ਨਿਬੰਧ ਸੰਗ੍ਰਹਿ ਸਾਨੂੰ ਸਾਥੀ ਲੁਧਿਆਣਵੀ ਨੇ

ਦਿੱਤੇ। ਉਸ ਦੇ ਨਿਬੰਧ ਸੰਗ੍ਰਿਹ ਦੇ ਨਾਂ ਹਨ- ਸਮੁੰਦਰੋਂ ਪਾਰ, ਅੱਗ ਖਾਣ ਪਿੱਛੋਂ, ਤਿਤਲੀਆਂ ਦੇ ਮਗਰ ਆਦਿ। ਇਨ੍ਹਾਂ ਨਿਬੰਧਾਂ ਵਿਚ ਉਸ ਨੇ ਵਿਦੇਸ਼ਾਂ ਵਿਚ ਵਸਦੇ ਪੰਜਾਬੀਆਂ ਦੀ ਮਾਨਸਿਕਤਾ ਸਮਸਿਆਵਾਂ ਨੂੰ ਉਲੀਕਿਆ ਹੈ।

ਪੂਰਨ ਸਿੰਘ ਇਕ ਹੋਰ ਨਿਬੰਧਕਾਰ ਹੈ ਜਿਸ ਨੇ 'ਘਰਿ ਸੁਖ-ਵਸਿਆ ਬਾਹਰਿ ਸੁਖੁ ਪਾਇਆ, ਸ਼ਕਤੀ, ਮਨੋਵਿਕਾਸ ਆਦਿ ਨਿਬੰਧ ਸੰਗ੍ਰਹਿ ਲਿਖੇ ਹਨ। ਉਸ ਦੇ ਨਿਬੰਧ ਭਾਵਾਤਮਕ ਕਿਸਮ ਦੇ ਵਧੇਰੇ ਹਨ ਪ੍ਰੀਤਮ ਸਿੱਧੂ ਨੇ ਧਰਤ ਵਲੈਤੀ ਦੇਸ਼ੀ ਗ੍ਰੰਥ, ਭਠ ਖੇੜਿਆਂ ਦਾ ਰਹਿਣਾ, ਮੁੜਿਆ ਵਤਨਾਂ ਨੂੰ, ਤਾਂ ਰੋਈ ਸੀ ਧਰਤੀ ਆਦਿ ਨਿਬੰਧ ਸੰਗ੍ਰਹਿਆਂ ਆਦਿ ਦੀ ਰਚਨਾ ਕੀਤੀ। ਉਸ ਦੇ ਨਿਬੰਧਾਂ ਵਿੱਚ ਪਰਵਾਸੀ ਚੇਤੰਨਤਾ ਦੇ ਚਿੰਨ੍ਹ ਮਿਲਦੇ ਹਨ ਅਤੇ ਉਹ ਬਹੁਤ ਹੀ ਕੱਸੇ ਹੋਏ ਫਿਕਰੇ ਵਰਤਦਾ ਹੈ। ਸ਼ੇਰ ਜੰਗ ਜਾਂਗਲੀ ਇਕ ਵਿਅੰਗਾਤਮਕ ਨਿਬੰਧਕਾਰ ਹੈ। ਸ੍ਰੀਮਤੀ ਕੈਲਾਸ਼ਪੁਰੀ ਦੇ ਪ੍ਰਮੁੱਖ ਨਿਬੰਧ ਸੰਗ੍ਰਹਿ ਹਨ— ਕਾਲਾ ਪਟਕਾ, ਘਰ ਪਾਰ ਘਰ, ਸੁੰਨਦਾ ਸੋ ਨਹੀਂ ਸਕਦੀ, ਇਨ੍ਹਾਂ ਵਿਚ ਇਸਤਰੀ ਜਾਤੀ ਨਾਲ ਹੁੰਦੀ ਵਧੀਕੀ ਵਿਰੁੱਧ ਆਵਾਜ਼ ਉਠਾਈ ਗਈ ਹੈ। ਅਮਰਜੀਤ ਚੰਦਨ ਨੇ 'ਵਲੈਤੀਏ' ਨਿਬੰਧ ਸੰਗ੍ਰਹਿ ਵਿਚ ਬਰਤਾਨੀਆਂ ਵਿੱਚ ਵੱਸਦੇ ਭਾਰਤੀਆਂ ਦਾ ਲੇਖਾ ਜੋਖਾ ਕੀਤਾ ਹੈ। ਗੁਰਦਿਆਲ ਸਿੰਘ ਰਾਏ ਨੇ ਸਾਨੂੰ ਜਿਹੜੇ ਨਿਬੰਧ ਸੰਗ੍ਰਹਿ ਦਿੱਤੇ ਹਨ। ਉਨ੍ਹਾਂ ਨੇ ਨਾਂ ਹਨ ਦੋ ਆਰ ਦੀਆਂ ਦੋ ਪਾਰ ਦੀਆਂ, ਤੇਲ ਰਹਿਤ ਦੀਪਕ, ਲੇਖਕ ਤੇ ਸੰਪਾਦਕ ਦਾ ਸੰਕਟ। ਪ੍ਰੀਤਮ ਸਿੰਘ ਕੈਂਬੋ ਅਨੁਸਾਰ ਉਸ ਦੀ ਲਿਖਤ ਵਿੱਚ ਚੁਸਤੀ, ਸਾਦਗੀ ਭਾਵੁਕਤਾ ਅਤੇ ਤਨਜ਼ ਹੁੰਦੀ ਹੈ।

# ਐੱਮ.ਏ. ਪੰਜਾਬੀ

## ਸਮੈਸਟਰ- ਤੀਸਰਾ

## ਪਰਵਾਸੀ ਪੰਜਾਬੀ ਸਾਹਿਤ

| ਯੂਨਿਟ-4<br>ਪਰਵਾਸੀ ਪੰਜਾਬੀ ਸਾਹਿਤ: ਪ੍ਰਵਿਰਤੀਆਂ |
|---|

4. ਪਰਵਾਸੀ ਪੰਜਾਬੀ ਸਾਹਿਤ: ਪ੍ਰਵਿਰਤੀਆਂ

4.1 ਪਰਵਾਸੀ ਸਾਹਿਤ ਦਾ ਖੇਤਰ

4.2 ਮੂਲ ਪ੍ਰਵਿਰਤੀਆਂ

4.3 ਮੂਲ ਪੰਜਾਬੀ ਸਿਰਜਣ ਧਾਰਾ ਅਤੇ ਪਰਵਾਸੀ ਪੰਜਾਬੀ ਸਾਹਿਤ: ਅੰਤਰ ਸੰਵਾਦ

4.4 ਸਿੱਟਾ

## 4. ਪਰਵਾਸੀ ਪੰਜਾਬੀ ਸਾਹਿਤ: ਪ੍ਰਵਿਰਤੀਆਂ

ਪਿਆਰੇ ਵਿਦਿਆਰਥੀਓ! ਹੁਣ ਸਾਡੇ ਸਾਹਮਣੇ ਸਵਾਲ ਹੈ ਕਿ ਕੀ ਪਰਵਾਸੀ ਪੰਜਾਬੀ ਸਾਹਿਤ ਨੂੰ ਮੂਲ ਸਾਹਿਤ ਸਿਰਜਣਧਾਰਾ ਦਾ ਅੰਗ ਮੰਨਿਆ ਜਾ ਸਕਦਾ ਹੈ ਅਤੇ ਕਿਉਂ? ਪਰਵਾਸੀ ਪੰਜਾਬੀ ਸਾਹਿਤ ਦੀ ਸਿਰਜਨਾ ਭਾਵੇਂ ਚਿਰੋਕਣੇ ਸਮੇਂ ਤੋਂ ਕੀਤੀ ਜਾ ਰਹੀ ਸੀ, ਪਰੰਤੂ ਇਸ ਨੂੰ ਪਹਿਚਾਣ ਪਿਛਲੇ ਦਸ ਪੰਦਰਾਂ ਕੁ ਸਾਲ ਤੋਂ ਮਿਲੀ ਹੈ। ਉਸ ਤੋਂ ਪਹਿਲਾਂ ਸਾਧਾਰਣ ਪਾਠਕਾਂ ਅਤੇ ਇੱਥੋਂ ਤੱਕ ਕਿ ਬਹੁਤ ਸਾਰੇ ਵਿਦਵਾਨਾਂ ਦੀ ਵੀ ਇਹ ਧਾਰਣਾ ਬਣ ਚੁੱਕੀ ਸੀ ਕਿ ਪੰਜਾਬੀ ਸਾਹਿਤ ਦਾ ਅੰਗ ਤਾਂ ਸਿਰਫ਼ ਉਹ ਰਚਨਾਵਾਂ ਹਨ ਜਿਹੜੀਆਂ ਭਾਰਤ ਜਾਂ ਪਾਕਿਸਤਾਨ ਵਿੱਚ ਬੈਠ ਲਿਖ ਰਹੇ ਹਨ ਕਈ ਲੋਕ ਤਾਂ ਪਾਕਿਸਤਾਨ ਵਿਚ ਰਚੇ ਜਾ ਰਹੇ ਪੰਜਾਬੀ ਸਾਹਿਤ ਨੂੰ ਵੀ ਪੰਜਾਬੀ ਸਾਹਿਤ ਦਾ ਅੰਗ ਨਹੀਂ ਮੰਨਦੇ ਸਨ।

4.1 **ਪਰਵਾਸੀ ਸਾਹਿਤ ਦਾ ਖੇਤਰ**—ਅਸੀਂ ਵਿਦੇਸ਼ਾਂ ਵਿੱਚ ਰਚੇ ਜਾ ਰਹੇ ਹਰ ਪੰਜਾਬੀ ਦੁਆਰਾ ਰਚੇ ਪੰਜਾਬੀ ਸਾਹਿਤ ਨੂੰ ਪਰਵਾਸੀ ਪੰਜਾਬੀ ਸਾਹਿਤ ਦੇ ਘੇਰੇ ਵਿਚ ਸ਼ਾਮਿਲ ਨਹੀਂ ਕਰ ਸਕਦੇ ਅਸਲ ਵਿੱਚ ਜਿਹੜੀਆਂ ਸਾਹਿਤਕ ਰਚਨਾਵਾਂ ਮਿਆਰੀ ਹਨ ਅਤੇ ਜਿਨ੍ਹਾਂ ਵਿੱਚ ਪਰਵਾਸੀ ਚੇਤਨਾ ਦਾ ਸਾਹਿਤਕ ਅਤੇ ਕਲਾਤਮਕ ਰੂਪ ਵਿੱਚ ਪ੍ਰਗਟਾਵਾ ਹੁੰਦਾ ਉਹੀ ਰਚਨਾਵਾਂ ਪਰਵਾਸੀ ਸਾਹਿਤ ਦੇ ਖੇਤਰ ਵਿਚ ਆਉਂਦੀਆਂ ਹਨ। ਪਰਵਾਸੀ ਚੇਤਨਾ ਵਿੱਚ ਸ਼ਾਮਿਲ ਮੁੱਖ ਸਰੋਕਾਰ ਹਨ— ਨਸਲਵਾਦ, ਸਮਾਜਿਕ ਘਿਣਾ, ਰਾਸ਼ਟਰੀ ਮੋਹ, ਦੂਜੈਲੇ (ਦੂਜੇ ਨੰਬਰ ਵਾਲੇ) ਸ਼ਹਿਰੀ ਦਰਜ਼ੇ ਦਾ ਆਭਾਸ, ਭੂ-ਹੇਰਵਾ, ਪੀੜੀ ਪਾੜਾ, ਪਰਵਾਸ ਦੌਰਾਨ ਕੁੱਝ ਨਿੱਜੀ ਕਿਸਮ ਦੀਆਂ ਸਮੱਸਿਆਵਾਂ, ਪਰਵਾਸ ਦਾ ਸੰਤਾਪ, ਅੰਤਰ-ਸਭਿਆਚਾਰਕ ਤਣਾਓ ਆਦਿ।

ਲਗਭਗ ਅਜਿਹੇ ਹੀ ਵਿਚਾਰ ਪ੍ਰਗਟਾਉਂਦੇ ਹੋਇਆ ਡਾ. ਐਸ. ਪੀ. ਸਿੰਘ ਨੇ ਆਖਿਆ ਹੈ ਕਿ 'ਬਦੇਸ਼ੀ ਪੰਜਾਬੀ ਸਾਹਿਤ ਦੀ ਪ੍ਰਧਾਨ ਸੁਰ ਪਰਵਾਸੀ ਚੇਤਨਾ ਹੈ। ਓਪਰੀ ਧਰਤੀ 'ਤੇ ਰੁਜ਼ਗਾਰ ਦੀ ਤਲਾਸ਼ ਵਿੱਚ ਮਾਨਸਿਕ ਤੌਰ 'ਤੇ ਅਸਥਾਈ ਰੂਪ ਵਿੱਚ ਰਹਿੰਦੇ ਹੋਏ, ਸਥਾਨਕ ਸਥਿਤੀਆਂ ਤੇ ਪਰਿਸਥਿਤੀਆਂ ਨਾਲ ਦੋ ਚਾਰ ਹੁੰਦੇ ਹੋਏ, ਪੈਦਾ ਹੋਈ ਹਾਲਤ ਨੂੰ ਮਾਨਸਿਕ ਸੰਤਾਪ ਵਜੋਂ ਹੰਢਾ ਰਹੇ ਲੋਕਾਂ ਦੀ ਚੇਤਨਾ ਨੂੰ ਹੀ ਪਰਵਾਸੀ ਚੇਤਨਾ ਦਾ ਨਾਂ ਦਿੱਤਾ ਗਿਆ'। ਹੇਠਾਂ ਪਹਿਲਾਂ ਅਸੀਂ ਪਰਵਾਸੀ ਪੰਜਾਬੀ ਸਾਹਿਤ ਦੇ ਮੂਲ ਸਰੋਕਾਰਾਂ ਨੂੰ ਵਿਚਾਰ ਅਧੀਨ ਲਿਆਵਾਂਗੇ।

4.2 **ਮੂਲ ਪ੍ਰਵਿਰਤੀਆਂ**—ਪਰਵਾਸੀ ਪੰਜਾਬੀ ਸਾਹਿਤ ਦੇ ਮੂਲ ਸਰੋਕਾਰ ਅਤੇ ਪ੍ਰਵਿਰਤੀਆਂ ਨੂੰ ਹੇਠ ਲਿਖੇ ਪ੍ਰਮੁੱਖ ਵਰਗਾਂ ਵਿੱਚ ਵੰਡਿਆ ਜਾ ਸਕਦਾ ਹੈ:

**ਨਸਲੀਵਾਦੀ ਵਿਤਕਰੇ ਅਤੇ ਹੋਰ ਭੇਦ-ਭਾਵ**—ਪਰਵਾਸੀ ਪੰਜਾਬੀ ਸਾਹਿਤ ਦੇ ਮੁੱਢਲੇ ਸਰੋਕਾਰਾਂ ਵਿੱਚ ਇਕ ਹੈ-ਨਸਲਵਾਦੀ ਵਿਤਕਰੇ ਅਤੇ ਹੋਰ ਭੇਦ-ਭਾਵ। ਨਸਲਵਾਦ ਅੰਗਰੇਜ਼ੀ ਸ਼ਬਦ Racism ਦਾ ਪਰਿਆਇਵਾਚੀ ਸ਼ਬਦ ਹੈ ਜਿਸ ਦੇ ਕੋਸ਼ਗਤ ਅਰਥ ਹਨ—("A belief on doctrine that inherent among the various human race determine cultural or individual achievement,

usually involving the idea that one's own race is superior and has the right to rule others.")

ਮੁੱਢਲੀ ਪਰਵਾਸੀ ਕਹਾਣੀ (ਬਰਤਾਨਵੀ) ਤੋਂ ਲੈ ਕੇ ਹੁਣ ਵੱਖ-ਵੱਖ ਦੇਸ਼ਾਂ ਵਿਚ ਰਚੀ ਜਾ ਰਹੀ ਸਮੁੱਚੀ ਕਹਾਣੀ ਵਿੱਚ ਨਸਲੀਵਾਦੀ ਵਰਤਾਰੇ ਦੇ ਬਹੁਪਰਤੀ, ਬਹੁਪੱਖੀ ਦੇ ਬਹੁਦਿਸ਼ਾਵੀ ਸੁਭਾਅ ਦਾ ਬੇਬਹਾ ਗਲਪੀ ਚਿੰਤਨ ਪ੍ਰਸਤੁਤ ਕੀਤਾ ਜਾ ਚੁੱਕਾ ਹੈ। ਹਾਲਾਂਕਿ ਇਸ ਵਰਤਾਰੇ ਦਾ ਪ੍ਰਵਾਹ ਤੇ ਕਰੋਪ ਦਾ ਹਰ ਦੇਸ਼ ਦੀ ਸਥਾਨਿਕ, ਰਾਜਨੀਤਕ, ਸਮਾਜਿਕ ਸਥਿਤੀ ਅਨੁਸਾਰ ਡਿਗਰੀ ਦਾ ਕੁਝ ਅੰਤਰ ਜ਼ਰੂਰ ਹੋ ਸਕਦਾ ਹੈ। ਰਿਸ਼ਤੇ, ਬੋਲਦ ਦੇ ਆਦਮੀ, ਫਿੱਟਿਆ ਦੁੱਧ, ਖੱਟੀ ਲੱਸੀ (ਦਰਸ਼ਨ ਧੀਰ), ਕਿਰਨ, ਉਸ ਪਾਰ, ਬਲੈਕ ਐਂਡ ਵਾਈਟ, ਲਾਲ ਲਕੀਰ, ਟੇਵੇ, ਡਰਟੀ ਕਲਰ (ਰਘੁਬੀਰ ਢੰਡ), ਚਾਚਾ ਖੈਰ, ਖੁਸ਼ਫਹਿਮੀ, ਬਦਖਲ, ਬਦਰੰਗ, ਕਮਾਈ, ਲਜਰ (ਸ਼ਿਵਚਰਨ ਗਿੱਲ), ਦੋ ਕਿਨਾਰੇ ਉਸਤਰੇ (ਤਰਸੇਮ ਨੀਲਗਿਰੀ), ਕਾਲਾ (ਕੇ. ਸੀ. ਮੋਹਨ), ਸੂਵਾ ਕੱਢਣ (ਪ੍ਰੀਤਮ ਸਿੱਧੂ), ਵਾਪਸੀ, ਨਾਦਰਸ਼ਾਹ (ਜਗਜੀਤ ਬਰਾੜ), ਕਾਲਾ ਲਹੂ, ਕਾਲਾ ਹਰਾਮੀ, ਸਿੱਖਾਂ ਦਾ ਘਰ ਬਰਤਾਨੀਆਂ (ਹਰਜੀਤ ਅਟਵਾਲ), ਜੜ੍ਹਾਂ (ਜਰਨੈਲ ਸਿੰਘ) ਬੇਘਰੇ (ਪ੍ਰਵੇਸ਼ ਸੰਧੂ) ਆਦਿ ਕਹਾਣੀਆਂ ਵਿਚ ਚਿੰਤਨੀ ਪਰਿਪੇਖ ਦੇ ਅਨੇਕ ਪਾਸਾਰਾਂ ਤੇ ਪਰਤਾਂ ਨੂੰ ਉਘਾੜਦੀਆਂ ਹਨ। ਇਹ ਕਹਾਣੀਆਂ ਨਸਲ ਤੇ ਨਸਲਵਾਦ ਦੇ ਆਮ ਦਿੱਸਦੇ ਪ੍ਰਤੱਖ ਤੇ ਇਕਹਿਰੇ ਸਰੂਪ ਤੋਂ ਲੈ ਕੇ ਇਸਦੇ ਪਰੋਖ ਤੇ ਸੰਸਥਾਗਤ ਸਰੂਪ ਤੱਕ ਫੈਲੇ ਵਿਚਾਰ-ਪ੍ਰਬੰਧ ਨੂੰ ਗਲਪੀ ਪ੍ਰਕਿਰਿਆ ਵਿੱਚ ਪਾਉਂਦੀਆਂ ਹਨ। ਇਹ ਨਸਲਵਾਦੀ ਵਿਹਾਰ ਕਾਰਨ ਹੀ ਭੂਹੇਰਵਾ ਗ੍ਰਸਤ ਵਿਅਕਤੀ ਵਿੱਚ ਬੇਗਾਨਗੀ ਦੇ ਭਾਵ ਤੀਬਰ ਹੁੰਦੇ ਹਨ ਅਤੇ ਉਹ ਵਾਪਸ ਦੇਸ਼ ਪਰਤ ਜਾਣ ਦਾ ਫੈਸਲਾ ਕਰਦਾ ਹੈ (ਵਾਪਸੀ, ਦੋ ਕਿਨਾਰੇ)। ਇਹ ਨਸਲੀ ਵਿਤਕਰੇ ਦਾ ਹੀ ਕਹਿਰ ਹੈ ਜੋ ਪਰਵਾਸੀ ਵਿਅਕਤੀ ਨੂੰ ਪਸ਼ੂਆਂ ਵਾਂਗ ਕੰਮ ਕਰਨ ਦੇ ਬਾਵਜੂਦ ਦੀ ਘੱਟੋ ਘੱਟ ਮਾਨਵੀ ਵਿਹਾਰ ਤੇ ਹਮਦਰਦੀ ਦਾ ਹੱਕ ਵੀ ਨਹੀਂ ਦਿੰਦਾ (ਬੋਲਦ ਤੇ ਆਦਮੀ)। ਇਹ ਨਸਲਵਾਦ ਦਾ ਹੀ ਜ਼ਹਿਰੀ ਨਾਗ ਹੈ ਜੋ ਉਸਨੂੰ ਨਸਲਵਾਦ ਦਾ ਉੱਤਰ ਨਸਲਵਾਦ ਰਾਹੀਂ ਦੇਣ ਲਈ ਉਤੇਜਿਤ ਕਰਦਾ ਹੈ (ਕਿਰਨ); ਪਰਵਾਸੀ ਲੋਕਾਂ ਨੇ ਪਦਾਰਥਕ ਤੌਰ 'ਤੇ ਭਾਵੇਂ ਕਿੰਨੀ ਵੀ ਉੱਨਤੀ ਕੀਤੀ, ਪਰ ਉਨ੍ਹਾਂ ਨੂੰ ਪਰਾਏ ਮੁਲਕਾਂ ਵਿੱਚ ਨਸਲੀ ਵਿਤਕਰੇ ਅਤੇ ਹੋਰ ਭੇਦ-ਭਾਵਾਂ ਨਾਲ ਦੋ ਚਾਰ ਹੋਣ ਪਿਆ, ਪਰ ਉਨ੍ਹਾਂ ਦੀ ਕਦੇ ਵੀ ਕੋਈ ਪੇਸ਼ ਨਾ ਗਈ ਤੇ ਉਨ੍ਹਾਂ ਸਾਰਿਆਂ ਨੂੰ ਤੀਜੇ ਦਰਜੇ ਦੇ ਸ਼ਹਿਰੀ ਬਣ ਕੇ ਰਹਿਣਾ ਪਿਆ।

ਪਰਮਜੀਤ ਸਿੰਘ ਜੱਜ ਅਨੁਸਾਰ, "ਉਦਯੋਗਿਕ ਤਰੱਕੀ ਸਦਕਾ ਪੱਛਮੀ ਦੇਸ਼ ਛੇਤੀ ਹੀ ਸਾਮਰਾਜੀ ਮੁਲਕ ਬਣ ਗਏ ਅਤੇ ਉਨੀਵੀਂ ਸਦੀ ਦੇ ਅੰਤ ਤਕ ਬਸਤੀਵਾਦ ਆਪਣੀ ਸਿਖਰ 'ਤੇ ਪਹੁੰਚ ਚੁੱਕਾ ਸੀ। ਗੋਰੀ ਨਸਲ ਅਤੇ ਸਾਮਰਾਜੀ ਸ਼ਕਤੀ ਦੀ ਆਪਸੀ ਸਮੂਰਪਤਾ ਦੇ ਕਾਰਨ ਗੋਰਿਆਂ ਦਾ ਦੂਸਰੀ ਨਸਲ ਜਾਂ ਰੰਗ ਦੇ ਲੋਕਾਂ ਨੂੰ ਆਪਣੇ ਤੋਂ ਨੀਵਾਂ ਸਮਝਣਾ ਇਕ ਇਤਿਹਾਸਿਕ ਪ੍ਰਕਿਰਿਆ ਸੀ। ਪਰ ਛੇਤੀ ਹੀ ਜੀਵ-ਵਿਗਿਆਨੀਆਂ ਅਤੇ ਮਨੋਵਿਗਿਆਨੀਆਂ ਨੇ ਇਹ ਸਥਾਪਤ ਕਰਨ ਵਿੱਚ ਕੋਈ ਕਸਰ ਨਾ ਛੱਡੀ ਕਿ ਗੋਰੀ ਨਸਲ ਦੇ ਲੋਕ ਸਭ ਤੋਂ ਜ਼ਿਆਦਾ ਸ੍ਰੇਸ਼ਟ ਹਨ"।

ਡਾ. ਅੰਮ੍ਰਿਤਪਾਲ ਕੌਰ ਅਨੁਸਾਰ, "ਮਾਨਸਿਕ ਤੌਰ 'ਤੇ ਚੇਤੰਨ ਅਤੇ ਸਜੱਗ ਇਨ੍ਹਾਂ ਲੋਕਾਂ ਨੇ ਬੀਤ ਚੁੱਕੇ ਸੰਤਾਪ ਨੂੰ ਆਪਣੇ ਮੋਢਿਆ 'ਤੇ ਚੁੱਕ ਲਿਆ। ਆਪਣੇ ਦੇਸ਼ ਅੰਦਰ ਆਰਥਿਕ ਅਤੇ ਸਮਾਜਿਕ ਰੁਤਬੇ ਨੂੰ ਹੋਰ ਉੱਪਰ ਉਠਾਉਣ ਖਾਤਰ ਵਿਦੇਸ਼ਾਂ ਵਿੱਚ ਤੀਜੇ ਦਰਜੇ ਦੇ ਸ਼ਹਿਰੀ ਬਣ ਕੇ ਰਹਿਣਾ ਸਵੀਕਾਰ ਕੀਤਾ ਅਤੇ ਗੁਲਾਮੀ ਦੇ ਸੰਤਾਪ ਨੂੰ ਵੀ ਭੋਗਿਆ। ਨਸਲੀ ਵਿਚਕਰਾ, ਨਫ਼ਰਤ, ਗਰੀਬੀ, ਗੁਲਾਮੀ ਆਦਿ ਪਰਿਸਥਿਤੀਆਂ ਵਿੱਚੋਂ ਗੁਜ਼ਾਰਦਿਆਂ ਇਹਨਾਂ ਲੋਕਾਂ ਦੀ ਮਾਨਸਿਕਤਾ ਦੇ ਇਨ੍ਹਾਂ ਨੂੰ ਝੰਜੋੜ ਕੇ ਰੱਖ ਦਿੱਤਾ। ਆਪਣੀ ਭਾਵਨਾਤਮਕ ਸੁਰੱਖਿਆ ਖ਼ਾਤਰ ਵਿਦੇਸ਼ਾਂ ਵਿੱਚ ਰਹਿੰਦੇ ਇਨ੍ਹਾਂ ਪ੍ਰਵਾਸੀਆਂ ਨੇ ਲਿਖਤਾਂ ਦੁਆਰਾ ਆਪਣੇ-ਆਪ ਨੂੰ ਅਭਿਵਿਅਕਤ ਕੀਤਾ। ਭਾਵੇਂ ਇਹਨਾਂ ਵਿੱਚੋਂ ਬਹੁਤੇ ਪ੍ਰਵਾਸੀ ਲੇਖਕ ਭਾਰਤ ਵਿੱਚ ਰਹਿੰਦਿਆਂ ਹੀ ਪੰਜਾਬੀ ਭਾਸ਼ਾ ਨਾਲ ਸੰਬੰਧਿਤ ਤੇ ਸਾਹਿਤਕ ਰੁਚੀਆਂ ਦੇ ਮਾਲਕ ਸਨ, ਪਰੰਤੂ ਉੱਥੋਂ ਦੀਆਂ ਪਰਿਸਥਿਤੀਆਂ ਨੇ ਇਹਨਾਂ ਵਿਚਲੀ ਸਾਹਿਤਕ ਰੁਚੀ ਦੀ ਸੰਵੇਦਨਾ ਨੂੰ ਤੀਬਰ ਅਤੇ ਤਿਖੇਰਾ ਕੀਤਾ ਅਤੇ ਇਹ ਲੋਕ ਹੀ ਸਾਹਿਤ ਰਚਨਾਵਾਂ ਦਾ ਕੇਂਦਰੀ ਧੁਰਾ ਬਣ ਕੇ ਰੂਪਮਾਨ ਹੋਏ। ਕਿਸੇ ਵਿਸ਼ੇਸ਼ ਦਰਸ਼ਨ, ਸਿਧਾਂਤ ਜਾਂ ਚਿੰਤਨ ਤੋਂ ਅਪ੍ਰਭਾਵਿਤ ਇਹਨਾਂ ਲੋਕਾਂ ਨੇ ਮੂਲ ਰੂਪ ਵਿਚ ਪਰਿਸਥਿਤੀਆਂ ਵਿੱਚ ਘਿਰੇ ਪ੍ਰਵਾਸੀ ਮਨੁੱਖ ਦੇ ਦੁੱਖ, ਸੰਤਾਪ ਨੂੰ ਹੀ ਚਿਤਰਿਤ ਕੀਤਾ। ਪ੍ਰਵਾਸੀਆਂ ਨੂੰ ਭਾਵਨਾਤਮਕ ਸੁਰੱਖਿਆ ਪ੍ਰਦਾਨ ਕਰਨ ਹਿੱਤ ਅਭਿਵਿਅਕਤੀ ਦਾ ਇਹ ਯਤਨ ਇਹਨਾਂ ਪਰਵਾਸੀਆਂ ਦੀ ਲੋੜ ਸੀ ਭਾਵੇਂ ਇਨ੍ਹਾਂ ਵਿੱਚੋਂ ਉਪਲਬਧ ਸਾਹਿਤ ਪਰਿਵਰਿਤ ਅਧੀਨ ਮਨੁੱਖੀ ਜੀਵਨ ਦੇ ਗਤੀਸ਼ੀਲ ਅਤੇ ਕਿਰਿਆਤਮਕ ਰੂਪ ਦਾ ਰੂਪਾਂਤਰਣ ਹੀ ਹੈ।

ਇੱਥੇ ਅਸੀਂ ਲੱਖਾ ਸਿੰਘ ਜੋਹਲ ਦੀ ਕਵਿਤਾ ਵਿੱਚੋਂ ਨਸਲੀ ਵਿਤਕਰੇ ਦੀ ਉਦਾਹਰਣ ਦੇ ਰਹੇ ਹਾਂ—

ਹਿੰਦੀ ਕਹਿਣ ਵਲੈਤੀਏ ਸਾਨੂੰ
ਗੋਰੇ ਆਖਣ ਕਾਲੇ
ਜੰਤੂ ਅਸੀਂ ਨਿਰਾਲੇ
ਲੱਖ ਚੁਰਾਸੀ ਜੂਨਾਂ ਵਿੱਚੋਂ
ਇਹ ਸਮਾਜ ਨਾ ਝੱਲੇ ਸਾਨੂੰ
ਦੇਸ਼ ਅਸੀਂ ਪਰਾਏ
ਅਣਖ ਵੇਚ ਕੇ ਪਿੰਡ ਵਿਹਾਜੇ
ਸਾਨੂੰ ਰਾਸ ਨਾ ਆਏ।

ਇਸੇ ਤਰਾਂ ਨਿਰੰਜਨ ਸਿੰਘ ਨੂਰ ਵੀ ਆਪਣੀ ਇਕ ਕਵਿਤਾ ਵਿੱਚ ਪਰਵਾਸ ਦੌਰਾਨ ਪ੍ਰਾਪਤ ਨਸਲਵਾਦੀ ਵਿਤਕਰੇ ਦਾ ਪ੍ਰਗਟਾਵਾ ਕਰਦਾ ਹੋਇਆ ਆਖਦਾ ਹੈ—

"ਅਸੀਂ ਕਾਲੇ ਤੇਰੀ ਇਨਸਾਫ਼ ਦੀ
ਨਗਰੀ ਦੇ ਮੁਜ਼ਰਮ ਹਾਂ
ਗੁਲਾਮੀ ਸਹਿਣ ਵਾਲਾ ਪਾਪ ਵੀ

ਸਾਡੇ ਤੋਂ ਹੋਇਆ ਹੈ। ’

ਹਰ ਜਿਨ੍ਹਾਂ ਪਰਵਾਸੀ ਸਾਹਿਤਕਾਰਾਂ ਨੇ ਆਪਣੇ ਸਾਹਿਤ ਵਿੱਚ ਨਸਲਵਾਦ ਦੀ ਅਭਿਵਿਅਕਤੀ ਕੀਤੀ ਹੈ, ਉਹਨਾਂ ਵਿੱਚ ਕੈਨੇਡਾ ਤੋਂ ਸਾਧੂ, ਇਕਬਾਲ ਰਾਮੂਵਾਲੀਆ, ਚਰਨ ਸਿੰਘ, ਸੁਖਵੰਤ ਹੁੰਦਲ, ਅਜਮੇਰ ਰੋਡੇ, ਯੁਵਰਾਜ ਰਤਨ (ਗਲਪਕਾਰ), ਬਰਤਾਨੀਆਂ ਤੋਂ ਜਗਤਾਰ ਢਾਅ, ਮੁਸ਼ਤਾਕ, ਦਰਸ਼ਨ ਧੀਰ (ਗਲਪਕਾਰ), ਕੈਲਾਸ਼ਪੁਰੀ, ਗੁਰਨਾਮ ਗਿੱਲ, ਤਰਸੇਮ ਨੀਲਗਿਰੀ, ਪ੍ਰੀਤਮ ਸਿੱਧੂ, ਸਾਥੀ ਲੁਧਿਆਣਵੀ, ਗੁਰਦਿਆਲ ਸਿੰਘ ਰਾਏ, ਅਮਰੀਕਾ ਤੋਂ ਸੁਖਵਿੰਦਰ ਕੰਬੋਜ (ਕਵੀ) ਦੇਵ (ਕਵੀ) ਰਾਣੀ ਨਗਿੰਦਰ (ਕਹਾਣੀਕਾਰ) ਨੀਦਰਲੈਂਡ ਤੋਂ ਅਪਰ ਜਿਉਤੀ, ਅਸਟਰੇਲੀਆ ਤੋਂ ਅਜੀਤ ਰਾਹੀਂ ਆਦਿ ਦੇ ਨਾਂ ਵਰਣਨਯੋਗ ਹਨ ।

**ਉਦਰੇਵਾ—**ਪਰਵਾਸੀ ਪੰਜਾਬੀ ਸਾਹਿਤ ਦਾ ਦੂਜਾ ਮੂਲ ਸਰੋਕਾਰ ਭੂ-ਹੇਰਵਾ ਜਾਂ ਵਤਨ ਲਈ ਉਦਰੇਵਾ ਹੈ। ਭੂ-ਹੇਰਵਾ ਜਾਂ ਉਦਰੇਵਾ ਅੰਗਰੇਜ਼ੀ ਸ਼ਬਦ 'Nostalgia' ਦਾ ਸਮਾਨਾਰਥੀ ਹੈ । ਅੰਗਰੇਜ਼ੀ ਦੇ ਸ਼ਬਦ Nostalglu ਦੇ ਕੋਸ਼ਗਤ ਅਰਥ ਹਨ, "A wish full desire to return in thought or infact to a Former time in one’s ilfe, to one’s home or home land or to one’s faimly and friends, a Sentimental yearning for the happiness of a former place or time."

ਸੋ ਪ੍ਰਵਾਸੀ ਪੰਜਾਬੀ ਸਾਹਿਤ ਦਾ ਮੂਲ ਇੱਕ ਮਹੱਤਵਪੂਰਨ ਸਰੋਕਾਰ ਵਤਨੀਅਤ ਦਾ ਜਜ਼ਬਾ ਹੈ। ਉਹ ਵਿਦੇਸ਼ਾਂ ਵਿੱਚ ਬੈਠੇ ਆਪਣੇ ਵਤਨ ਵਿੱਚ ਗੁਜਾਰੇ ਪਲਾਂ ਜਾਂ ਬਚਪਨ ਅਤੇ ਜਵਾਨੀ ਦੀਆਂ ਕੌੜੀਆਂ-ਮਿੱਠੀਆਂ ਯਾਦਾਂ ਨਾਲ ਖੇਡਦੇ ਹਨ । ਅਸੀਂ ਪੰਜਾਬੀ ਭਾਵੇਂ ਪੰਜਾਬ ਦੇ ਪ੍ਰਸ਼ੰਸਕ ਹੋਈਏ ਜਾਂ ਆਲੋਚਕ, ਪੰਜਾਬ ਵਿੱਚ ਵਸਦੇ ਹੋਈਏ ਜਾਂ ਪ੍ਰਦੇਸ਼ਾਂ ਦੇ ਦੁੱਖ ਝਾਗਦੇ ਹੋਈਏ, ਦੇਸ਼ ਵਿੱਚ ਅਸੀਸ, ਅਸਾਂ ਸਭਨਾਂ ਗ਼ਰੀਬਾਂ ਦੇ ਮਨਾਂ ਵਿੱਚ ਹਰ ਹੀਲੇ ਰਾਖਵੀਂ ਹੈ । ਪੰਜਾਬ ਪੰਜਾਬੀਆਂ ਲਈ ਮਹਿਜ ਭੂਗੋਲਿਕ ਖਿੱਤੇ ਦਾ ਹੀ ਨਹੀਂ, ਸਗੋਂ ਇਕ ਜਿਹਨੀ-ਜਜ਼ਬਾਤੀ ਕੈਫ਼ੀਅਤ ਦੇ ਨਾਂ ਹੈ, ਪਰ ਇਸ ਸੋਚ ਤੋਂ ਵੀ ਮੂੰਹ ਨਹੀਂ ਮੋੜਿਆ ਜਾ ਸਕਦਾ ਕਿ ਸਾਡੇ ਜ਼ਿਹਨ ਵਿੱਚ ਵਸਿਆ ਪੰਜਾਬ ਦਾ ਜਜ਼ਬਾਤੀ ਜੁਗਰਾਫ਼ੀਆ ਸਾਡੀ ਅਸਲ ਜ਼ਿੰਦਗੀ ਦੇ ਜੁਗਰਾਫ਼ੀਏ ਨਾਲੋਂ ਕਈ ਜਟਿਲ ਕਾਰਨਾ ਅੱਡੇ ਫਾਟ ਹੋਇਆ ਪ੍ਰਤੱਖ ਹੁੰਦਾ ਹੈ ।

ਆਪਣੀਆਂ ਰਚਨਾਵਾਂ ਵਿੱਚ ਭੂ-ਹੇਰਵੇ ਅਤੇ ਵਤਨ ਲਈ ਉਦਰੇਵੇਂ ਦਾ ਪ੍ਰਗਟਾਵਾ ਸਾਨੂੰ ਵਧੇਰੇ ਕੈਨੇਡਾ ਦੇ ਬਲਬੀਰ ਮੋਮੀ, ਹਰਭਜਨ ਪਵਾਰ, ਬਰਤਾਨੀਆ ਦੇ ਹਰਭਜਨ ਸਿੰਘ ਵਿਰਕ, ਹਰਿੰਦਰ ਬਜਾਜ, ਕੈਲਾਸ਼ ਪੁਰੀ (ਗਲਪਕਾਰ), ਭੁਪਿੰਦਰ ਗਰੇਵਾਲ, ਜਗਤਾਰ ਢਾਅ, ਗੁਰਨਾਮ ਗਿੱਲ, ਕੀਨੀਆ ਦੇ ਸੋਹਣ ਸਿੰਘ ਜੋਸ਼, ਅਮਰੀਕਾ ਦੀ ਰਾਣੀ ਨਦਰ (ਕਹਾਣੀਕਾਰ) ਆਦਿ । ਇੱਥੇ ਅਸੀਂ ਪ੍ਰੀਤਮ ਸਿੱਧੂ ਦੀ ਕਵਿਤਾ ਦੀਆਂ ਕੁੱਝ ਸਤਰਾਂ ਉਦਾਹਰਣ ਵੱਜੋਂ ਦੇ ਰਹੇ ਹਾਂ-

“ਨਾ ਪਿੱਪਲ ਨਾ ਟਾਹਲੀਆਂ ਇੱਥੇ<br>
ਨਾ ਬੋਹੜ ਮੇਰੇ ਪਿਓ ਵਰਗਾ<br>
ਤੋੜ ਸੁੱਟਾ ਮੇਰੀ ਜਿੰਦ ਰਿਝਾਈ

ਇਹਨਾ ਮੇਰੀ ਜ਼ਿੰਦ ਰਿਝਾਈ ।"

**ਸਭਿਆਚਾਰਕ ਤਣਾਓ**—ਸਭਿਆਚਾਰਕ ਤਣਾਓ ਇਕ ਹੋਰ ਸਰੋਕਾਰ ਹੈ ਜਿਸ ਦਾ ਪ੍ਰਗਟਾਵਾ ਪਰਵਾਸੀ ਪੰਜਾਬੀ ਸਾਹਿਤ ਦਾ ਬਣ ਗਿਆ ਹੈ । ਪੰਜਾਬ ਵਿੱਚੋਂ ਗਏ ਲੇਖਕਾਂ ਦੀ ਪਹਿਲੀ ਪੀੜ੍ਹੀ ਪੂਰਨ ਵਿੱਚ ਆਪਣੇ ਸਭਿਆਚਾਰ ਨਾਲ ਜੁੜੀ ਹੋਈ ਹੋਣ ਕਰਕੇ ਦੋ ਤਰ੍ਹਾਂ ਦੇ ਸਭਿਆਚਾਰਕ ਤਣਾਓ ਦਾ ਸ਼ਿਕਾਰ ਹੋ ਰਹੀ ਹੈ। ਉਹਨਾਂ ਦਾ ਤਣਾਓ ਵਿਦੇਸ਼ੀ ਸਭਿਆਚਾਰ ਹੰਢਾ ਰਹੇ ਲੋਕਾਂ ਨਾਲ ਹੈ ਅਤੇ ਦੂਜਾ ਆਪਣੀ ਹੀ ਅਗਲੀ ਪੀੜ੍ਹੀ ਨਾਲ ਜੋ ਕਾਫ਼ੀ ਹੱਦ ਤੱਕ ਪੱਛਮੀ ਸਭਿਆਚਾਰ ਤੋਂ ਪ੍ਰਭਾਵਿਤ ਹੋ ਚੁੱਕੀ ਹੈ (ਅਤੇ ਆਪਣੇ ਦੇਸ਼ ਘੱਟ ਆਉਣ ਕਰਕੇ) ਪੰਜਾਬੀ/ਭਾਰਤੀ ਸਭਿਆਚਾਰ ਤੋਂ ਟੁੱਟ ਚੁੱਕੀ ਹੈ। ਇਕ ਵਿਦਵਾਨ ਅਨੁਸਾਰ, ਸਭਿਆਚਾਰਕ ਤਣਾਉ ਦੀ ਸਿਰਜਨਾ ਪਿੱਛੇ ਜਿੱਥੇ ਮੂਲ ਸਭਿਆਚਾਰ ਤੇ ਗੌਣ ਸਭਿਆਚਾਰ ਦੀ ਟੱਕਰ ਕਾਰਜਸ਼ੀਲ ਰਹਿੰਦੀ ਹੈ। ਉੱਥੇ ਇਤਿਹਾਸਕ ਹਨ, ਆਰਥਿਕ ਦ੍ਰਿਸ਼ਟੀ, ਮਨੋਵਿਗਿਆਨਕ ਤਰਜੀਹਾਂ ਅਤੇ ਪਰੰਪਰਕ ਬਿੰਬ-ਚਿੰਤਨ ਵੀ ਆਪਣੀ ਭੂਮਿਕਾ ਨਿਭਾਉਂਦਾ ਹੈ ।

ਸਭਿਆਚਾਰਕ ਤਣਾਓ ਦੀ ਇਕ ਖ਼ੂਬਸੂਰਤ ਉਦਾਹਰਣ ਜਗਤਾਰ ਢਾਅ ਦੀ ਕਵਿਤਾ ਵਿੱਚੋਂ ਦਿੱਤੀ ਜਾ ਸਕਦੀ ਹੈ—

"ਆਪਣੀ ਧੀ ਦੀ ਬੇਸ਼ਰਮ ਲੱਤ ਉੱਤੇ
ਜਦੋਂ ਮਿੰਨੀ ਸਕਰਟ ਨੱਚਦੀ ਦੇਖਾਂਗੇ ।
ਤਾਂ ਅੰਦਰ ਹੀ ਅੰਦਰ
ਸ਼ਰਮ ਨਾਲ ਲਾਲ ਸੂਹੇ ਹੋਵਾਂਗੇ ।"

ਜਗਤਾਰ ਢਾਅ ਤੋਂ ਇਲਾਵਾ ਅਜਿਹੇ ਪਰਵਾਸੀ ਸਾਹਿਤਕਾਰਾਂ ਵਿੱਚ ਅਸੀਂ ਭੁਪਿੰਦਰ ਗਰੇਵਾਲ, ਸਰਵਣ ਸਿੰਘ ਅਮੋਲਕ, ਮੁਸ਼ਤਾਕ ਸਿੰਘ, ਦਰਸ਼ਨ ਧੀਰ (ਗਲਪਕਾਰ), ਰਵਿੰਦਰ ਰਵੀ (ਕਵੀ ਤੇ ਕਹਾਣੀਕਾਰ), ਕੋਲਬਾਪੁਰੀ, ਜਰਨੈਲ ਸਿੰਘ ਆਦਿ ਨਾਂ ਲੈ ਸਕਦੇ ਹਾਂ ।

"ਤੇ ਬੱਸ ਤੁਰਦੀ ਗਈ" ਕਹਾਣੀ ਵਿੱਚ ਲੇਖਕ ਨੇ ਭਾਰਤੀ ਪੰਜਾਬੀਆਂ ਤੇ ਪਰਵਾਸੀ ਪੰਜਾਬੀਆਂ ਦੀਆਂ ਨਾਂਹ-ਪੱਖੀ ਅਦਾਤਾਂ, ਰੁਚੀਆਂ, ਵਿਚਾਰਾ, ਜੀਵਨ-ਜਾਂਚ ਆਦਿ ਦੇ ਨਿੱਕੇ-ਨਿੱਕੇ ਵੇਰਵੇ ਦੇ ਕੇ ਉਨ੍ਹਾਂ ਨੂੰ ਕਟਾਖਸ਼ ਦਾ ਪਾਤਰ ਬਣਾਇਆ ਹੈ । ਜਦਕਿ ਇਸਦੇ ਸਮਾਨਾਂਤਰ ਕੀਤਾ ਗਿਆ ਹੈ । ਇਸ ਕਹਾਣੀ ਰਾਹੀਂ ਪਰਵਾਸੀ ਪੰਜਾਬੀਆਂ ਦੀਆਂ ਉਨ੍ਹਾਂ ਸਥਿਤੀਆਂ ਦੀ ਸਿਰਜਨਾ ਕੀਤੀ ਗਈ ਹੈ ਜਿਨ੍ਹਾਂ ਤਹਿਤ ਉਨ੍ਹਾਂ ਨੇ ਦੇਸ਼ੀ ਕਦਰਾਂ-ਕੀਮਤਾਂ ਦੇ ਨਾਂਹ-ਪੱਖੀ ਪਹਿਲੂਆਂ ਨੂੰ ਤਿਆਰ ਕੇ ਸਥਾਨਕ ਸਮਾਜ ਨਾਲ ਸਾਮੰਜਸ ਪੈਦਾ ਕਰਨ ਦੀ ਅਵਸਥਾ ਨੂੰ ਚਿਤਰਿਆ ਹੈ—

ਭਾਰਤੀ ਸਭਿਆਚਾਰ, ਜਿਸ ਦੇ ਕਦੇ ਉਹ ਗੁਣ ਗਾਉਂਦਾ ਨਹੀਂ ਸੀ ਥੱਕਦਾ ਉਸਦਾ ਮੁਲੰਮਾ ਲੱਥ ਚੁੱਕਾ ਸੀ ਅਤੇ ਕੈਨੇਡਾ ਉਸ ਨੂੰ ਚੰਗਾ ਅਤੇ ਆਪਣਾ ਮੁਲਕ ਜਾਪਣ ਲੱਗ ਪਿਆ ਸੀ ਜਿੱਥੇ ਹਰ ਗੱਲ ਵਿੱਚ ਸਪੱਸ਼ਟਤਾ ਸੀ—ਕੀ ਕਵੀ ਸਾਡੇ 'ਚ ਏਨੀ ਸਹਿਣ ਸ਼ਕਤੀ ਹੋ ? ਉੱਥੇ ਤਾਂ ਕੁੜੀ ਨਾਲ ਦੋਸਤੀ ਦਾ ਅਰਥ ਹੀ ਔਰਤ ਮਰਦ ਦੇ ਨਾਜਾਇਜ਼ ਸੰਬੰਧਾਂ ਨਾਲ ਜੋੜ ਕੇ ਵੇਖਿਆ ਜਾਂਦਾ ਹੈ।

**ਪੈਦਾਵਾਰੀ ਰਿਸ਼ਤਿਆਂ ਦਾ ਅਸਾਵਾਂਪਣ:** ਪੈਦਾਵਾਰੀ ਰਿਸ਼ਤਿਆਂ ਦਾ ਅਸਾਵਾਂਪਣ ਇੱਕ ਅਜਿਹਾ ਅਜਿਹਾ ਵਿਸ਼ਾ ਹੈ। ਜਿਸ ਉੱਤੇ ਸਾਡੇ ਬਹੁਤ ਸਾਰੇ ਪਰਵਾਸੀ ਸਾਹਿਤਕਾਰਾਂ ਦੀ ਕਲਮ ਕੇਂਦਰਿਤ ਹੋਈ ਹੈ । ਬਰਤਾਨਵੀ ਪੰਜਾਬੀ ਕਵਿਤਾ ਦਾ ਇੱਕ ਵੱਡਾ ਹਿੱਸਾ ਅਜਿਹੇ ਕਾਵਿ-ਰੂਪਾਂਤਰਣ ਦਾ ਹੈ, ਜਿਸ ਵਿਚ ਆਰਥਿਕ ਮਜ਼ਬੂਰੀਆਂ, ਜੀਵਨ ਨਿਰਬਾਹ ਦੀਆਂ ਥੁੜ੍ਹਾਂ ਅਤੇ ਆਰਥਿਕ ਅਸਾਵੇਪਨ ਤੋਂ ਪ੍ਰਭਾਵਿਤ ਮਾਨਸਿਕਤਾ ਕਾਵਿ-ਵਸਤੂ ਵੱਜੋਂ ਨਿਹਿਤ ਦਿੱਸਦੀ ਹੈ । ਉਦਾਹਰਣ ਵੱਜੋਂ ਚ ਸ. ਚੰਨ ਆਪਣੀ ਇੱਕ ਕਵਿਤਾ ਵਿੱਚ ਆਖਦਾ ਹੈ—

> ਮਿਰੀ ਮਿਹਨਤ 'ਤੇ ਮੁੜਕੇ ਦਾ
> ਕਿਤੇ ਬਾਲਣ ਨਾ ਹੋ ਜਾਵੇ ਤੁਸੀਂ ਸੂਰਜ ਨਾ ਹੋ ਜਾਵੇ
> ਆਥਣ ਨਾ ਹੋ ਜਾਵੇ ।"

ਇਸੇ ਤਰ੍ਹਾਂ ਹਰਜੀਤ ਅਟਵਾਲ ਦੀ ਕਹਾਣੀ 'ਜਵੜਾ' ਵਿੱਚ ਆਰਥਿਕ ਅਸਾਂਵੇਪਨ ਕਾਰਨ ਪਤੀ-ਪਤਨੀ ਨੂੰ ਨਾਂ

ਚਾਹੁੰਦਿਆਂ ਹੋਇਆਂ ਵੀ ਇਕੱਠੇ ਰਹਿਣ ਲਈ ਮਜਬੂਰ ਹੋਣਾ ਪੈਂਦਾ ਹੈ ।

ਉੱਤਰੀ ਅਮਰੀਕਨ ਦੇਸ਼ਾਂ ਵਿੱਚ ਮਾਂ-ਬਾਪ ਦੁਆਰਾ ਨਿਰਧਾਰਿਤ ਵਿਆਹ ਦਾ ਸੰਕਲਪ ਲਗਭਗ ਗ਼ੈਰਹਾਜ਼ਰ ਹੈ। ਇੱਥੇ ਹਰ ਵਿਅਕਤੀ ਆਪਣਾ ਜੀਵਨ-ਸਾਥੀ ਖ਼ੁਦ ਚੁਣਦਾ ਹੈ । ਇਸ ਚੋਣ ਵਿੱਚ 'ਡੇਟਿੰਗ' ਮੱਦਦਗਾਰ ਸਿੱਧ ਹੁੰਦੀ ਹੈ। ਡੇਟਿੰਗ ਇਕ ਅਜਿਹਾ ਵਰਤਾਰਾ ਹੈ ਜੋ ਲਗਭਗ 13 ਸਾਲ ਦੀ ਉਮਰ ਦੇ ਮੁੰਡੇ-ਕੁੜੀਆਂ ਤੋਂ ਸ਼ੁਰੂ ਹੋ ਜਾਂਦਾ ਹੈ ਜਿਸ ਵਿੱਚ ਉਹ ਇਕੱਲੇ ਬਾਹਰ ਖਾਣਾ ਖਾਦੇਂ, ਫਿਲਮਾਂ ਦੇਖਦੇ, ਡਾਂਸ ਅਤੇ ਪਾਰਟੀਆਂ ਵਿੱਚ ਜਾਂਦੇ ਹਨ। ਉਨ੍ਹਾਂ ਦੇ ਮਾਂ-ਬਾਪ ਵੀ ਉਨ੍ਹਾਂ ਨੂੰ ਡੇਟਿੰਗ ਲਈ ਉਤਸ਼ਾਹਿਤ ਕਰਦੇ ਹਨ ਅਤੇ ਉਨ੍ਹਾਂ ਦੀ ਮੱਦਦ ਵੀ ਕਰਦੇ ਹਨ। ਪਰੰਪਰਾ ਅਨੁਸਾਰ ਮੁੰਡਾ ਕੁੜੀ ਦਾ ਹੱਥ ਮੰਗਦਾ ਹੈ ਤੇ ਕੁੜੀ ਦੇ ਸਹਿਮਤ ਹੋਣ ਉਪਰੰਤ ਮਾਂ-ਬਾਪ ਨੂੰ ਦੱਸ ਦਿੱਤਾ ਹੈ। ਵਿਆਹ ਤੋਂ ਪਹਿਲਾਂ ਦੇ ਲਿੰਗਕ ਵਿਹਾਰ ਨੂੰ ਵੀ ਨੈਤਿਕ-ਪਤਨ ਨਾਲ ਜੋੜ ਕੇ ਨਹੀਂ ਦੇਖਿਆ ਜਾਂਦਾ। ਵਿਆਹ ਤੋਂ ਪਹਿਲੇ ਸਰੀਰਕ-ਸੰਬੰਧ ਇੱਥੇ ਇਕ ਆਮ ਵਰਤਾਰਾ ਅਤੇ ਜ਼ਿੰਦਗੀ ਦਾ ਸਵੀਕਾਰਿਆ ਹੋਇਆ ਤਰੀਕਾ ਬਣ ਚੁੱਕੇ ਹਨ। ਇੱਥੋਂ ਦੇ ਸਮਾਜ ਵਿੱਚ ਕਈ ਕਿਸਮ ਦੇ ਜੋੜੇ ਮਿਲਦੇ ਹਨ। ਜਿਵੇਂ ਭਿੰਨ ਲਿੰਗੀ ਜੋੜ੍ਹੇ ਸਮਲਿੰਗੀ ਜੋੜੇ, ਸਾਂਝਾ ਕਾਨੂੰਨ ਜੋੜੇ ਆਦਿ ।ਇੱਥੇ ਕੁੱਝ ਔਰਤਾਂ ਵਿਆਹ ਨਾ ਕਰਵਾ ਕੇ ਇਕੱਲੇ ਰਹਿਣ ਨੂੰ ਮਹੱਤਵ ਦਿੰਦੀਆਂ ਹਨ।

**ਖੁੱਲ੍ਹ ਮਾਣਨ ਦੀ ਲਾਲਸਾ**—ਪਰਵਾਸੀ ਪੰਜਾਬੀ ਸਾਹਿਤ ਦਾ ਇਕ ਅਹਿਮ ਵਿਸ਼ਾ ਪਰਵਾਸ ਵਿੱਚ ਪਲੇ ਪੰਜਾਬੀਆਂ ਦੀ ਖੁੱਲ੍ਹ ਮਾਣਨ ਦੀ ਲਾਲਸਾ ਹੈ। ਸਾਡੇ ਬਹੁਤ ਸਾਰੇ ਲੋਕ ਪਰਦੇਸ਼ਾਂ ਵਿਚ ਇਸ ਲਈ ਗਏ ਕਿ ਉੱਥੇ ਭਾਰਤ ਦੇ ਮੁਕਾਬਲੇ ਵਿਚ ਕੁੱਝ ਵਧੇਰੇ ਖੁੱਲ੍ਹ ਹੈ। ਇਸ ਪ੍ਰਸੰਗ ਵਿੱਚ ਅਸੀਂ ਰਘਬੀਰ ਢੰਡ, ਪ੍ਰੀਤਮ ਸਿੱਧੂ, ਜਗਜੀਤ ਬਰਾੜ, ਰਵਿੰਦਰ ਰਵੀ, ਸਵਰਨ ਚੰਦਨ, ਹਰਜੀਤ ਅਟਵਾਲ, ਗੁਰਦਿਆਲ ਸਿੰਘ ਰਾਇ, ਵੀਨਾ ਵਰਮਾ ਆਦਿ ਦੀਆਂ ਰਚਨਾਵਾਂ ਦੇ ਨਾਂ ਲੈ ਸਕਦੇ ਹਾਂ । ਉਦਾਹਰਣ ਵੱਜੋਂ ਸਵਰਨ

ਚੰਦਨ ਦੀ ਕਹਾਣੀ ਵੀ ਸੁਸਾਇਟੀ ਵਿੱਚ ਕਹਾਣੀ ਦਾ ਪਾਤਰ (ਸੀਮਾ) ਗੋਰਿਆਂ ਦੀਆਂ ਕੁੜੀਆਂ ਨਾਲ ਪੜ੍ਹਦੀ ਹੈ ਅਤੇ ਉਨ੍ਹਾਂ ਵਾਂਗ ਖੁੱਲ੍ਹ ਮਾਣਨਾ ਚਾਹੁੰਦੀ ਹੈ । ਉਸ ਦੇ ਮਾਤਾ-ਪਿਤਾ ਉਸ ਦਾ ਵਿਰੋਧ ਕਰਦੇ ਹਨ ਸੀਮਾ ਪਹਿਲਾਂ ਲੇਟ ਨਾਈਟ ਫਿਲਮਾਂ ਵੇਖਦੀ ਹੈ, ਮਗਰ ਉਹ ਸੈਕਸੀ ਕਿਤਾਬਾਂ ਅਤੇ ਰਸਾਲੇ ਵੀ ਪੜ੍ਹਨ ਲੱਗ ਪੈਂਦੀ ਹੈ ਅਤੇ ਪੱਛਮੀ ਕੁੜੀਆਂ ਵਾਂਗ ਆਪਣੇ ਬੁਆਏ ਫਰੈਂਡਜ਼ ਵੀ ਲੱਭ ਲੈਂਦੀ ਹੈ ਤੇ ਨਸ਼ੇ ਦੀਆਂ ਗੋਲੀਆਂ ਵੀ ਖਾਣ ਲੱਗ ਪੈਂਦੀ ਹੈ।

ਪਰਵੇਜ ਸੰਧੂ ਦੀ ਕਹਾਣੀ ਸਿਰਫ਼ ਇਕ ਵਾਰ ਇਸਦੀ ਮਾਰਮਿਕ ਉਦਾਹਰਣ ਹੈ ਜਿਸ ਵਿੱਚ ਇੱਕ ਪੰਜਾਬੀ ਬੰਦਾ ਨਿਰੋਲ ਗੋਰੀ ਔਰਤ ਨੂੰ ਮਾਣਨ ਦੇ ਜਿਨਸੀ ਖ਼ਬਤ ਕਰਕੇ ਘਰ ਵਿੱਚ ਖ਼ੂਬਸੂਰਤ ਤੇ ਸੁਹਿਰਦ ਪਤਨੀ ਅਤੇ ਜਵਾਨ ਧੀ ਹੋਣ ਦੇ ਬਾਵਜੂਦ, ਹਰ ਰੋਜ਼ ਗੋਰੀ ਕੋਲ ਜਾਂਦਾ ਹੈ ਪਰ ਆਪਣੀ ਪਤਨੀ ਅਤੇ ਧੀ ਤੋਂ ਪਿਤਾ-ਪੁਰਖੀ ਸਲੀਕੇ ਦੀ ਮੰਗ ਕਰਦਾ ਹੈ। ਉਸ ਅਨੁਸਾਰ ਘਰ ਵਿੱਚ ਨਾਰੀ ਹੋਂਦ ਦਾ ਬੰਦ ਵਿਧਾਨਕ ਜਾਬਤਾ ਬਣਾਈ ਰੱਖਣ ਦੀ ਜ਼ਿੰਮੇਵਾਰੀ ਪਤਨੀ ਦੀ ਹੈ। ਆਪਣੀ ਧੀ ਨੂੰ ਕਿਸੇ ਗੋਰੇ ਮੁੰਡੇ ਦੇ ਫ਼ੋਨ ਆਉਣ ਦੀ ਕੰਨਸਮਾ ਸੁਣ ਕੇ ਜੱਗੀ (ਜਿਹੜਾ ਆਪ ਨਿੱਤ ਗੰਗੋ ਕੋਲ ਜਾਂਦਾ ਹੈ) ਮੱਚ ਉੱਠਦਾ ਹੈ ਤੇ ਪਤਨੀ ਨੂੰ ਦੋਸ਼ ਧਰਦਾ ਹੈ

> ਤੂੰ ਸਾਰਾ ਦਿਨ ਕਿਹੜੇ ਯਾਰਾਂ 'ਚ ਗੁਆਚੀ ਰਹਿੰਨੀ ਏਂ ......... ਇਕ ਕੁੜੀ ਦਾ ਧਿਆਨ ਨਹੀਂ ਰੱਖ ਸਕਦੀ। ਤੇ ਗੁੱਸੇ ਵਿੱਚ ਆਏ ਜੱਗੀ ਨੇ ਗੁਰਮੀਤ ਦੇ ਦੋ ਤਿੰਨ ਥੱਪੜ ਧਰ ਦਿੱਤੇ ।

**ਪੀੜੀ ਪਾੜੇ ਦਾ ਪ੍ਰਗਟਾਵਾ**—ਪਰਵਾਸੀ ਪੰਜਾਬੀ ਸਾਹਿਤ ਦੀ ਇਕ ਹੋਰ ਮਹੱਤਵਪੂਰਨ ਸੁਰ ਹੈ-ਪੀੜ੍ਹੀ ਪਾੜ੍ਹੇ ਦਾ ਪ੍ਰਗਟਾਵਾ। ਸੱਠਵਿਆਂ ਵਿੱਚ ਪੰਜਾਬੀਆਂ ਦੀ ਪਹਿਲੀ ਪੀੜ੍ਹੀ ਪ੍ਰਦੇਸ਼ਾਂ ਵਿੱਚ ਰੋਟੀ ਰੋਜ਼ੀ-ਰੋਟੀ ਦੀ ਤਲਾਸ਼ ਵਿੱਚ ਗਈ ਸੀ। ਸਭਿਆਚਾਰਕ ਅਤੇ ਜੀਵਨ ਦੀਆਂ ਕੀਮਤਾਂ ਦੀ ਦ੍ਰਿਸ਼ਟੀ ਤੋਂ ਉਹ ਪੰਜਾਬ ਨਾਲ ਜੁੜੀ ਹੋਈ ਸੀ, ਪਰੰਤੂ ਜਿਹੜੀ ਪੀੜ੍ਹੀ ਉਧਰ ਹੀ ਪੈਦਾ ਤੇ ਜਵਾਨ ਹੋਈ, ਉਹਨਾਂ ਦੇ ਵਿਚਾਰਾਂ ਵਿੱਚ ਅੰਤਰ ਆ ਚੁੱਕਿਆ ਹੈ। ਡਾ. ਸਵਰਨ ਚੰਦਨ ਅਨੁਸਾਰ, "ਸਾਧਾਰਨ ਪੀੜ੍ਹੀ- ਪਾੜਾ ਏਨਾ ਤਕਲੀਫ਼-ਦੇਹ ਨਹੀਂ ਹੁੰਦਾ, ਇਹ ਪ੍ਰਵਾਨ ਕਰ ਲਿਆ ਜਾਂਦਾ ਹੈ । ਕਿਸੇ ਵੀ ਸਮਾਜਿਕ ਸਮੂਹ ਵਿਚ ਨਿਰੰਤਰਤਾ ਦਾ ਇਹ ਅਮਲ ਚੱਲਦਾ ਰਹਿੰਦਾ ਹੈ । ਪਹਿਲੀ ਤੇ ਦੂਜੀ ਪੀੜ੍ਹੀ ਵਿਚਲੀ ਇਸ ਵਿੱਥ ਨੂੰ ਮਾੜੇ-ਮੋਟੇ ਉਜਰ ਨਾਲ ਕਰ ਲਿਆ ਜਾਂਦਾ ਹੈ। ਮਨੁੱਖੀ ਸਭਿਆਚਾਰ ਇਕ ਆਦਤ ਵਾਂਗ ਹੁੰਦਾ ਹੈ ਜਿਸ ਨੂੰ ਛੱਡਣਾ ਤਕਲੀਫ਼-ਦੇਹ ਹੈ । ਇਹ ਪਰੰਪਰਾ ਦੀ ਲਗਾਤਾਰਤਾ ਹੈ । ਜਿੰਨਾ ਚਿਰ ਸਭਿਆਚਾਰ ਦੇ ਪ੍ਰਤੀਮਾਨਕ ਖੇਤਰ ਵਿੱਚ ਕੋਈ ਵਿਸਫੋਟਕ ਤਬਦੀਲੀ ਨਹੀਂ ਵਾਪਰਦੀ ਉੱਨਾ ਚਿਰ ਪਹਿਲੀ ਤੇ ਦੂਜੀ ਪੀੜੀ ਵਿਚਲੇ ਝਰਸ ਨੂੰ ਸਵੀਕ੍ਰਿਤ ਪ੍ਰਤੀਮਾਨਾਂ ਵਿੱਚ ਰਹਿ ਕੇ ਪ੍ਰਵਾਨਗੀ ਦੇ ਦਿੱਤੀ ਜਾਂਦੀ ਹੈ, ਪਰ ਜਦੋਂ ਪੀੜ੍ਹੀ-ਪਾੜਾ ਸਾਧਾਰਣ ਨਾ ਰਹਿ ਕੇ ਸਭਿਆਚਾਰਕ ਪਾੜੇ ਵੱਜੋਂ ਸ਼ੁਰੂ ਹੁੰਦਾ ਹੈ ਤਾਂ ਇਕ ਵਿਸਫੋਟਕ ਸਥਿਤੀ ਦਾ ਅੰਤ ਹੁੰਦਾ ਹੈ। ਸਾਡੇ ਕਈ ਪਰਵਾਸੀ ਸਾਹਿਤਕਾਰਾਂ ਨੇ ਆਪਣੀਆਂ ਰਚਨਾਵਾਂ ਵਿਚ ਪੀੜ੍ਹੀ-ਪਾੜੇ ਦੀ ਪ੍ਰਵਿਰਤੀ ਨੂੰ ਦਰਸਾਇਆ ਹੈ। ਉਦਾਹਰਣ ਵੱਜੋਂ ਅਸੀਂ ਜਗਤਾਰ ਢਾਅ ਦੀਆਂ ਹੇਠ ਲਿਖਿਆਂ ਸਤਰਾਂ ਦੇ ਸਕਦੇ ਹਾਂ-

ਮੇਰੇ ਜਿਉਂਦਿਆਂ ਮੇਰੇ ਬੱਚਿਆਂ
ਮੇਰੇ ਮੋਹ ਦੇ ਅਸਤ-ਫੁੱਲ ਚੁਗ ਕੇ
ਚਾਂਦੀ ਨਗਰ ਦੇ ਪਾਣੀਆਂ ਅੰਦਰ
ਕਰ ਦੇਣੇ ਪਰਵਾਹ
ਮਾਏ ਮੇਰੇ ਬੱਚਿਆਂ ਦੇ ਮੈਥੋਂ ਵੱਖਰੇ ਚਾਅ ।

ਇਸੇ ਪ੍ਰਸੰਗ ਵਿਚ ਰਘੁਬੀਰ ਢੰਡ, ਰਵਿੰਦਰ ਰਵੀ, ਸਵਰਨ ਚੰਦਨ, ਸ਼ਿਵਚਰਨ ਗਿੱਲ, ਭੁਪਿੰਦਰ ਪੁਰਵਾਲ ਆਦਿ ਸਾਹਿਤਕਾਰਾਂ ਦੇ ਨਾਂ ਲਏ ਜਾ ਸਕਦੇ ਹਾਂ ।

**ਕਦਰ-ਕੀਮਤਾਂ ਦਾ ਆਪਸੀ ਵਿਰੋਧ**-ਪਰਵਾਸੀ ਪੰਜਾਬੀ ਸਾਹਿਤ ਦੇ ਮੁੱਖ ਸਰੋਕਾਰਾਂ ਵਿਚੋਂ ਇਕ ਹੈ—ਕਦਰਾਂ-ਕੀਮਤਾਂ ਦਾ ਆਪਸੀ ਵਿਰੋਧ। ਆਰਥਿਕਤਾ ਦੇ ਸ਼ਿਕਾਰ ਹੋਏ ਪੰਜਾਬੀ ਜਦੋਂ ਪੌਂਡਾਂ ਤੇ ਡਾਲਰਾਂ ਦੀ ਛਣਕਾਰ ਵਿੱਚ ਗੁਆਚ ਜਾਂਦੇ ਹਨ, ਤਦ ਉਹਨਾਂ ਅੰਦਰ ਕਦਰਾਂ-ਕੀਮਤਾਂ ਦਾ ਆਪਸੀ ਵਿਰੋਧ ਪੈਦਾ ਹੋ ਜਾਂਦਾ ਹੈ। ਬਜ਼ੁਰਗ ਪੀੜ੍ਹੀ ਇਸ ਕਰਕੇ ਦੁਖੀ ਹੈ ਕਿ ਉਹਨਾਂ ਘਰ ਵਿੱਚ ਕਦਰ ਨਹੀਂ ਤੇ ਕੋਈ ਉਹਨਾਂ ਵੱਲ ਧਿਆਨ ਨਹੀਂ ਦਿੰਦਾ ਹੈ। ਇਸੇ ਤਰ੍ਹਾਂ ਪਤੀ-ਪਤਨੀ ਵਿਚਕਾਰ ਉਹ ਪਵਿੱਤਰ ਰਿਸ਼ਤੇ ਟੁੱਟ ਰਹੇ ਹਨ ਜੋ ਇਧਰ ਪੰਜਾਬ ਵਿੱਚ ਕਾਇਮ ਸਨ । ਇਕ ਆਲੋਚਕ ਅਨੁਸਾਰ, ਆਰਥਿਕਤਾ ਨਾਲ ਜੁੜੇ ਰਿਸ਼ਤੇ ਖ਼ੂਨ ਦੇ ਰਿਸ਼ਤਿਆਂ ਨੂੰ ਪੂਰਾਂ ਵਗਾ ਮਾਰਦੇ ਹਨ ਤਾਂ ਨਿਸ਼ਚੇ ਹੀ ਇਨਸਾਨ ਭਾਵਨਾਵਾਂ ਅਤੇ ਜਜ਼ਬਿਆਂ ਦਾ ਸਮੂਹ ਹੋਣ ਦੀ ਥਾਂ ਇਕ ਵਸਤੂ ਪ੍ਰਕਿਰਤੀ ਵਾਲਾ ਦਿਸਣ ਲਗਦਾ ਹੈ—ਆਪਸੀ ਪਿਆਰ ਅਤੇ ਮੁੱਹਰਬਤ ਦਾ ਜਜ਼ਬਾ ਵੀ ਕਾਰੋਬਾਰੀ ਹੋ ਜਾਂਦਾ ਹੈ, ਔਰਤ ਅਤੇ ਮਰਦ ਦੀ ਆਪਸੀ ਖਿੱਚ ਵੀ ਇਕ ਇਨਸਾਨੀ ਪਵਿੱਤਰਤਾ ਦੀ ਤੰਦ ਨਾਲ ਬੱਝੀ ਹੋਈ ਨਾ ਰਹਿ ਕੇ ਇਕ ਜਿਣਸੀ—ਸਰਕਾਰ ਵਾਲਾ ਵਜੂਦ ਗ੍ਰਹਿਣ ਕਰ ਜਾਂਦੀ ਹੈ । ਇਕ ਪਰਵਾਸੀ ਕਵੀ ਨੇ ਇਸੇ ਪ੍ਰਸੰਗ ਵਿੱਚ ਪਤੀ-ਪਤਨੀ ਦੇ ਦਾ ਤਸਵੀਰੀਕਰਣ ਕਰਦਿਆਂ ਲਿਖਿਆ ਹੈ—

ਇੱਥੇ ਰਹਿੰਦੀ ਹਰ ਔਰਤ
ਦੇ ਹੱਥਾਂ ਵਿੱਚ ਛਣਕਦੀ ਚਾਂਦੀ ਦੀ ਆਵਾਜ਼ ਸੁਣ
ਪਤੀ ਵਿਚੋਂ ਪ੍ਰਮੇਸ਼ਵਰ ਮਰ ਜਾਂਦਾ
ਹਰ ਇਨਸਾਨੀ ਰਿਸ਼ਤਾ
ਜਿਸਮ ਦਾ ਰੂਪ ਵਟ ਜਾਂਦਾ ।"

ਉਨ੍ਹਾਂ ਮਾਪਿਆਂ ਦੀ ਸਥਿਤੀ ਵੀ ਤਰਸਯੋਗ ਹੈ, ਜਿਨ੍ਹਾਂ ਦੀ ਔਲਾਦ ਉਹਨਾਂ ਦੀ ਵਹਿੰਗੀ ਨੂੰ ਪਰ੍ਹਾਂ ਸੁੱਟਦੇ ਹਨ—

(ਉਸ) ਉਨ੍ਹਾਂ ਮਾਪਿਆਂ ਨੇ ਆਪਣੇ ਬੱਚਿਆਂ ਨੂੰ
ਉਮਰ ਭਰ ਛਾਤੀ ਨਾਲ ਲਾ ਕੀ ਕਰਨਾ
ਜਿਨ੍ਹਾਂ ਨੂੰ ਪਤਾ ਹੈ ਕਿ

ਉਨ੍ਹਾਂ ਦੇ ਬੁਢਾਪੇ ਦੀ ਡੰਗੋਰੀ
ਨੈਸ਼ਨਲ ਇਨਸ਼ੋਰੈਂਸ ਦੀਆਂ ਸਟੈਂਪਾਂ ਨੇ ਬਣਨਾ ।"

**ਮੂਲ ਸਾਹਿਤ ਸਿਰਜਨ ਧਾਰਾ ਅਤੇ ਪਰਵਾਸੀ ਪੰਜਾਬੀ ਸਾਹਿਤ: ਅੰਤਰ ਸੰਵਾਦ**-ਮੂਲ ਸਾਹਿਤ ਸਿਰਜਨ ਧਾਰਾ ਉਸ ਨੂੰ ਆਖਦੇ ਹਨ ਜੋ ਸਾਹਿਤ ਪਰੰਪਰਾ ਤੋਂ ਕਿਸੇ ਭੂਗੋਲਿਕ ਖਿੱਤੇ, ਇਤਿਹਾਸ, ਸਭਿਆਚਾਰ ਆਦਿ ਨਾਲ ਜੁੜਿਆ ਹੋਵੇ ਅਤੇ ਆਧੁਨਿਕ ਸਾਹਿਤ ਦੀ ਉਸਾਰੀ ਵੀ ਉਹਨਾਂ ਲੀਹਾਂ ਉੱਤੇ ਹੋ ਰਹੀ ਹੋਵੇ। ਆਧੁਨਿਕ ਪੰਜਾਬੀ ਮੂਲ ਸਾਹਿਤ ਸਿਰਜਨ ਧਾਰਾ ਅਧੀਨ ਅਸੀਂ ਉਸ ਸਾਹਿਤ ਨੂੰ ਗਿਣਦੇ ਹਾਂ ਜਿਸ ਦੀ ਰਚਨਾ ਪੂਰਬੀ ਪੰਜਾਬ ਅਤੇ ਦਿੱਲੀ ਦੇ ਸਾਹਿਤਕਾਰ ਕਰ ਰਹੇ ਹਨ ਅਤੇ ਜਿਸ ਅੰਦਰ ਉਹ ਸਾਰੇ ਅੰਸ਼ ਮੌਜੂਦ ਹਨ ਜੋ ਉਸ ਨੂੰ ਇਧਰਲੇ ਜੀਵਨ ਅਤੇ ਸਭਿਆਚਾਰ ਨਾਲ ਜੋੜੀ ਰੱਖਦੇ ਹਨ।ਆਧੁਨਿਕ ਪੰਜਾਬੀ ਮੂਲ ਸਾਹਿਤ ਸਿਰਜਨ ਧਾਰਾ ਦੇ ਮੂਲ ਸਰੋਕਾਰ ਹੇਠ ਲਿਖੇ ਅਨੁਸਾਰ ਹਨ—

(ੳ) ਸੁਧਾਰਵਾਦੀ ਪ੍ਰਵਿਰਤੀ

(ਅ) ਦੇਸ਼-ਭਗਤੀ ਦਾ ਪ੍ਰਗਟਾਅ

(ੲ) ਰੁਮਾਂਟਿਕ ਝੁਕਾਅ

(ਸ) ਯਥਾਰਥਵਾਦੀ ਚਿਤਰਣ

(ਹ) ਪ੍ਰਗਤੀਵਾਦੀ ਪ੍ਰਵਿਰਤੀ ਦੀ ਹੋਂਦ

(ਕ) ਪ੍ਰਯੋਗਵਾਦੀ ਪ੍ਰਵਿਰਤੀ ਦੀ ਹੱਦ

(ਖ) ਜੁਝਾਰ ਵਿਦਰੋਹੀ ਵਿਰਤੀ ਦਾ ਪ੍ਰਗਟਾਅ

(ਗ) ਪੰਜਾਬ ਸੰਕਟ ਦਾ ਚਿਤਰਣ ।

(ਘ) ਹੋਰ ਵਿਸ਼ਿਆਂ ਦਾ ਚਿਤਰਣ-ਜਿਵੇਂ ਟੁੱਟਦੇ-ਬਣਦੇ ਸਮਾਜਿਕ ਰਿਸ਼ਤੇ, ਭ੍ਰਿਸ਼ਟਾਚਾਰ, ਮਨੁੱਖ ਅੰਦਰਲੀ ਜਿਨਸੀ ਪ੍ਰਵਿਰਤੀ ਆਦਿ ।

ਪੰਜਾਬੀ ਦੇ ਪਰਵਾਸੀ ਪ੍ਰਗਤੀਵਾਦੀ ਕਵੀਆਂ ਨੇ ਪੰਜਾਬੀ ਵਿੱਚ ਅਗਰਗਾਮੀ ਕਵਿਤਾਵਾਂ ਦੀ ਸਿਰਜਣਾ ਕਰਕੇ ਪੰਜਾਬੀ ਜ਼ੁਬਾਨ ਵਿੱਚ ਰਚੇ ਜਾ ਰਹੇ ਸਾਹਿਤ ਨੂੰ ਅੰਤਰਰਾਸ਼ਟਰੀ ਮੰਚ ਪ੍ਰਦਾਨ ਕੀਤਾ । ਪਰਵਾਸੀ ਜੀਵਨ-ਅਨੁਭਵ ਦੌਰਾਨ ਭਾਵੇਂ ਪੰਜਾਬੀ ਕਵੀਆਂ ਨੂੰ ਨਸਲੀ, ਵਿਤਕਰੇ ਵਖਰੇਵੇ ਦੇ ਅਹਿਸਾਸ ਵਿੱਚੋਂ ਲੰਘਣਾ ਪਿਆ ਪਰ ਇਹਨਾਂ ਕਵੀਆਂ ਨੇ ਅੰਤਰਰਾਸ਼ਟਰੀ ਪੱਧਰ ਤੇ ਮਿਹਨਤਕਾ ਦੇ ਕਾਮਾ ਵਰਗ ਨੂੰ ਇੱਕ ਮੰਚ, ਇਕ ਸੂਤਰ ਵਿਚ ਪਰ ਕੇ ਆਪਣੀ ਮਨਭਾਵਨਾ ਨੂੰ ਵੱਡੀ ਲਹਿਰ ਦੇ ਰੂਪ ਵਿਚ ਸੰਗਠਿਤ ਕੀਤਾ, ਹੇਠ ਲਿਖੀਆਂ ਸਤਰਾਂ ਤੋਂ ਇਹ ਵਿਚਾਰ ਸਪੱਸ਼ਟ ਹੋ ਜਾਂਦਾ ਹੈ ।

ਅੱਜ ਬਾਰਾਂ ਦੀ ਹੜਤਾਲ

ਮੋਢੇ ਨਾਲ ਮੋਢਾ ਜੋੜ
ਤੁਰ ਰਹੀ ਹੈ ਪਾਲ-ਪਾਲ
ਸਭ ਬਹਿਰਾਂ ਦੇ ਚੇੜੇ ਬਾਜ਼ਾਰ ਆਇਰਲੈਂਡ ਉੱਤਰੀ ਹੈ ਤੇ ਕੌਣ ਹੈ ਪੱਛਮੀ
ਅੱਜ ਲੱਗਦੇ ਨੇ ਮੌੜੇ ਬਾਜ਼ਾਰ
ਬੰਗਾਲ ਪੂਰਬੀ ਹੈ ਤੇ ਕੌਣ ਹੈ ਪੱਛਮੀ
ਇਹ ਸਭ ਦਿਸ਼ਾਵਾਂ ਮੇਰੇ ਵਿਚ ਕੇਂਦ੍ਰਿਤ ਹਨ
ਤੇ ਹਰ ਦੇਸ਼ ਵਿਚ
ਮੇਰਾ ਆਪਣਾ-ਆਪ ਫੈਲਿਆ ਹੋਇਆ ਹੈ
ਇਹ ਦੁਨੀਆਂ ਤਾਂ ਰੁੱਤ-ਭਿੱਜੀ ਰਣਭੂਮੀ ਹੈ।
ਨਿਤ ਲੜਾਈ ਢਾਏ ਤੇ ਕਮਜ਼ੋਰ ਦੀ
ਅੱਜ ਲੜਾਈ ਸਿਖਰਾਂ ਉੱਤੇ ਪਹੁੰਚ ਗਈ
ਅੱਜ ਲੜਾਈ ਕਾਮੇ ਤੇ ਕੰਮ ਚੋਰ ਦੀ
ਕਾਲਾ ਕਾਮਾ, ਚਿੱਟਾ ਕਾਮਾ ਕਾਮ ਹੈ
ਕਾਲਾ ਡਾਕੂ ਤੇ, ਚਿੱਟਾ ਡਾਕੂ, ਡਾਕੂ ਹੈ
ਖ਼ੂਨ ਅਤੇ ਹੰਝੂਆਂ ਦਾ ਕੋਈ ਰੰਗ ਨਹੀਂ
ਅੱਜ ਕਲ ਤੇ ਚਿੱਟੇ ਦੀ ਕਈ ਜੰਗ ਨਹੀਂ
ਅੱਜ ਲੜਾਈ ਦੀ ਤੇ ਲੋਕਾਂ ਦੀ (ਨਿਰੰਜਨ ਸਿੰਘ ਨੂਰ)

ਪੰਜਾਬ ਸੰਕਟ ਦੀ ਲਹਿਰ ਇਕ ਅਜਿਹੀ ਲਹਿਰ ਸੀ ਜਿਹੜੀ ਬਾਹਰੀ ਤਾਕਤਾਂ ਅਤੇ ਗ਼ਲਤ ਅਨਸਰਾਂ ਕਾਰਨ ਪੰਜਾਬ ਅਤੇ ਭਾਰਤ ਨੂੰ ਤਬਾਹ ਕਰਨ ਲਈ ਚਾਣਚੱਕ ਪੈਦਾ ਹੋਈ ਹੈ। ਇਹ ਜ਼ਿੰਦਗੀ ਦੇ ਸਹਿਜ ਵਿੱਚ ਨਹੀਂ, ਖਲਬਲੀ ਮਚਾਉਣ ਦੇ ਮਨੋਰਥ ਨਾਲ ਬਾਹਰੀ ਤਾਕਤਾਂ ਵੱਲੋਂ ਆਰੰਭੀ ਗਈ ਸੀ। ਸਵਰਨ ਚੰਦ ਇਸ ਲਹਿਰ ਤੋਂ ਸੁਚੇਤ ਰਹਿਣ ਲਈ ਆਪਣੇ ਵਿਚਾਰ ਪ੍ਰਗਟ ਕਰਦਾ ਹੋਇਆ ਮਾਨਵੀ ਕੀਮਤਾਂ ਦੇ ਹੱਕ ਵਿਚ ਆਵਾਜ਼ ਉਠਾਉਂਦਾ ਹੈ—

ਹਵਾ ਸੰਗ ਤਾਂ ਠੀਕ ਹੈ ਪਰ ਨ੍ਹੇਰੀਆਂ ਸੰਗ ਕਾਹਦਾ ਰਿਸ਼ਤਾ

ਅੱਗ, ਪਾਣੀ, ਭਾਠ ਦੇ ਭੋਗ ਜੁੜਨ ਦੀ ਕੋਸ਼ਿਸ਼ ਨਾ ਕਰ

..................................................

ਧੁੰਦਲੀਆਂ ਰਾਤਾਂ, ਹਨ੍ਹੇਰਾ, ਖ਼ੌਫ਼, ਦਹਿਸ਼ਤ ਹਰ ਤਰਫ਼

ਤਾਰਾ ਹੀ ਕੋਈ ਚੜ ਪਵੇ ਅੱਖਾਂ ਦੇ ਲਿਸ਼ਕਣ ਵਾਸਤੇ (ਸਵਰਨ ਚੰਦਨ)

**4.4 ਸਿੱਟਾ**-ਪਰਵਾਸੀ ਸਾਹਿਤ ਪੰਜਾਬੀ ਸਾਹਿਤ ਦਾ ਹੈ ।ਇਹ ਕੋਈ ਵੱਖਰੀ ਕਿਸਮ ਦਾ ਸਾਹਿਤ ਨਹੀਂ ਜਿਵੇਂ ਹਿੰਦੀ ਸਾਹਿਤ, ਉਰਦੂ ਸਾਹਿਤ ਜਾਂ ਬੰਗਾਲੀ ਸਾਹਿਤ ਪਰਵਾਸੀ ਸਾਹਿਤ ਦੇ ਵਰਤਮਾਨ ਮੂਲ ਸਰੋਕਾਰ ਅੱਠ ਹਨ। ਇਸ ਤਰ੍ਹਾਂ ਦੀ ਪ੍ਰਵਿਰਤੀ ਪੰਜਾਬੀ ਵਿਚ ਰਚੇ ਜਾ ਰਹੇ ਆਧੁਨਿਕ ਪੰਜਾਬੀ ਸਾਹਿਤ ਵਿਚ ਵੀ ਵੇਖੀ ਜਾ ਸਕਦੀ ਹੈ। ਜਦੋਂ ਬਹੁਤ ਸਾਰੇ ਪੰਜਾਬੀ ਵਿਚ ਰਚੇ ਕਵੀ ਜੁਝਾਰਵਾਦੀ-ਵਿਦਰੋਹ ਕਵਿਤਾ ਰਚ ਰਹੇ ਸਨ।

ਉਸ ਸਮੇਂ ਡਾਕਟਰ ਹਰਭਜਨ ਸਿੰਘ, ਸ਼ਿਵ ਕੁਮਾਰ ਆਦਿ ਜੁਝਾਰਵਾਦੀ ਕਵਿਤਾ ਦੀ ਸਿਰਜਣਾ ਕਰ ਰਹੇ ਸਨ । ਸਾਡੀ ਡਾ. ਦਵਿੰਦਰਾ ਸਿੰਘ ਨਾਲ ਸਹਿਮਤੀ ਹੈ ਕਿ ਪਰਵਾਸੀ ਪੰਜਾਬੀ ਸਾਹਿਤ ਦੇ ਸੰਕਲਪ ਨਾਲ ਪ੍ਰਮੁੱਖ ਰੂਪ ਵਿੱਚ ਜੋ ਗੱਲ ਜੁੜ੍ਹਦੀ ਹੈ ਉਹ ਇਹੀ ਹੈ ਕਿ ਇਸ ਤਰ੍ਹਾਂ ਦੇ ਸਮੁੱਚੇ ਸਾਹਿਤ ਨੂੰ ਮੁੱਖ ਧਾਰਾ ਨਾਲ ਜੋੜ ਕੇ ਦੇਖਣਾ ਹੀ ਬਣਦਾ ਹੈ।ਜੇਕਰ, ਇਹ ਸਾਹਿਤ ਆਪਣੀਆਂ ਕੁੱਝ ਵਿਲੱਖਣਤਾਵਾਂ ਕਾਰਨ, ਮੁੱਖਧਾਰਾ ਨਾਲੇ ਅਡੰਗ ਹੈ ਤਾਂ ਇਸਨੂੰ ਪਰਵਾਸੀ ਸਾਹਿਤ ਦੇ ਪ੍ਰਸੰਗ ਵਿਚ ਵਿਚਾਰਿਆ ਜਾਣਾ ਉਚਿਤ ਪ੍ਰਤੀਤ ਹੁੰਦਾ ਹੈ ਨਾ ਕਿ ਵਿਦੇਸ਼ ਵਿਚ ਰਹਿ ਕੇ ਰਚੇ ਗਏ ਸਾਰੇ ਪੰਜਾਬੀ ਸਾਹਿਤ ਨੂੰ ਵਿਦੇਸ਼ੀ ਗਰਦਾਨਦਾ।

# ਐੱਮ.ਏ. ਪੰਜਾਬੀ

## ਸਮੈਸਟਰ- ਤੀਸਰਾ

## ਪਰਵਾਸੀ ਪੰਜਾਬੀ ਸਾਹਿਤ

ਯੂਨਿਟ-5

ਪਰਵਾਸੀ ਪੰਜਾਬੀ ਕਵਿਤਾ: ਵਿਚਾਰਧਾਰਾਈ ਅਧਿਐਨ (ਡਾ. ਐੱਸ. ਪੀ. ਸਿੰਘ)

5. ਪਰਵਾਸੀ ਪੰਜਾਬੀ ਕਵਿਤਾ: ਵਿਚਾਰਧਾਰਾਈ ਅਧਿਐਨ (ਡਾ. ਐੱਸ. ਪੀ. ਸਿੰਘ)

5.1 ਕਵਿਤਾ: ਪਰਿਭਾਸ਼ਾ, ਪ੍ਰਕਿਰਤੀ ਅਤੇ ਪ੍ਰਯੋਜਨ

5.1.1 ਪਰਿਭਾਸ਼ਾ

5.1.2 ਕਵਿਤਾ ਦੀ ਪ੍ਰਕਿਰਤੀ

5.1.3 ਕਵਿਤਾ ਦਾ ਪ੍ਰਯੋਜਨ

5.1.4 ਸਿੱਟਾ

5.2 ਪਰਵਾਸੀ ਪੰਜਾਬੀ ਕਵਿਤਾ: ਵਿਚਾਰਧਾਰਾਈ ਅਧਿਐਨ

5.2.1 ਪਰਵਾਸੀ ਸਮੱਸਿਆਵਾਂ

5.2.2 ਨਸਲੀ ਵਿਤਕਰਾ—

5.2.3 ਪੱਛਮੀ ਜੀਵਨ ਜੀਣ ਦੀ ਲਾਲਸਾ

5.2.4 ਭੂ-ਹੇਰਵਾ

5.2.5 ਵਤਨੀਅਤ

5.2.6 ਸਮਝੌਤਾ

5.2.7 ਸਿੱਟਾ

## ਪਰਵਾਸੀ ਪੰਜਾਬੀ ਕਵਿਤਾ: ਵਿਚਾਰਧਾਰਾਈ ਅਧਿਐਨ (ਡਾ. ਐੱਸ. ਪੀ. ਸਿੰਘ)

ਪਿਆਰੇ ਵਿਦਿਆਰਥੀਓ! ਇਸ ਅਧਿਆਇ ਵਿੱਚ ਅਸੀਂ ਕਵਿਤਾ ਦੇ ਸਰੂਪ ਤੇ ਪ੍ਰਕਿਰਤੀ ਸੰਬੰਧੀ ਚਰਚਾ ਕਰਦੇ ਹੋਏ ਡਾ. ਸੁਰਿੰਦਰਪਾਲ ਸਿੰਘ ਅਤੇ ਡਾ. ਹਰਚੰਦ ਸਿੰਘ ਬੇਦੀ ਦੁਆਰਾ ਸੰਪਾਦਿਤ ਪੁਸਤਕ 'ਪਰਵਾਸੀ ਪੰਜਾਬੀ ਕਵਿਤਾ' ਪੁਸਤਕ ਸੰਬੰਧੀ ਵਿਚਾਰ ਚਰਚਾ ਕਰਾਂਗੇ। 'ਪਰਵਾਸੀ ਪੰਜਾਬੀ ਕਵਿਤਾ' ਪੁਸਤਕ ਵਿਚ ਵਿਦਵਾਨ ਸੰਪਾਦਕਾਂ ਨੇ ਬਰਤਾਨੀਆ, ਨੀਂਦਰਲੈਂਡ, ਆਸਟਰੇਲੀਆ, ਸਵੀਡਨ, ਡੈਨਮਾਰਕ, ਸਵਿਟਰਜਰਲੈਂਡ, ਅਫਰੀਕਾ, ਅਮਰੀਕਾ ਅਤੇ ਕੈਨੇਡਾ ਵਿੱਚ ਵਸੇ ਪਰਵਾਸੀ ਪੰਜਾਬੀ ਕਵੀਆਂ ਦੀਆਂ ਚੋਣਵੀਆਂ ਕਵਿਤਾਵਾਂ ਸੰਗ੍ਰਹਿ, ਕੀਤੀਆਂ ਹਨ। ਵੱਖ-ਵੱਖ ਦੇਸ਼ਾਂ ਤੇ ਸਭਿਆਚਾਰਾਂ ਵਿੱਚ ਵਿਚਰਦੇ ਇਨ੍ਹਾਂ ਕਵੀਆਂ ਨੇ ਪਰਵਾਸੀ ਮਨੁੱਖੀ ਜਜ਼ਬਿਆਂ ਨੂੰ ਆਪਣੀਆਂ ਕਾਵਿ-ਰਚਨਾਵਾਂ ਰਾਹੀਂ ਰੂਪਮਾਨ ਕੀਤਾ ਹੈ। ਇਸ ਕਵਿ-ਸੰਗ੍ਰਹਿ ਦੀਆਂ ਰਚਨਾਵਾਂ ਕਵਿਤਾਵਾਂ ਦੀ ਪ੍ਰਕਿਰਤੀ ਅਤੇ ਸਰੂਪ ਆਦਿ ਉਪਰ ਵਿਚਾਰ ਕਰਨ ਤੋਂ ਪਹਿਲਾਂ ਕਵਿਤਾ ਦੀ ਪਰਿਭਾਸ਼ਾ, ਸਰੂਪ ਅਤੇ ਪ੍ਰਕਿਰਤੀ ਉੱਪਰ ਇੱਕ ਝਾਤ ਮਾਰ ਲਣੀ ਉੱਚਿਤ ਹੋਵੇਗੀ।

### 5.1 ਕਵਿਤਾ: ਪਰਿਭਾਸ਼ਾ, ਪ੍ਰਕਿਰਤੀ ਅਤੇ ਪ੍ਰਯੋਜਨ

ਅਸੀਂ ਸਹਿਜ ਰੂਪ ਵਿੱਚ ਤੇ ਸੰਸਕਾਰ ਰੂਪ ਵਿੱਚ ਕਵਿਤਾ ਬਾਰੇ ਕਾਫ਼ੀ ਕੁਝ ਜਾਣਦੇ ਹੁੰਦੇ ਹਾਂ ਪਰ ਇਸ ਕਾਫੀ ਕੁਝ ਨੂੰ ਬਿਆਨ ਕਰਨਾ ਸਾਡੇ ਲਈ ਅਸੰਭਵ ਨਹੀਂ ਤਾਂ ਮੁਸ਼ਕਲ ਜਰੂਰ ਹੁੰਦਾ ਹੈ ਕਿਉਂਕਿ ਸਾਨੂੰ ਢੁਕਵੇਂ ਤੇ ਨਿਸਚਿਤ ਸ਼ਬਦ ਨਹੀਂ ਮਿਲਦੇ।

5.1.1 **ਪਰਿਭਾਸ਼ਾ-** ਕਵਿਤਾ ਇਕ ਅਜਿਹੀ ਸਾਹਿਤਕ ਵਿਧਾ ਹੈ ਜਿਸ ਦੀ ਮੁਕੰਮਲ ਪਰਿਭਾਸ਼ਾ ਅਤੇ ਪੂਰੀ ਕਦੇ ਨਹੀਂ ਹੋ ਸਕਦੀ ਫਿਰ ਵੀ ਬਹੁਤ ਸਾਰੇ ਵਿਦਵਾਨਾਂ ਨੇ ਕਵਿਤਾ ਨੂੰ ਪਰਿਭਾਸ਼ਤ ਕਰਨ ਦੇ ਉਪਰਾਲੇ ਕੀਤੇ ਹਨ। ਭਾਰਤੀ ਅਤੇ ਪੱਛਮੀ ਦੋਹਾਂ ਪ੍ਰਣਾਲੀਆਂ ਵਿੱਚ ਕਵਿਤਾ ਦੀਆਂ ਪਰਿਭਾਸ਼ਾਵਾਂ ਮੌਜੂਦ ਹਨ ਜਿਵੇਂ-

> ਪ੍ਰਾਚੀਨ ਭਾਰਤੀ ਆਚਾਰੀਆ ਮੰਮਟ ਅਨੁਸਾਰ, "ਕਾਵਿ ਉਹ ਸ਼ਬਦ ਅਤੇ ਅਰਥ ਹਨ, ਜੋ ਦੋਸ਼ ਰਹਿਤ ਹੁੰਦੇ ਹਨ, ਗੁਣ ਤੋਂ ਮੁਕਤ ਹੁੰਦੇ ਹਨ ਅਤੇ ਕਿਧਰ ਕਿਧਰ ਅਲੰਕਾਰ ਤੋਂ ਵੀ ਰਹਿਤ ਹੁੰਦੇ ਹਨ"।
>
> ਇਸ ਤਰ੍ਹਾਂ ਆਚਾਰੀਆ ਕੁੰਤਕ ਦੀ ਧਾਰਨਾ ਅਨੁਸਾਰ, "ਕਾਵਿ ਉਹ ਸ਼ਬਦ ਅਤੇ ਅਰਥ ਹਨ, ਜੋ ਇਕ ਦੂਜੇ ਨਾਲ ਸੰਬੰਧਿਤ ਹੁੰਦੇ ਹਨ, ਉਹ ਕਵੀ ਦੇ ਵਕ੍ਰ ਵਪਾਰ ਤੋਂ ਮੁਕਤ ਹੁੰਦੇ ਹਨ, ਵਿਵਸਥਿਤ ਬੰਨ੍ਹੇ ਰਹਿੰਦੇ ਹਨ ਅਤੇ ਸੁਹਿਰਦ ਆਨੰਦ ਦਿੰਦੇ ਹਨ"।
>
> ਪੰਜਾਬ ਜਗਨਨਾਥ ਦਾ ਕਹਿਣਾ ਹੈ ਕਿ, "ਰਮਣੀਯ ਅਰਥ ਦਾ ਪ੍ਰਤਿਪਾਦਨ ਕਰਨ ਵਾਲਾ ਸ਼ਬਦ ਕਾਵਿ ਹੈ"।

ਆਚਾਰੀਆ ਵਿਸ਼ਵਾਨਾਥ ਨੇ ਵੀ ਕਾਵਿ ਨੂੰ ਪਰਿਭਾਸ਼ਿਤ ਕਰਦਿਆਂ ਆਖਿਆ ਹੈ "ਰਸਪੂਰਨ ਵਾਕ ਕਾਵਿ ਹੈ"।

ਇਸੇ ਤਰ੍ਹਾਂ ਪੱਛਮੀ ਪ੍ਰਣਾਲੀ ਵਿੱਚ ਵੀ ਅਨੇਕਾਂ ਵਿਦਵਾਨਾਂ ਨੇ ਕਵਿਤਾ ਦੇ ਵੱਖ ਵੱਖ ਪਹਿਲੂਆਂ ਨੂੰ ਉਜਾਗਰ ਕਰਨ ਲਈ ਅਨੇਕਾਂ ਪਰਿਭਾਸ਼ਾਵਾਂ ਪੇਸ਼ ਕੀਤੀਆਂ ਹਨ।'ਕਲਾ ਕਲਾ ਲਈ ਹੈ' ਜਾਂ ਕਲਾ ਜੀਵਨ ਲਈ ਹੈ ਬਾਰੇ ਚਿਰਾਂ ਤੋਂ ਚਲਦੀ ਆ ਰਹੀ ਬਹਿਸ ਦੇ ਅਧਾਰ 'ਤੇ ਬਹੁਤੇ ਵਿਦਵਾਨਾਂ ਨੇ ਮਗਰਲੇ ਪੱਖ ਭਾਵ 'ਕਵਿਤਾ ਜੀਵਨ ਲਈ ਹੈ ਨੂੰ ਅਧਾਰ ਬਣਾਇਆ ਹੈ। ਜਿਵੇਂ :

ਮੈਥਿਊ ਆਰਨਡ ਨੇ ਸਪਸ਼ਟ ਸ਼ਬਦਾਂ ਵਿੱਚ ਕਵਿਤਾ ਨੂੰ ਜੀਵਨ ਦੀ ਆਲੋਚਨਾ (ਵਿਆਖਿਆ) ਪ੍ਰਵਾਨ ਕੀਤਾ ਹੈ। ਉਸ ਅਨੁਸਾਰ, "Poetry is at bottam a criticism of ilfe."

ਸਵਿਨਬਰਕ ਅਨੁਸਾਰ ਕਵਿਤਾ ਮਨੁੱਖ ਦੀ ਆਤਮਾ ਦੀ ਆਵਾਜ਼ ਹੁੰਦੀ ਹੈ। (Poetry is the vioce of man's soul.)

ਪੱਛਮੀ ਵਿਦਵਾਨ ਡੋਇਲ ਤਾਂ ਇੱਥੇ ਤੱਕ ਆਖਦਾ ਹੈ ਕਿ, "ਕਵਿਤਾ ਵਰਤਮਾਨ ਤੇ ਨਿਕਟ ਦੀ ਅਸੰਤੁਸ਼ਟਤਾ ਹੈ।"

ਇਕ ਹੋਰ ਵਿਦਵਾਨ ਵਾਟਸ ਡੰਟਨ ਅਨੁਸਾਰ, "ਮਨੁੱਖੀ ਮਨ ਦਾ ਜਜ਼ਬਾਤੀ ਤੇ ਸਰੋਦੀ ਬੋਲੀ ਵਿੱਚ ਕਲਾਮਈ ਪ੍ਰਗਟਾ ਕਵਿਤਾ ਹੈ"।

ਏ. ਸੀ. ਬ੍ਰਾਂਡਲੇ ਦੁਆਰਾ ਦਿੱਤੀ ਪਰਿਭਾਸ਼ਾ ਵੀ ਆਪਣੇ-ਆਪ ਵਿੱਚ ਮਹੱਤਵਪੂਰਨ ਹੈ। ਉਸ ਦਾ ਕਹਿਣਾ ਹੈ ਕਿ ਕਾਵਿ ਦਾ ਸਰੂਪ ਨਾ ਤਾਂ ਯਥਾਰਥ ਸੰਸਾਰ ਦਾ ਭਾਗ ਹੈ ਅਤੇ ਨਾ ਹੀ ਉਸ ਦੀ ਕੋਈ ਨਕਲ ਹੈ, ਸਗੋਂ ਆਪਣੇ-ਆਪ ਵਿੱਚ ਇਕ ਸੰਸਾਰ ਹੈ, ਜਿਹੜਾ ਖੁਦਮੁਖਤਿਆਰ, ਸੰਪੂਰਨ ਤੇ ਸੁਤੰਤਰ ਹੈ।

ਫਿਲਪ ਸਿਡਨੀ ਇਕ ਪਰਿਣਾਮਵਾਦੀ ਚਿੰਤਕ ਹੈ। ਉਹ ਕਾਵਿ ਨੂੰ ਕਿਸੇ ਵਧੇਰੇ ਉਪਦੇਸ਼ ਦੀ ਪੂਰਤੀ ਦਾ ਸਾਧਨ ਸਵੀਕਾਰਦਾ ਹੈ। ਉਸ ਦਾ ਮਤ ਹੈ ਕਿ ਕਵਿਤਾ ਇਕ ਅਨੁਕਰਨ ਮੂਲਕ ਹੁਨਰ ਹੈ। ਇਹ ਮੂੰਹ ਬੋਲਦੀ ਤਸਵੀਰ ਹੈ ਜਿਸ ਦਾ ਉਦੇਸ਼ ਸਿੱਖਿਆ ਹੈ ਤੇ ਸੁਹਜ ਸੁਆਦ ਪ੍ਰਦਾਨ ਕਰਨਾ ਹੈ।

ਸ਼ੈਲੇ ਦੇ ਸ਼ਬਦਾਂ ਵਿੱਚ, "ਕਵਿਤਾ ਸੰਸਾਰ ਦੀ ਛਪੀ ਸੁੰਦਰਤਾ ਤੋਂ ਪਰਦਾ ਉਠਾਉਂਦੀ ਹੈ ਅਤੇ ਜਾਣੀਆ-ਪਛਾਣੀਆਂ ਚੀਜ਼ਾਂ ਨੂੰ ਅਜਿਹੀ ਸ਼ਕਲ ਦਿੰਦੀ ਹੈ ਜਿਵੇਂ ਉਹ ਜਾਣੀਆ-ਪਛਾਣੀਆਂ ਨਾ ਹੋਣ"।

ਕਾਰਲਾਈਲ ਦਾ ਕਹਿਣਾ ਹੈ ਕਿ, ਕਵਿਤਾ ਕੇਵਲ ਜੀਵਨ ਦੀ ਆਲੋਚਨਾ ਨਹੀਂ ਹੁੰਦੀ ਸਗੋਂ ਇਹ ਜੀਵਨ ਦਾ ਸੱਚ ਹੁੰਦੀ ਹੈ। ਇਹ ਮਨੁੱਖ ਦੀ ਉੱਚ ਤਲਾਬ ਦਾ ਨਿਚੋੜ ਹੈ, ਜਿਹੜੀ ਉਹ ਸਦੀਵੀ ਖੁਸ਼ੀ ਦੀ ਹਕੂਮਤ ਤਕ ਪਹੁੰਚਣ ਲਈ ਕਰਦਾ ਹੈ"।

ਜਦ ਅਸੀਂ ਉਪਰਕਤ ਪਰਿਭਾਸ਼ਾਵਾਂ ਦੇ ਅਧਾਰ 'ਤੇ 'ਪਰਵਾਸੀ ਪੰਜਾਬੀ ਕਵਿਤਾ ਵਿਚਲੀਆਂ ਕਾਵਿ ਰਚਨਾਵਾਂ ਦਾ ਵਿਸ਼ਲੇਸ਼ਣ ਕਰਦੇ ਹਾਂ ਇੱਕ ਗੱਲ ਬੜੀ ਤੀਬਰਤਾ ਨਾਲ ਉੱਭਰ ਕੇ ਸਾਹਮਣੇ ਆਉਂਦੀ ਹੈ ਕਿ ਜਾਗੀਰੂ ਕਦਰਾਂ ਕੀਮਤਾਂ ਕੋਈ ਸਮਾਜ ਵਿੱਚ ਜੰਮ ਪਲ ਜਿਹੜੇ ਪੰਜਾਬੀ ਸਮਾਜ ਦੇ ਜਿਹੜੇ ਵੀ ਖਿੱਤੇ ਵਿੱਚ ਗਏ ਉਨ੍ਹਾਂ ਦੀ ਸੋਚ, ਉਨ੍ਹਾਂ ਦੀ ਜੀਵਨ ਜਾਚ, ਮਨੁੱਖੀ ਕੀਮਤਾਂ ਤੇ ਉਨ੍ਹਾਂ ਦੀ ਦ੍ਰਿਸ਼ਟੀ ਅਤੇ ਜੀਵਨ ਮੁੱਲ, ਅਤਿ ਵਿਕਸਿਤ ਪੂੰਜੀਵਾਦੀ ਸਮਾਜ ਦੇ ਜੀਵਨ ਮੁੱਲਾਂ ਨਾਲ ਇੱਥੇ ਕਿਧ ਅਤੇ ਟਕਰਾਓ ਦੀ ਸਥਿਤੀ ਵਿੱਚ ਪਏ ਙ ਇਸ ਤਰ੍ਹਾਂ ਇਸ ਸਥਿਤੀ ਵਿੱਚ ਪਰਵਾਸੀ ਪੰਜਾਬੀ ਕਵਿਤਾ ਦਾ ਬੁਨਿਆਦੀ ਅਧਾਰ ਸਥਾਪਤ ਹੁੰਦਾ ਹੈ। ਪਰ ਪਰਵਾਸੀ ਕਵੀਆਂ ਨੇ ਇਸ ਦਵੰਦਾਤਮਕ ਸਥਿਤੀ ਵਿਚ ਵੀ ਜੀਵਨ ਦੇ ਯਥਾਰਥ ਨੂੰ ਪ੍ਰਵਾਨ ਨਾ ਕਰਦੇ ਹੋਏ ਵਰਤਮਾਨ ਦੀ ਜਾਂ ਭੂਤ ਵਿੱਚ ਰਹਿਣ ਨੂੰ ਹੀ ਤਰਜੀਹ ਦਿੱਤੀ, ਜਿਸ ਕਾਰਨ ਸੱਭਿਆਚਾਰਕ ਤਨਾਉ, ਪੀੜ੍ਹੀ ਪਾੜਾ, ਬੇਗਾਨਗੀ ਆਦਿ ਹੀ ਉਨ੍ਹਾਂ ਦੇ ਪੱਲੇ ਪਈਆਂ । ਇਸ ਲਈ ਜਦੋਂ ਅਸੀਂ ਸਮੁੱਚੀ ਪੰਜਾਬੀ ਪਰਵਾਸੀ ਕਵਿਤਾ ਨੂੰ ਅਧਿਐਨ ਦਾ ਅਧਾਰ ਬਣਾਉਂਦੇ ਹਾਂ ਤਾਂ ਸਪਸ਼ਟ ਤੌਰ 'ਤੇ ਇਹ ਭੂਤ ਮੁਖੀ ਜਾਂ ਪਿੱਛ ਮੁਖੀ ਦੇ ਰੂਪ ਵਿੱਚ ਸਾਡੇ ਸਨਮੁਖ ਹੁੰਦੀ ਹੈ। ਉਦਾਹਰਨਾਂ ਦੇਖੋ:

ਮੇਰਾ ਪਿੰਡ ਮੇਰਾ ਪਰਦੇਸ ਹੋ ਜਾਏਗਾ
ਚਾਂਦੀ ਰੰਗਾ, ਮੇਰਾ ਵੇਸ ਹੋ ਜਾਏਗਾ। -ਅਵਤਾਰ ਜੰਡਿਆਲਵੀ
ਮੁੜ ਜਾਵਾਂਗੇ, ਮੁੜ ਜਾਵਾਂਗੇ,
ਅਗਲੇ ਸਾਲ ਜਾਂ ਰੁੱਤ ਮੁੜੀ ਤਾਂ ਮੁੜ ਜਾਵਾਂਗੇ,
ਫਿਰ ਮਿੱਤਰਾਂ ਦੀ ਢਾਣੀ ਅੰਦਰ ਜੋ ਜਾਵਾਗੇ। -ਅਵਤਾਰ (ਮੇਰੇ ਪਰਤ ਆਉਣ ਤੱਕ)
ਅਸੀਂ ਹੀ ਉਹ ਸ਼ਖਸ ਹਾਂ
ਆਪਣੇ ਅਤੀਤ ਦੀ ਗੁਫਾ 'ਚ ਬੈਠੇ ਜੋ
ਬਹੁਤ ਕੁਝ ਯਾਦ ਕਰਦੇ ਰਹਿੰਦੇ ਨੇ
ਗੁੰਮ ਚੁੱਕੇ ਰੁੱਖਾਂ ਦੀ ਛਾਂ
ਤੇ ਉੱਡ ਚੁੱਕੇ ਪੰਖੇਰੂਆਂ ਦੇ ਸੁੰਨੇ ਆਲਣੇ
ਸੋਚਾਂ 'ਚ ਆਬਾਦ ਕਰਦੇ ਰਹਿੰਦੇ ਨੇ। -ਜਗਤਾਰ ਢਾਅ (ਵਰਤਮਾਨ ਸਖਣੇ)
ਮੰਜ਼ਲਾਂ ਬਾਰੇ
ਸਾਡਾ.........
ਕੋਈ ਤਸੱਵਰ ਨਹੀਂ
ਅਸੀਂ ਤਾਂ............
ਨਿਰੀਆਂ
ਵਾਟਾਂ ਨੂੰ ਪਰਨਾਏ ਹਾਂ।
ਓਥੇ ਹੁੰਦੇ ਏਥੇ ਦੇ
ਮੁਤਲਾਸ਼ੀ ਸੀ।

ਏਥੇ ਹੁੰਦੇ ਓਥੋਂ ਦੇ

ਅਭਿਲਾਖੀ ਜਾਂ ਬਲਬੀਰ ਸਿੰਘ ਰੰਧਾਵਾ(ਜਿੰਦ ਪ੍ਰਦੇਸਣ)

ਇਕ ਮਨੁੱਖ ਦੀ ਅੰਦਰਲੀ ਦੁਚਿੱਤੀ ਦਾ ਇਹ ਸੰਵਾਦ ਅਸਲ ਵਿੱਚ ਆਧੁਨਿਕ ਮਨੁੱਖ ਦੀ ਦੁਬਿਧਾਜਨਕ ਸਥਿਤੀ ਦਾ ਪ੍ਰਗਟਾਵਾ ਹੈ। ਇਸੇ ਅਹਿਸਾਸ ਨੂੰ ਅਮਰ ਜਿਉਤੀ ਵੀ ਬਿਆਨਦੀ ਹੈ-

ਬੇਗਾਨੇ ਮੁਲਕ ਵਿੱਚ ਰਹਿਣਾ

ਬੇਗ਼ਾਨੀਆਂ ਤੇ ਕਮੀਨਗੀ ਭਰੀਆਂ

ਨਜ਼ਰਾਂ ਨੂੰ ਸਹਿਣਾ ਵੀ ਬੇਵਤਨੀ ਹੈ

ਕਵਿਤਾ ਵਿਚ ਜੀਵਨ ਦਾ ਸੱਚ ਕਾਰਲਾਈਲ ਨੇ ਖੋਜਿਆ ਸੀ। ਇਹ ਸੱਚ ਸਾਨੂੰ ਆਧੁਨਿਕ ਪੰਜਾਬੀ ਪਰਵਾਸੀ ਕਵਿਤਾ ਵਿੱਚ ਵੀ ਦਿਖਾਈ ਦਿੰਦਾ ਹੈ-

ਜਿਸਮ ਦੇ ਰੰਗ ਵੱਖ ਨੇ ਪਰ ਜਾਨ ਵਿੱਚੋਂ ਇੱਕ ਏ

ਸਾਡਾ ਅੱਲ੍ਹਾ, ਵਾਹਿਗੁਰੂ ਭਗਵਾਨ ਵਿੱਚੋਂ ਇੱਕ ਏ

ਹਰ ਜਗ੍ਹਾ ਇਨਸਾਨ ਦੀ ਗੱਲਬਾਤ 'ਚ ਮੈਂ ਸਮਝਿਆ,

ਬੋਲੀ ਪੁਸ਼ਾਕਾਂ ਵੱਖਰੇ, ਇਨਸਾਨ ਵਿੱਚੋਂ ਇੱਕ ਸੀ। -ਸਵਰਨ ਸਿੰਘ ਪ੍ਰਵਾਨਾ,ਡੈਨਮਾਰਕ

ਜੇ ਮੇਰੇ ਮੂੰਹ ‘ਤੇ ਲਾਲੀ ਏ ਮੈਂ ਆਪਣੇ ਲਹੂ 'ਚ ਨਾਉਂਦਾ ਹਾਂ,

ਮੇਰੇ ਚਾਰੇ ਪਾਸੇ ਕੰਡੇ ਨੇ ਮੈਂ ਫੇਰ ਵੀ ਸ਼ੁਕਰ ਮਨਾਉਂਦਾ ਹਾਂ ।-ਮੋਹਨ ਸਿੰਘ ਜੋਸ਼

### 5.1.2 ਕਵਿਤਾ ਦੀ ਪ੍ਰਕਿਰਤੀ-

ਕਵਿਤਾ ਮਨੁੱਖ ਦੇ ਧੁਰ ਅੰਦਰ ਦੀ ਆਵਾਜ਼ ਹੁੰਦੀ ਹੈ। ਅਸਹਿ ਅਤੇ ਅਸਹਿ ਜਜ਼ਬਿਆਂ ਨੂੰ ਉਜਾਗਰ ਕਰਨ ਲਈ ਹੀ ਕਵਿਤਾ ਦਾ ਜਨਮ ਹੋਇਆ ਹੈ। ਆਸਟਰੇਲੀਆ ਵਿੱਚ ਵੱਸੇ ਕਵੀ ਅਜੀਤ ਰਾਹੀ ਦੀ ਕਵਿਤਾ ਉਸ ਦੇ ਜਜ਼ਬਿਆਂ ਨੂੰ ਜ਼ਬਾਨ ਦਿੰਦੀ ਹੈ-

ਮਾਂ ਜੇ ਤੂੰ ਜੀਉਂਦੀ ਹੁੰਦੀ,

ਤਾਂ ਮੈਂ ਤੈਨੂੰ ਬਹੁਤ ਕੁਝ ਪੁੱਛਣਾ ਸੀ।

ਜੇ ਮੈਂ ਦੱਸ ਨਹੀ ਸਕਦਾ

ਬਹੁਤ ਕੁਝ ਪੁੱਛਣਾ ਸੀ

ਮਾਂ ਜੇ ਤੂੰ ਜੀਉਂਦੀ ਹੁੰਦੀ............

ਇਸ ਤਰ੍ਹਾਂ ਸਰਵਨ ਸਿੰਘ ਪ੍ਰਵਾਨਾ ਵੀ ਪਰਵਾਸ ਦੌਰਾਨ ਦਿਲ ਤੇ ਉੱਠਦੇ ਜਜ਼ਬਿਆਂ ਨੂੰ ਆਪਣੀ ਇਕ ਗ਼ਜ਼ਲ ਰਾਹੀਂ ਬੜੀ ਖ਼ੂਬਸੂਰਤੀ ਨਾਲ ਬਿਆਨ ਕਰਦਾ ਹੈ—

ਛਡਿਆ ਜਾ ਦੇਸ਼, ਨਾ ਹੀ ਘਾਟ ਨਾ ਘਰ ਦੇ ਰਹੇ।

ਇਕ ਜੂਨੀ ਵਿੱਚ ਸੌ ਸੌ ਵਾਰ ਹਾਂ ਮਰਦੇ ਰਹੇ।

ਪਾਣੀਆਂ ਵਿੱਚ, ਪੱਥਰਾਂ ਦਾ ਸ਼ੋਰ, ਖੁਰ ਚੱਲੇ ਅਸੀਂ,

ਮਿਸ਼ਰੀਆਂ ਜਹੇ ਦੋਸਤਾਂ, ਚੁੱਪ ਕੀਤਿਆਂ ਖਰਦੇ ਰਹੇ।

ਦੂਸਰੇ ਦੀਆਂ ਉਹ ਲਕੀਰਾਂ ਨੂੰ ਮਿਟਾਉਂਦੇ ਹੀ ਨਹੀਂ,

ਆਪਣੇ ਜਿਹੜੇ ਲਕੀਰਾਂ ਨੂੰ ਬੜੀ ਕਰਦੇ ਰਹੇ ।

ਇਸ ਤਰ੍ਹਾਂ ਕਵਿਤਾ ਦੀ ਪ੍ਰਕਿਰਤੀ ਵਿਆਖਿਆਤਮਕ ਹੁੰਦੀ ਹੈ। ਜੀਵਨ ਦੇ ਬਹੁਪੱਖੀ ਸਰੋਕਾਰਾਂ ਦਾ ਪ੍ਰਗਟਾਵਾ ਕਰਨਾ ਕਵੀ ਦੀ ਮਨਸ਼ਾ ਹੁੰਦੀ ਹੈ ਜਿਵੇਂ ਕਿ ਸਵਰਨ ਸਿੰਘ ਪ੍ਰਵਾਨਾ ਨੇ ਵੀ ਇਹ ਸਰਕਾਰ ਪ੍ਰਗਟਾਏ ਹਨ।

ਕਵਿਤਾ ਨੂੰ ਪ੍ਰੇਰਣਾ ਦੀ ਬਾਣੀ ਵੀ ਆਖਿਆ ਜਾਂਦਾ ਹੈ। ਇਸ ਦੀ ਪ੍ਰਕਿਰਤੀ ਦੇ ਦੋ ਖ਼ਾਸ ਲੱਛਣ ਹਨ । ਸਚਾਈ (Sticerity) ਅਤੇ ਆਪ-ਮੁਹਾਰਤਾ (Sponticity)। ਕੁਝ ਵਿਦਵਾਨ/ਕਵੀ ਪ੍ਰੇਰਣਾ ਦੇ ਸਮੇਂ ਵੀ ਉੱਚਤਾ ਨੂੰ ਚੰਗੀ ਕਵਿਤਾ ਦੀ ਨਿਸ਼ਾਨੀ ਮੰਨਦੇ ਹਨ। ਉਦਯੋਗੀਕਰਨ ਦੀ ਸਚਾਈ ਨੂੰ ਬਿਆਨ ਕਰਦਿਆਂ ਸੋਹਨ ਸਿੰਘ ਜੋਸ਼ ਲਿਖਦੇ ਹਨ-

ਇਸ ਮੌਤ ਨੂੰ ਵੀ ਮੌਤ ਆਉਂਦੀ ਵੇਖੀ ਏ

ਬੰਦੇ ਨੂੰ ਉਂਗਲੀ 'ਤੇ ਨਚਾਉਂਦੀ ਵੇਖੀ ਏ

ਅੱਗੇ ਤੇ ਮਸ਼ੀਨ ਨੂੰ ਚਲਾਉਦਾ ਸੀ ਬੰਦਾ

ਅੱਜ ਬੰਦੇ ਨੂੰ ਮਸ਼ੀਨ ਚਲਾਉਦੀ ਵੇਖੀ ਏ।

ਰਵਿੰਦਰ ਰਵੀ ਦੇ ਹੇਠਲੀ ਕਵਿਤਾ ਵਿੱਚ ਆਪ-ਮੁਹਾਰਤਾ ਜਾ ਸਕਦੀ ਹੈ

ਮਰਨ ਵਾਲੇ ਨੂੰ

ਮਰਨ ਦੀ ਵਿਹਲ ਨਹੀਂ ਸੀ

ਜਿਊਣ ਵਾਲੇ ਨੂੰ, ਜਿਊਣ ਦੀ ਚਾਹ ਨਹੀਂ।

ਨਾ ਮਰ ਕੇ, ਮਰੇ

ਨਾ ਜੀ ਕੇ ਜੀਵੇ।

ਕਵਿਤਾ ਦੀ ਪ੍ਰਕਿਰਤੀ ਦਾ ਸਭ ਤੋਂ ਲਾਜਮੀ ਪੱਖ ਇਸਦੀ ਜਾਵਾ ਮਿਕਤਾ ਤੋਂ ਕਾਲਪਨਿਕਤਾ ਵਿੱਚ ਸਥਿਤੀ ਹੈ। ਜੀਵਨ ਦੀ ਕਾਵਿਕ ਅਭਿਵਿਅਕਤੀ ਦਾ ਭਾਵ ਹੈ, ਇਸਦੇ ਹੱਥਾਂ, ਅਨੁਭਵਾਂ, ਸਮੱਸਿਆਵਾਂ ਦਾ ਵਰਨਣ, ਜਿਸ ਵਿੱਚ ਭਾਵਨਾ ਤੇ ਕਲਪਨਾ ਦੇ ਤੱਤ ਪ੍ਰਬਲ ਰੂਪ ਵਿੱਚ ਮੌਜੂਦ ਹੁੰਦੇ ਹਨ।ਕਵਿਤਾ ਵਿੱਚ ਭਾਵਨਾ ਤੇ ਕਲਪਨਾ ਦੀ ਸਹਾਇਤਾ ਨਾਲ ਜੀਵਨ ਦੀ ਵਿਆਖਿਆ ਪੇਸ਼ ਹੁੰਦੀ ਹੈ। ਪਰਵਾਸੀ ਪੰਜਾਬੀ ਕਵਿਤਾ ਵਿੱਚ ਇਸ ਪ੍ਰਕਿਰਤੀ ਨੇ ਬਹੁਤ ਅਧਿਕ ਸਥਾਨ ਦਿੱਤਾ ਗਿਆ ਹੈ। ਵਿਦੇਸ਼ਾਂ ਵਿੱਚ ਵੱਸ ਪੰਜਾਬੀ ਆਪਣੀ ਭਾਵਨਾ ਨੂੰ ਕਵਿਤਾ ਰਾਹੀਂ ਪੇਸ਼ ਕਰਦੇ ਹਨ ਜਿਵੇਂ ਦਰਸ਼ਨ ਗਿੱਲ ਦੀ ਕਵਿਤਾ ਵਿੱਚ ਵਤਨ ਵਾਪਸ ਪਰਤ ਜਾਣ ਦੀ ਭਾਵਨਾ ਪ੍ਰਬਲ ਹੋ ਕੇ ਕਵਿਤਾ ਦੇ ਇਸ ਬੰਦ ਵਿੱਚ ਪ੍ਰਗਟ ਹੁੰਦੀ ਹੈ--

ਕਿਉਂ ਨਾ ਆਪਣਾ,

ਸੁਪਨਾ ਮੁਲਤਵੀ ਕਰੀਏ

ਆਪਣੇ ਘਰ ਵਿੱਚ ਆਪਣਾ ਸੂਰਜ

ਜਿਊਂਦਾ ਕਰੀਏ ।

ਆਪਣੇ ਸਨਮੁਖ ਆਪੇ ਖੜੀਏ।

**5.1.3 ਪ੍ਰਯੋਜਨ-** ਕਵਿਤਾ ਦੇ ਪ੍ਰਯੋਜਨ ਦਾ ਉਸ ਬਹਿਸ ਨਾਲ ਖ਼ਾਸ ਵੀ 'ਤੇ ਸੰਬੰਧ ਦੇਖਿਆ ਜਾ ਸਕਦਾ ਹੈ ਜੋ 'ਕਲਾ ਕਲਾ ਲਈ ਅਤੇ ਕਲਾ ਜੀਵਨ ਲਈ ਦੀਆਂ ਦੋ ਵਿਰੋਧੀ ਦਲੀਲਾਂ ਦੇ ਰੂਪ ਵਿੱਚ ਚਲਦੀ ਰਹੀ ਹੈ। ਕਵਿਤਾ ਕਵਿਤਾ ਲਈ ਦਾ ਸਿਧਾਂਤ ਸ਼ੁੱਧਤਾਵਾਦੀ ਸਿਧਾਂਤ ਹੈ ਜੋ ਸ਼ੁੱਧ ਸਾਹਿਜ ਤੇ ਸ਼ੁੱਧ ਕਵਿਤਾ ਦੀ ਹੋਂਦ ਨੂੰ ਪ੍ਰਵਾਨ ਕਰਦਾ ਹੈ। ਏਥੇ ਕਾਵਿ ਦਾ ਸੂਝ ਜਨ ਕੇਂਦਰਯ-ਸਿਰਜਨਾ ਮੰਨਿਆ ਗਿਆ ਹੈ, ਜਿਸ ਅਨੁਸਾਰ ਕਲਾ ਦਾ ਮਨੋਰਥ ਸ਼ੈਲੀ ਦੀ ਸੁੰਦਰਤਾ ਹੈ।

ਦੂਜਾ ਸਕੂਲ ਉਪਯੋਗਤਾਵਾਦੀ ਚਿੰਤਕਾਂ ਦਾ ਹੈ। ਇਸ ਅਨੁਸਾਰ ਜਿਸ ਵਸਤੂ ਦਾ ਜੀਵਨ ਵਿੱਚ ਉਪਯੋਗ ਨਹੀਂ ਉਹ ਮਹੱਤਵ-ਰਹਿਤ ਹੈ। ਕਵਿਤਾ,ਸਮਾਜ ਦੀ ਅਭਿਵਿਅਕਤੀ ਹੈ, ਜਿਸ ਦਾ ਅਧਾਰ ਸ਼ੈਲੀ ਨਹੀਂ ਵਿਚਾਰ ਹੈ। ਰੂਸ ਦੀ ਕ੍ਰਾਂਤੀ ਨਾਲ ਸ਼ੁੱਧਤਾਵਾਦੀ ਅੰਦੋਲਨ ਦਾ ਪ੍ਰਭਾਵ ਬਹੁਤ ਘਟ ਗਿਆ। ਇਸ ਅੰਦੋਲਨ ਵਿੱਚ ਸਭ ਕੁਝ ਸ਼ਬਦ-ਸ਼ੈਲੀ ਨੂੰ ਅਰਪਿਤ ਕਰ ਦਿੱਤਾ ਗਿਆ। ਗੋਰਕੀ ਅਨੁਸਾਰ

ਕਲਾਕਾਰ ਦੀ ਜ਼ਿੰਮੇਵਾਰੀ ਯੁੱਗ ਪ੍ਰਤਿ ਹੁੰਦੀ ਹੈ, ਸਮਾਜ ਪ੍ਰਤੀ ਹੁੰਦੀ ਹੈ। ਸਾਹਿਤਕਾਰ ਵਿਅਕਤੀਵਾਦੀ ਕਿਵੇਂ ਹੋ ਸਕਦਾ ਹੈ?

ਪਰਵਾਸੀ ਪੰਜਾਬੀ ਕਵਿਤਾ ਵਿੱਚ ਕਾਵਿ ਸੰਬੰਧੀ ਨਿਸ਼ਚਿਤ ਕੀਤੇ ਗਏ ਉਪਰੋਕਤ ਸਾਰੇ ਹੀ ਪ੍ਰਯੋਜਕਾਂ ਦੀ ਪੂਰਤੀ ਹੁੰਦੇ ਦਿਖਾਈ ਦਿੰਦੀ ਹੈ। ਸ਼ੁੱਧਤਾਵਾਦੀ ਸਿਧਾਂਤ ਅਧੀਨ ਦਰਸ਼ਨ ਗਿੱਲ ਦੀ ਕਵਿਤਾ ਆਖਦੀ ਹੈ:

ਜਦ ਕਦੀ ਅਤੀਤ ਦੇ

ਸੁਪਨੇ 'ਚ ਘਿਰ ਜਾਂਦਾ ਹਾਂ ਮੈਂ।

ਪੱਤਾ ਪੱਤਾ ਬਿਰਖ ਦਾ

ਬਣ ਕੇ ਕਿਰ ਜਾਂਦਾ ਹਾਂ ਮੈਂ।

ਇਸ ਤਰ੍ਹਾਂ ਪਰਵਾਸੀ ਕਵਿਤਾ ਵਿੱਚ ਉਪਯੋਗਤਾਵਾਦ ਦੇ ਪ੍ਰਭਾਵ ਨੂੰ ਵੀ ਕਾਫ਼ੀ ਵਾਰ ਦੇਖਿਆ ਜਾ ਕਦਾ ਹੈ। ਅਜਾਇਬ ਕਮਲ ਦੀਆਂ ਹੇਠ ਲਿਖੀਆਂ ਸਤਰਾਂ ਉਦਾਹਰਨ ਵਜੋਂ ਪੇਸ਼ ਹਨ—

ਰਾਜਨੀਤੀ

ਸੇਵਾ ‘ਚ ਨਹੀਂ

ਛਾਤੀ ‘ਤੇ ਪਾਰਟੀ ਦੇ ਬਿੱਲੇ ਲਗਾਉਣ 'ਚ ਹੁੰਦੀ ਹੈ

ਧਰਮ...........

ਮਾਨਵ ਲਈ ਨਹੀਂ

ਭਾਸ਼ਣ ਲਈ ਹੁੰਦਾ ਹੈ।

ਕਵਿਤਾ ਨੂੰ, ਭਾਰਤੀ ਪ੍ਰਾਚੀਨ ਆਚਾਰੀਆ ਨੇ ਮਧੁਰ ਸ਼ਬਦਾਂ ਦਾ ਸੰਗਮ ਵੀ ਆਖਿਆ ਹੈ ਜਿਵੇਂ ਕਿ ਆਖਿਆ ਗਿਆ ਹੈ ਕਾਵਿ, ਬੁੱਧੀ ਦੀ ਸਹਾਇਤਾ ਨਾਲ ਕਲਪਨਾ ਦੁਆਰਾ ਸੱਚ ਦਾ ਸਾਰਥਕ ਸ਼ਬਦਾਂ ਵਿੱਚ ਰਮਣੀਯ ਪ੍ਰਗਟਾਅ ਹੈ। ਇੰਝ ਇਹ ਮੰਨਿਆ ਜਾ ਸਕਦਾ ਹੈ ਕਿ ਇਹ ਮਨ ਨੂੰ ਮੁਗਧ ਕਰਨ ਵਾਲੀ ਅਭਿਵਿਅਕਤੀ ਮੌਖਿਕ ਜਾਂ ਜਬਾਨੀ ਰੂਪ ਵਿੱਚ ਵੀ ਹੋ ਸਕਦੀ ਹੈ ਅਤੇ ਲਿਖਤੀ ਰੂਪ ਵਿੱਚ ਵੀ। ਇਸ ਪ੍ਰਸੰਗ ਵਿੱਚ ਅਮਰ ਜਿਉੜੀ ਦੀ ਕਵਿਤਾ ਨੌਵਾਂ ਦੀ ਰੜਕ' ਵੇਖੀ ਜਾ ਸਕਦੀ ਹੈ ਜਿਸ ਵਿੱਚ ਲੇਖਕਾਂ ਨੇ ਪੁਰਾਣੇ ਗੁੰਮ ਹੋ ਰਹੇ ਪੰਜਾਬੀ ਸੱਭਿਆਚਾਰ ਦੀ ਪੁਨ। ਚਿਤਵਣਾ ਕੀਤੀ ਹੈ—

ਪੰਜਾਬ ! ਕੁਝ ਸਾਲ ਪਹਿਲਾਂ

ਤੇਰੀ ਜਿਮੀ ਤੇ ਪੈਰ ਧਰਦਿਆਂ

ਮੈਂ ਰੋ ਪੈਂਦੀ ਸਾਂ

ਇਕ ਚਾਅ ਨਾਲ

ਕੀ ਚੁਭ ਗਿਐ ਹੁਣ

ਮੇਰੇ ਚਾਵਾਂ ਦਿਆਂ ਨੈਣਾ ਚ

ਚਾਹੇ ਤੇਰੀ ਧਰਤੀ 'ਤੇ ਉੱਗੇ ਤੇ ਖਿੜੇ

ਸਰ੍ਹੋਂ ਦੇ ਖੇਤ

ਪਹਿਲਾ ਵਾਂਗ ਪਏ ਹੱਸਦੇ

ਕਪਾਹ ਦੇ ਖੇਤਾਂ 'ਚ

ਪੀਲੇ ਕਾਸ਼ਨੀ ਫੁੱਲ ਨੇ ਖਿੜਦੇ

ਗੰਨਿਆਂ ਦੇ ਖੇਤ ਤੇ

ਗੁੜ ਬਣਨ ਦੀ ਖੁਸ਼ਬੋ

ਹਵਾ 'ਚ ਪਈ ਘੁਲਦੀ

ਕਣਕਾਂ ਸੋਨਾ ਪਾਈ

ਮਟਕ ਮਟਕ ਹੁਲਾਰਦੀਆਂ

ਮੱਕੀ ਦੀਆਂ ਛੱਲੀਆਂ 'ਚੋਂ

ਕੱਚੇ ਦੁੱਧ ਦੀ ਆਉਂਦੀ ਏ ਖ਼ੁਸ਼ਬੋ

ਕਿੱਕਰਾਂ ਦੇ ਪੀਲੇ ਫੁੱਲ

ਜ਼ਿਮੀਂ 'ਤੇ ਪਏ ਵਿਛਦੇ

ਉੱਚੀਆਂ ਲੰਮੀਆਂ ਟਾਹਲੀਆਂ

ਪਿਪਲਾਂ ਦੀਆਂ ਛਾਂਵਾਂ

ਹਨ ਸੀਤਲ ਪਹਿਲਾ ਵਾਂਗ ........

...............

ਇਹ ਠੀਕ ਹੈ ਕਿ

ਕੁਝ ਸਾਲ ਪਹਿਲਾਂ ਵਾਲ ਤੇ

ਹੁਣ ਦੇ ਅੱਥਰੂਆਂ 'ਚ

ਫ਼ਰਕ ਹੈ ਬੜਾ।

ਪਾਸੇ ਕੁਝ ਯਤਨ ਕੀਤੇ ਹਨ। ਇਹ ਯਤਨ ਹੇਠ ਲਿਖੇ ਅਨੁਸਾਰ ਹਨ-

ਜੇਮਜ ਰੀਵਜ਼—ਜੰਮਜ ਗੇਜ ਦੀ ਧਾਰਨਾ ਹੈ ਕਿ ਕਵਿਤਾ ਨੂੰ ਮਹਿਸੂਸਿਆ ਜਾ ਸਕਦਾ ਹੈ ਅਤੇ ਇਸ ਦੀ ਚਰਚਾ ਲਾਭਪੂਰਵਕ ਕੀਤੀ ਜਾ ਸਕਦੀ ਹੈ, ਪਰੰਤੂ ਉਸ ਅਨੁਸਾਰ, ਕਵਿਤਾ ਦੀ ਜ਼ੁਬਾਨ ਤੋਂ ਪੂਰੀ ਜਾਂ ਮੁਕੰਮਲ ਵਿਆਖਿਆ ਨਹੀਂ ਕੀਤੀ ਜਾ ਸਕਦੀ ("Poetry can never be fully explained. If can be felt and it can be faked about with profit.")

ਗਹੁ ਨਾਲ ਅਧਿਐਨ ਕਰਨ ਉੱਤੇ ਪਤਾ ਲੱਗਦਾ ਹੈ ਕਿ ਰੀਵਜ ਕਵਿਤਾ ਦੇ ਸਹੀ ਸਰੂਪ ਨੂੰ ਨਿਰਧਾਰਤ ਕਰਨ ਵਿਚ ਪੂਰੀ ਤਰ੍ਹਾਂ ਸਫਲ ਨਹੀਂ ਪਰ ਇਸ ਗੱਲ ਤੋਂ ਵੀ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਉਹ ਕਵਿਤਾ ਦੇ ਤਿਲਸਮੀ ਪ੍ਰਭਾਵ ਤੋਂ ਕਾਇਲ ਹੈ ਅਤੇ ਇਸੇ ਕਰਕੇ ਉਹ ਕਵਿਤਾ ਨੂੰ ਲਾਭ ਵਾਲੀ ਵਸਤੂ ਮੰਨਦਾ ਹੈ।

ਬਰਿਆਨ ਜਾਨਜ਼ (Bryn Jones) ਦੀ ਦ੍ਰਿਸ਼ਟੀ ਵਿੱਚ ਕਵਿਤਾ ਇਕ ਜਾਦੂ ਹੈ ਜਿਸ ਦੀ ਸੇਧ ਸੁੰਦਰਤਾ ਅਤੇ ਸਦਭਾਵਨਾ ਹੈ ਉਸ ਦਾ ਕਹਿਣਾ ਹੈ "ਕਵਿਤਾ ਇੱਕ ਸਫੇਦ ਜਾਦੂ ਹੈ ਅਤੇ ਇਸ ਦੀ ਉਸਤਤੀ ਕਾਮਲ ਯਕੀਨ ਤੋਂ ਬਿਨਾਂ ਅਸੰਭਵ ਹੈ ਕਿ ਕਵਿਤਾ ਦਾ ਅੰਤਿਮ ਯੋਜਨ ਸੁੰਦਰਤਾ ਅਤੇ ਕਲਿਆਣ ਹੈ" ("Poetry is white magic and it is a impossible to appreciate it fully without beleving that it aims ultimately at beauty and goodness, as it is to be religious without believing that God is the ultimate beauty and goodness.") ਇੰਝ ਜਾਨਜ ਦੀ ਦ੍ਰਿਸ਼ਟੀ ਕਵਿਤਾ ਦੇ ਸਰੂਪ ਸੰਬੰਧੀ ਕਵਿਤਾ ਦੇ ਭਾਰਤੀ ਦ੍ਰਿਸ਼ਟੀ ਤੋਂ ਚਿਤਵੇ ਗੁਣ ਸਭਿਅਮ, ਸ਼ਿਵਮ ਅਤੇ ਸੁੰਦਰਮ ਨਾਲ ਸੁਮੇਲ ਖਾਂਦੀ ਹੈ।

ਰਾਬਰਟ ਹਿਲੇਰ ਦੀ ਦ੍ਰਿਸ਼ਟੀ ਵਿੱਚ ਕਵਿਤਾ ਦਾ ਬਿਲਕੁਲ ਵਿਲੱਖਣ ਸਰੂਪ ਹੈ। ਉਸ ਦੀ ਧਾਰਨਾ ਹੈ ਕਿ ਕਵਿਤਾ ਜਿਸ ਚੀਜ਼ ਨੂੰ ਛੂਹ ਲੈਂਦੀ ਹੈ, ਉਸ ਨੂੰ ਅਮਰ, ਚਿਰੰਜੀਵੀ ਅਤੇ ਸੁੰਦਰ ਬਣਾ ਦਿੰਦੀ ਹੈ। ਉਹ ਆਖਦਾ ਹੈ ਕਿ ਕਵਿਤਾ ਸਮੇਂ ਦੇ ਲਗਾਤਾਰ ਵਹਿ ਰਹੇ ਪ੍ਰਵਾਹ ਵਿੱਚ ਵਿਚਾਰਾਂ ਤੇ

ਮਨੋਭਾਵਾਂ ਨੂੰ ਪਕੜਨ ਦੀ ਕੋਸ਼ਿਸ ਕਰਦੀ ਹੈ ਅਤੇ ਉਨ੍ਹਾਂ ਨੂੰ ਆਕਾਰ ਪ੍ਰਦਾਨ ਕਰਕ ਵਧੇਰੇ ਸਥਾਈ ਅਤੇ ਸੁੰਦਰ ਬਣਾ ਦਿੰਦੀ ਹੈ ਕਿ ਉਹ ਜ਼ਿੰਦਗੀ ਦੀ ਸਾਧਾਰਨ ਤੋ ਵਿੱਚ ਅਜਿਹੇ ਨਹੀਂ ਬਣ ਸਕਦੇ। ਇੰਝ ਹਿਲੇਰ ਦੁਆਰਾ ਚਿਤਵਿਆ ਕਵਿਤਾ ਦਾ ਸਰੂਪ ਇਕ ਤਰਾਂ ਨਾਲ ਰਹੱਸਵਾਦੀ ਜਿਹਾ ਹੈ।

ਕਵਿਤਾ ਦੇ ਉਪਰੋਕਤ ਸਰੂਪ ਦੀ ਪੇਸ਼ਕਾਰੀ ਵੀ ਪਰਵਾਸੀ ਪੰਜਾਬੀ ਕਵਿਤਾ ਸੰਗ੍ਰਹਿ ਵਿੱਚ ਅਨੇਕ ਕਵੀਆਂ ਦੀ ਕਵਿਤਾ ਵਿੱਚ ਹੁੰਦੀ ਹੈ। ਇਸ ਪ੍ਰਸੰਗ ਵਿੱਚ ਅਜਾਇਬ ਕਮਲ ਦੀ ਕਵਿਤਾ ਉਦਾਹਰਨ ਵਜੋਂ ਵੇਖੀ ਜਾ ਸਕਦੀ ਹੈ:

ਸ਼ਬਦ ਪੱਤਿਆ ਵਾਂਗ

ਦਰਖਤਾਂ ਨੂੰ ਨਹੀਂ ਲਗਦੇ

ਨਾ ਘਾਹ ਦੀਆਂ ਲੁਆਈ ਵਾਂਗ

ਜ਼ਮੀਨ ਚੋਂ ਫੁਟਦੇ ਨੇ

ਇਹ ਅਮੋੜ ਤਾਂ ਕਈ ਕੱਪਰ ਛੱਲਾਂ

ਬਿਫ਼ਰੇ ਦਰਿਆ

ਸਮੁੰਦਰ ਵਾਂਗ ਉਬਲਦੇ

ਅੱਖੜ ਵਲਵਲੇ ਨੇ

ਜੋ ਰੰਗਾਂ, ਰਿਸ਼ਮਾਂ, ਸੁਗੰਧਾਂ ਤੋਂ ਪਿਘਲੀ ਅੱਗ ਦੀਆਂ

ਪਿਚਕਾਰੀਆਂ ਵਾਂਗ

ਮੇਰੇ ਧੁਰ ਅੰਦਰਲੇ ਅਹੰਮ ‘ਚ ਫੁਟਦੇ ਨੇ

ਮੇਰੀ ਕਵਿਤਾ ਚੋਂ

ਉਹ ਸ਼ਬਦ ਨਹੀਂ ਮਰੇਗਾ

ਜੋ ਮੈਂ ਆਪਣੀ ਰਤ ਚ

ਚਿੰਤਨ ਦੀ ਅੱਗ ਵਰਗੀ ਬੇੜੀ ਖਹਿ ਕੇ ਲਿਖਿਆ ਹੋਵੇਗਾ

ਸ਼ੈਲੇ (PB. Shelley) ਅੰਗਰੇਜ਼ੀ ਸਾਹਿਤ ਦੇ ਰੁਮਾਂਟਿਕ ਯੁੱਗ ਦਾ ਹਰਮਨ ਪਿਆਰਾ ਕਵੀ ਹੈ। ਉਸ ਨੇ ਰੁਮਾਂਟਿਕ ਸ਼ੈਲੀ ਵਿੱਚ ਕਵਿਤਾ ਦੇ ਸਰੂਪ ਨੂੰ ਉਲੀਕਣ ਦੀ ਕੋਸ਼ਿਸ਼ ਕੀਤੀ ਹੈ। ਉਹ ਲਿਖਦਾ

ਹੈ, "ਕਵਿਤਾ ਅਸਲ ਵਿੱਚ ਦੈਵੀ ਹੁੰਦੀ ਹੈ। ਇਹ ਇੱਕੋ ਸਮੇਂ ਗਿਆਨ ਦਾ ਕੇਂਦਰ ਅਤੇ ਘੇਰਾ ਵੀ ਹੈ। ਇਹ ਉਹ ਚੀਜ ਹੈ, ਜਿਸ ਦੁਆਰਾ ਸਾਰਿਆਂ ਵਿਗਿਆਨਾਂ ਦੀ ਜਾਣਕਾਰੀ ਪ੍ਰਾਪਤ ਹੁੰਦੀ ਹੈ, ਜਿਨ੍ਹਾਂ ਪਲ ਹਰੇਕ ਵਿਗਿਆਨ ਨਿਰਦੇਸ਼ ਕਰਦਾ ਹੈ। ਕਵਿਤਾ ਬਾਕੀ ਸਾਰੀਆਂ ਵਿਚਾਰ-ਪ੍ਰਣਾਲੀਆਂ ਦਾ ਸੋਮਾ ਵੀ ਹੈ ਅਤੇ ਵਿਕਾਸ ਵੀ ਹੈ"।

("Poetry is indeed something divine. It is at once the centre and circumference of knowledge. It is that which comprehends all sciences and that to which all sciences must reffered. It is the same root and blossom of all other system of thought.")

ਹਿੰਦੀ ਦੇ ਪ੍ਰਗਤੀਵਾਦੀ ਚਿੰਤਕਾਂ ਨੇ ਕਵਿਤਾ ਦੀ ਪਰਿਭਾਸ਼ਾ ਦਿੰਦਿਆਂ ਇਸ ਦੇ ਸਰੂਪ ਨੂੰ ਉਘਾੜਨ ਦੀ ਕੋਸ਼ਿਸ਼ ਕੀਤੀ ਹੈ। ਮੁਕਤੀ ਬੋਧ ਅਨੁਸਾਰ, ਕਵਿਤਾ ਦੀ ਵਿਆਖਿਆ ਅਜਿਹੀ ਵਸਤੂ ਹੈ, ਜਿਸ ਦਾ ਸਿਰਜਨ ਵਿਅਕਤੀਗਤ ਕੋਸ਼ਿਸ਼ ਦਾ ਸਿੱਟਾ ਹੁੰਦੇ ਹੋਇਆ ਵੀ ਮੂਲ ਰੂਪ ਵਿੱਚ ਸਮਾਜਿਕ ਅਤੇ ਸਭਿਆਚਾਰਕ ਧਰਤੀਆਂ ਉੱਤੇ ਟਿਕਿਆ ਹੋਇਆ ਹੈ, ਜੋ ਆਤਮਕ ਹੋ ਕੇ ਵੀ ਵਿਅਕਤੀਗਤ ਨਹੀਂ ਹੁੰਦਾ। ਉਸ ਵਿੱਚ ਸਭਿਆਚਾਰਕ ਪਰੰਪਰਾਵਾਂ ਦਾ ਤਲਾਅ ਹੁੰਦਾ ਹੈ, ਜਿਸ ਵਿੱਚ ਪ੍ਰਗਤੀਸ਼ੀਲ ਜੀਵਨ ਮੁੱਲ ਪ੍ਰਗਟ ਹੁੰਦੇ ਹਨ।

'ਪਰਵਾਸੀ ਪੰਜਾਬੀ ਕਵਿਤਾ' ਪੁਸਤਕ ਵਿਚਲੀਆਂ ਕਵਿਤਾਵਾਂ ਉਪਰੋਕਤ ਧਾਰਨਾ ਤੇ ਪੂਰੀਆਂ ਢੁਕਦੀਆਂ ਹਨ ਕਿ ਕੋਈ ਕਵਿਤਾ ਮੂਲ ਰੂਪ ਵਿੱਚ ਨਿੱਜੀ ਹੁੰਦੀ ਵੀ ਆਪਣੇ ਸਮਾਜਿਕ ਸੱਭਿਆਚਾਰਕ ਸੰਕਟਾਂ ਤੋਂ ਟੁੱਟੀ ਨਹੀਂ ਹੁੰਦੀ। ਇਹ ਕਵੀ ਦੇ ਨਿੱਜ ਨਾਲ ਜੁੜੀ ਹੋ ਕੇ ਵੀ ਉਸ ਦੇ ਆਲੇ-ਦੁਆਲੇ ਦੇ ਸਮਾਜ ਨਾਲ ਗਹਿਰਾ ਰਾਬਤਾ ਰੱਖਦੀ ਹੈ, ਆਧੁਨਿਕ ਮਨੁੱਖ ਦੇ ਦੁਖਾਂਤ ਨੂੰ ਸਿਰਜਦੀ ਅਜਾਇਬ ਕਮਲ ਦੀ ਕਵਿਤਾ ਵੇਖੀ ਜਾ ਸਕਦੀ ਹੈ:

ਬਾਹਰੀ ਸੂਟ ਬੂਟ, ਨਕਟਾਈ

ਜਾਲੀਦਾਰ ਦਾੜ੍ਹੀ

ਤੇ ਖਿੱਚ ਕੇ ਬੰਨ੍ਹੀ ਪੰਚਵੀਂ ਪਗੜੀ ਦੇਖ ਕੇ

ਭੁਲੇਖੇ ਚ ਨਾ ਪਏ ਰਹਿਣਾ

ਕਿ ਮੈਂ ਬੜਾ ਅਪਟੂਡੇਟ

ਅਲਟ੍ਰਾ ਮਾਡਰਨ ਖੁਸ਼-ਪੋਸ਼ ਹਾਂ

ਸ਼ਹਿਰਾਂ ਆਬਾਦੀਆਂ

ਵਣਾਂ, ਥਲਾਂ, ਦੇਸ਼ਾਂ, ਮਹਾਂਦੀਪਾਂ 'ਚ ਗੁਆਚੀ

ਆਪਣੇ ਅੰਦਰਲੀ ਅੱਗ ਲੱਭਦਾ

ਥਾਂ ਥਾਂ ਭਟਕਦਾ ਫਿਰਦਾ

ਮੈਂ ਤਾਂ ਅੱਧਾ ਅਗਿਆਤਵਾਸੀ

ਅੱਧਾ ਖਾਨਾਬਦੋਸ਼ ਹਾਂ

ਪ੍ਰਗਤੀਵਾਦੀ ਚਿੰਤਕਾਂ ਨੇ ਕਿਧਰੇ ਕਿਧਰੇ ਕਵਿਤਾ ਦੇ ਸਰੂਪ ਦੀ ਵਿਆਖਿਆ ਵਿੱਚ ਵਰਗ-ਸੰਘ ਦੇ ਚਿਤਰਨ ਨੂੰ ਕਿਵਤਾ ਦਾ ਨਿਯਮਕ ਤੱਤ ਮੰਨਿਆ ਹੈ, ਪਰੰਤੂ ਕੁਝ ਚਿੰਤਕਾਂ ਦੀ ਧਾਰਨਾ ਹੈ ਕਿ ਵਰਗ ਸੰਘਰਸ਼ ਕਵਿਤਾ ਦਾ ਇਕ ਪ੍ਰਮੁੱਖ ਅੱਗੇ ਹੋ ਸਕਦਾ ਹੈ ਅਤੇ ਸੰਪੂਰਨ ਕਵਿਤਾ ਨੂੰ ਕੇਵਲ ਵਰਗਾ ਸੰਘਰਸ਼ ਦੇ ਚਿਤਰਨ ਤਕ ਸੀਮਤ ਨਹੀਂ ਕੀਤਾ ਜਾ ਸਕਦਾ। ਵਧੇਰੇ ਪ੍ਰਗਤੀਵਾਦੀ ਚਿੰਤਕਾਂ ਨੇ ਕੇਵਲ ਵਰਗ ਸੰਘਰਸ਼ ਨੂੰ ਕਵਿਤਾ ਵਿੱਚ ਸਥਾਨ ਦੇ ਕੇ ਕਦੇ ਵੀ ਇਸ ਦੀ ਸੀਮਾ ਨੂੰ ਛੋਟੀ ਬਣਾਉਣ ਦੀ ਕੋਸ਼ਿਸ਼ ਨਹੀਂ ਕੀਤੀ। ਉਨ੍ਹਾਂ ਦੀ ਕੋਸ਼ਿਸ਼ ਸਮਾਜਿਕ ਯਥਾਰਥ ਚਿਤਰਨ ਪ੍ਰਤੀ ਰਹੀ ਹੈ, ਜਿਸ ਅੰਦਰ ਮਹੱਤਵਪੂਰਨ ਅੱਜ ਵਰਗ ਸੰਘਰਸ਼ ਦਾ ਹੈ।

ਇਸ ਪ੍ਰਸੰਗ ਵਿੱਚ ‘ਪਰਵਾਸੀ ਪੰਜਾਬੀ ਕਵਿਤਾ’ ਪੁਸਤਕ ਵਿੱਚ ਸ਼ਸ਼ੀ ਸਮੁੰਦਰਾ ਦੀ ਇਕ ਕਵਿਤਾ 'ਕਠਪੁਤਲੀ ਨੂੰ ਉਦਾਹਰਨ ਵਜੋਂ ਪੇਸ਼ ਕੀਤਾ ਜਾ ਸਕਦਾ ਹੈ—

ਕਿੰਨਾ ਦਿਲਚਸਪ ਸੀ

ਕਠਪੁਤਲੀ ਦਾ ਨਾਚ

ਕਿੰਨੀ ਲੈਅ ਤੇ ਕਿੰਨਾ ਤਾਲ

ਕਿਸ ਨਖਰੇ ਨਾਲ ਗਾਉਂਦੀ ਸੀ

ਤੇ ਕਿਸ ਨਖਰੇ ਨਾਲ ਨੱਚਦੀ ਸੀ

ਪਰ ਹੋਇਆ ਕੀ ਫਿਰ

ਤਾੜੀਆਂ ਦੇ ਸ਼ੋਰ ਵਿੱਚ ਜੇ ਟੁੱਟ ਗਈ ਡੋਰ

ਕੀ ਸੀ ਸਹਿਜੇ ਇਹ ਹਾਦਸਾ?

ਜਾਂ ਨਟ ਦੀ ਖਿਝ

ਕੀ ਕੋਈ ਜਾਣੇ ਪਰਦੇ ਪਿੱਛੇ ਕੀ ਕੀ ਹੋਇਆ

ਲੋਕਾਂ ਨੂੰ ਨਾ ਏਨਾ ਹੀ ਪਤਾ ਹੈ ਕਿ
ਬਹੁਤੀ ਸੋਹਣੀ ਬਹੁਤ ਜੁਆਨ
ਤਾਲ ਤੇ ਗਾਉਂਦੀ, ਤਾਲ ਤੇ ਨੱਚਦੀ
ਉਹ ਕਠਪੁਤਲੀ
ਤਾੜੀਆਂ ਦੇ ਸ਼ੋਰ ਵਿੱਚ ਡੋਰ ਟੁੱਟਣ 'ਤੇ
ਅਚਾਨਕ ਮੂਧੇ ਮੂੰਹ ਡਿੱਗੀ ਸੀ
ਉਨ੍ਹਾਂ ਨੂੰ ਤਾਂ ਏਨਾ ਹੀ ਪਤਾ ਹੈ !
ਉਨ੍ਹਾਂ ਨੂੰ ਤਾਂ ਏਨਾ ਹੀ ਪਤਾ ਹੈ।

5.1.4 **ਸਿੱਟਾ**–ਸਮੁੱਚੀ ਚਰਚਾ ਉਪਰੰਤ ਆਖਿਆ ਜਾ ਸਕਦਾ ਹੈ ਕਿ ਕਵਿਤਾ ਦਾ ਵਿਸ਼ਾ ਇਨਾ ਜਟਿਲ ਅਤੇ ਵਿਸ਼ਾਲ ਹੈ ਕਿ ਇਸ ਨੂੰ ਕਿਸੇ ਇਕ ਪਰਿਭਾਸ਼ਾ ਵਿੱਚ ਬੰਨ੍ਹਣਾ ਸੰਭਵ ਨਹੀਂ ਹੈ। ਇਸੇ ਤਰ੍ਹਾਂ ਵੱਖ-ਵੱਖ ਕਵੀਆਂ ਦੀ ਕਵਿਤਾ ਦੇ ਸਰੋਕਾਰ ਵੀ ਵੱਖ-ਵੱਖ ਹਨ।'ਪੰਜਾਬੀ ਪਰਵਾਸੀ ਕਵਿਤਾ ਵਿਚ ਸ਼ਾਮਲ ਕੀਤੇ ਪਰਵਾਸੀ ਕਵੀਆਂ ਦੀਆਂ ਰਚਨਾਵਾਂ ਕਵਿਤਾ ਦੀਆਂ ਵੱਖ-ਵੱਖ ਪਰਿਭਾਸ਼ਾਵਾਂ, ਸਰੂਪ ਅਤੇ ਪ੍ਰਯੋਜਨ-ਪ੍ਰਕਿਰਤੀ ਦੇ ਮਿਆਰ ਨੂੰ ਬਰਕਰਾਰ ਰੱਖਦਿਆਂ ਹੋਇਆਂ ਪਰਵਾਸੀ ਚੇਤਨਾ ਦੇ ਪ੍ਰਵਾਹ ਨੂੰ ਨਿਰੰਤਰ ਵਹਿਣ ਵਿੱਚ ਰੱਖਦੀਆਂ ਹਨ।

## 5.2 ਪਰਵਾਸੀ ਪੰਜਾਬੀ ਕਵਿਤਾ: ਵਿਚਾਰਧਾਰਾਈ ਅਧਿਐਨ

ਪਿਆਰੇ ਵਿਦਿਆਰਥੀਓ! ਕਵਿਤਾ ਦੀ ਪਰਿਭਾਸ਼ਾ, ਪ੍ਰਕਿਰਤੀ ਅਤੇ ਪ੍ਰਯੋਜਨ ਬਾਰੇ ਮੁੱਢਲੀ ਜਾਣਕਾਰੀ ਹਾਸਿਲ ਕਰਨ ਉਪਰੰਤ ਅਸੀਂ ਪਰਵਾਸੀ ਪੰਜਾਬੀ ਕਵਿਤਾ ਦਾ ਵਿਚਾਰਧਾਰਾਈ ਅਧਿਐਨ ਕਰਾਂਗੇ। ਵਿਸ਼ਵ ਦੇ ਇੱਕ ਖਿੱਤੇ ਤੋਂ ਦੂਜੇ ਖਿੱਤੇ ਵਿੱਚ ਪਰਵਾਸ ਦੇ ਵਰਤਾਰੇ ਦਾ ਇਤਿਹਾਸ ਬੇਸ਼ਕ ਪ੍ਰਾਚੀਨ ਸਮਿਆਂ ਤੇ ਪ੍ਰਚਲਤ ਹੈ ਪਰ ਪੰਜਾਬੀਆਂ ਦੇ ਪ੍ਰਵਾਸ ਦਾ ਅਜੋਕਾ ਰੁਝਾਨ ਵੀਹਵੀਂ ਸਦੀ ਦੀ ਉਪਜ ਹੈ। ਇਸ ਸਮੇਂ ਬਰਤਾਨੀਆ, ਕੈਨੇਡਾ, ਨੀਦਰਲੈਂਡ, ਅਫਰੀਕਾ, ਅਮਰੀਕਾ, ਆਸਟਰੇਲੀਆ, ਸਵਿਟਜ਼ਰਲੈਂਡ, ਡੈਨਮਾਰਕ, ਕੀਨੀਆ, ਸਵੀਡਨ ਆਦਿ ਮੁਲਕਾਂ ਵਿੱਚ ਵਰਵਾਸੀ ਪੰਜਾਬੀ ਸਾਹਿਤ ਦੀ ਸਿਰਜਣਾ ਹੋ ਰਹੀ ਹੈ। ਪਰਵਾਸੀ ਅਨੁਭਵ ਦੀ ਸਮੁੱਚਤਾ ਨੂੰ ਜਿੰਨੀ ਗਹਿਰਾਈ, ਵਿਸ਼ਾਲਤਾ ਤੇ ਤੀਖਣਤਾ ਨਾਲ ਪਰਵਾਸੀ ਕਵੀਆਂ ਨੇ ਆਪਣੀਆਂ ਰਚਨਾਵਾਂ ਵਿੱਚ ਪ੍ਰਸਤੁਤ ਕੀਤਾ ਹੈ ਉਸਦੀ ਸ਼ਲਾਘਾ ਕਰਨੀ ਬਣਦੀ ਹੈ। ਬਦੇਸ਼ਾਂ ਵਿੱਚ ਵਸਦੇ ਪੰਜਾਬੀ ਲੇਖਕਾਂ ਨੂੰ ਆਰਥਿਕਤਾ ਨਾਲ ਲਗਾਤਾਰ ਘੋਲ ਕਰਨਾ ਪੈਂਦਾ ਹੈ ਜਿਸ ਕਾਰਨ ਉਹ ਕੁਲਵਕਤੀ ਲੇਖਕ ਨਹੀਂ ਬਣ ਸਕਦੇ ਫਿਰ ਵੀ ਜਿਹੜੇ ਲਿਖ ਰਹੇ ਹਨ ਉਨ੍ਹਾਂ ਦੀ ਬਹਾਦਰੀ ਹੀ ਕਹਿ ਲਵੋ। ਅਜਿਹ ਲੇਖਕਾਂ ਵਿੱਚ ਪ੍ਰਮੁੱਖ ਨਾਂ ਹਨ—ਅਵਤਾਰ ਜੰਡਿਆਲਵੀ, ਰਵਿੰਦਰ ਰਵੀ, ਜਗਤਾਰ ਢਾਅ, ਅਜਾਇਬ ਕਮਲ, ਸ਼ਿਵਚਰਨ ਗਿੱਲ, ਬਲਦੇਵ ਬਾਵਾ, , ਬਲਿਹਾਰ ਸਿੰਘ ਰੰਧਾਵਾ, ਭੁਪਿੰਦਰ ਪੁਰੇਵਾਲ, ਮਹਿੰਦਰ ਗਿੱਲ, ਅਮਰ ਜਿਉਤੀ, ਅਜੀਤ ਰਾਹੀਂ, ਸਗੋਂ ਕੁਮਾਰ, ਸੋਹ ਕਾਦਰੀ, ਸਵਰਨ ਸਿੰਘ ਪਰਵਾਨਾ, ਦੇਵ, ਗੁਰੂਮੇਲ, ਸ਼ਸ਼ੀ ਸਮੁੰਦਰਾ, ਅਜਮੇਰ ਰੋਡੇ, ਗੁਰਚਰਨ ਰਾਮਪੁਰੀ, ਚਰਨ ਸਿੰਘ, ਦਰਸ਼ਨ ਗਿੱਲ, ਨਿਰਮਲ ਸਿੰਘ ਪੁਰੇਵਾਲ, ਇਕਬਾਲ ਰਾਮੂਵਾਲੀਆ ਆਦਿ।

ਪਰਵਾਸ ਦਾ ਸਧਾਰਨ ਸ਼ਾਬਦਿਕ ਅਰਥ ਪਰਾਏ ਦੇਸ ਵਿੱਚ ਜਾ ਕੇ ਵੱਸਣਾ" ਮੰਨਿਆ ਜਾ ਸਕਦਾ ਹੈ। ਪਰੰਤੂ ਇਸ ਸਧਾਰਨ ਅਰਥ ਨੂੰ ਪਰਵਾਸ ਦੀ ਪਰਿਭਾਸ਼ਾ ਨਹੀਂ ਆਖਿਆ ਜਾ ਸਕਦਾ। ਇਸ ਸ਼ਬਦ ਦੀ ਪਰਿਭਾਸ਼ਾ ਭਿੰਨ-ਭਿੰਨ ਵਿਦਵਾਨ ਭਿੰਨ ਭਿੰਨ ਢੰਗ ਨਾਲ ਕਰਦੇ ਹਨ। 'ਪਰਵਾਸ' ਸ਼ਬਦ ਉਨ੍ਹਾਂ ਲੋਕਾਂ ਨੂੰ ਮੁਖਾਤਿਬ ਹੋਇਆ ਜਿਹੜੇ ਲੋਕ ਸ਼ੋਂਕ ਜਾਂ ਮਜਬੂਰੀ-ਵੱਸ ਆਪਣੇ ਰੁਜ਼ਗਾਰ ਦੀ ਭਾਲ ਜਾ ਉੱਚਤਾ ਹਿੱਤ ਆਪਣੇ ਦੇਸ਼ ਤੋਂ ਬਾਹਰ ਬਦਸ਼ੀ (ਯੂਰਪ ਅਤੇ ਅਮਰੀਕੀ) ਮਹਾਦੀਪਾਂ ਵਿੱਚ ਤੁਰ ਇਨ੍ਹਾਂ ਲੋਕਾਂ ਨੇ ਆਰੰਭ ਰੂਪ ਵਿੱਚ ਆਪਣੀਆਂ ਨਿੱਜੀ ਜ਼ਰੂਰਤਾਂ ਲਈ ਜੱਦੋ ਜਹਿਦ ਕਰਦਿਆਂ ਆਪਣੇ-ਆਪ ਨੂੰ ਰੋਟੀ ਕਮਾਉਣ ਦੇ ਕਾਬਲ ਬਣਾ ਲਿਆ, ਪਰੰਤੂ ਇਹ ਸਮਾਂ ਇਹਨਾਂ ਲੋਕਾਂ ਲਈ ਸੰਕਟ-ਗ੍ਰਸਤ, ਤੰਗੀਆਂ-ਤੁਰਸ਼ੀਆਂ ਦਾ ਸੀ ਜਿਸ ਵਿੱਚ ਇਨ੍ਹਾਂ ਨੂੰ ਨਾ ਸਿਰਫ ਆਰਥਿਕ ਮੁਸ਼ਕਲਾਂ ਨਾਲ ਦੋ-ਚਾਰ ਹੋਣਾ ਪਿਆ, ਸਗੋਂ ਆਪਣੀ ਧਰਤੀ ਅਤੇ ਘਰ ਪਰਿਵਾਰ ਤੋਂ ਦੂਰੀ ਦਾ ਵਿਛੜਾ, ਓਪਰੇ ਦੇਸ਼ ਦੀ ਬੇਗਾਨਗੀ, ਸਰੀਰਕ ਅਤੇ ਮਾਨਸਿਕ ਗੁਲਾਮੀ ਅਤੇ ਨਸਲੀ ਵਿਤਕਰੇ ਦੀ ਜਿੱਲਤ ਨੂੰ ਵੀ ਆਪਣੇ ਪਿੰਡ 'ਤੇ ਹੰਢਾਉਣਾ ਪਿਆ, ਕਿਉਂਕਿ ਇਹ ਲੋਕ ਅਨਪੜ੍ਹ ਜਾਂ ਘੱਟ ਪੜੀ ਲਿਖੀ ਸ਼੍ਰੇਣੀ ਵਿੱਚੋਂ ਸਨ।ਭਾਸ਼ਾ ਦੀ ਸਮੱਸਿਆ ਨੇ ਇਹਨਾਂ ਦਾ ਸੰਪਰਕ ਉਪਰੇ ਦੇਸ਼ ਵਾਸੀਆਂ ਨਾਲ ਤੋੜ ਦਿੱਤਾ, ਸੰਚਾਰ ਦੀ ਸਮੀਆ ਇਹਨਾਂ ਦੇ ਵਿਕਾਸ ਦੀ ਵੱਡੀ ਰੁਕਾਵਟ ਸੀ, ਕਿਉਂਕਿ ਬਦੇਸ਼ੀ ਭਾਸ਼ਾ ਦਾ ਗਲਬਾ ਏਨਾ ਜ਼ਿਆਦਾ ਸੀ ਕਿ ਇਨ੍ਹਾਂ ਦੀ ਆਪਣੀ ਜ਼ਬਾਨ ਦੀ ਹੱਦ ਤੇ ਵਿਕਾਸ ਨਾਂ ਮਾਤਰ ਹੀ ਸੀ। ਹਾਕਮ ਸ਼੍ਰੇਣੀ

ਨਾਲ ਇਨ੍ਹਾਂ ਦਾ ਦੂਰ ਦਾ ਵਾਸਤਾ ਵੀ ਨਹੀਂ ਸੀ। ਇਹ ਲੋਕ ਨਾ ਸਿਰਫ ਉਹਨਾਂ ਲੋਕਾਂ ਦੇ ਤਸ਼ਦਦ ਦਾ ਸ਼ਿਕਾਰ ਹੋ ਰਹੇ ਸਨ, ਸਗੋਂ ਆਪਣਿਆਂ ਹੱਥ ਵੀ ਇਹਨਾਂ ਦੀ ਲੁੱਟ ਖਸੁੱਟ ਜਾਰੀ ਸੀ, ਜਿਸ ਕਰਕੇ ਇਨ੍ਹਾਂ ਵਿੱਚ ਆਪਣੇ ਦੇਸ਼ ਪਰਤਣ ਦੀ ਉਮੀਦ ਅਤੇ ਸੁਖਮਈ ਸੁਪਨ ਸੰਸਾਰ ਦਾ ਪਲੇਸ਼ਨ ਇਨ੍ਹਾਂ ਨੂੰ ਜ਼ਿੰਦਗੀ ਦੇ ਰੱਖਣ ਤੇ ਤਰਸ ਸੁਆਦ ਨੂੰ ਹੰਢਾਉਣ ਲਈ ਮਜਬੂਰ ਕਰਦਾ ਰਿਹਾ ਇਹਨਾਂ ਲੋਕਾਂ ਵਿੱਚੋਂ ਕੁਝ ਪਰਵਾਸੀਆਂ ਨੇ ਆਪਣੀ ਜ਼ਬਾਨ/ਮਾਤ-ਭਾਸ਼ਾ ਵਿੱਚ ਲਿਖਣ ਦੀ ਜੁਰਅਤ ਕੀਤੀ। ਇਸ ਦੌਰ ਦੀਆਂ ਬਹੁਤੀਆਂ ਲਿਖਤਾਂ ਦੇਸ਼ ਤੇ ਵਿਛੜੇ ਹੋਣ ਦੇ ਦਰਦ ਦਾ ਬਿੰਬਾਂਕਣ ਕਰਦੀਆਂ। ਜਿਵੇਂ:

ਇਸ ‘ਸਵਰਗ ਵਿੱਚ

ਹਰ ਕੋਈ ਆਪਣਾ ਨਰਕ ਹੰਢਾਉਂਦਾ ਹੈ

ਉਸ ਨਰਕ ਵਿੱਚੋਂ

ਹਰ ਕਿਸੇ ਨੂੰ ਆਪਣਾ ਸਵਰਗ ਯਾਦ ਆਉਂਦਾ ਹੈ। -ਸਾਧੂ

ਮਾਂ ਦੀ ਵਿਲਕਣ, ਪਿਓ ਦਾ ਝੋਰਾ

ਬੱਚਿਆਂ ਦਾ ਮੋਹ, ਤੀਵੀਂ ਤੜਪਣ

ਪੈਰਾਂ ਥੱਲੇ ਰੌਂਧ ਕੇ ਸਭ ਕੁਝ

ਮਾਂ-ਭੂਮੀ ਨੂੰ ਗਿਰਵੀ ਧਰ ਕੇ

ਆਪਣੇ ਸਿਰਜੇ ਸੁਪਨੇ ਦਾ

ਮੂੰਹ ਤੱਕਿਆ ਸੀ

ਅਸੀਂ............ -(ਦਰਸ਼ਨ ਗਿੱਲ)

ਅਸੀਂ

ਅਜੂਨੇ ਭੜੂਏ

ਜੂਕੇ ਆਏ ਤਾਂ

ਅਸੀਂ.........

ਅਗੰਮੀ ਸਹਿਮ ਦੇ

ਸਹਿਮ ਜਾਏ ਹਾਂ

ਮੰਜ਼ਲ ਬਾਰੇ

ਕੋਈ ਤਸੱਵਰ ਨਹੀਂ

ਅਸੀਂ ਤਾਂ.........

ਵਾਟਾਂ ਨੂੰ ਪਰਨਾਏ ਹਾਂ -(ਬਲਿਹਾਰ ਸਿੰਘ ਰੰਧਾਵਾ)

ਇਸ ਤਰ੍ਹਾਂ ਦੇ ਪਰਵਾਸੀ ਚੇਤਨਾ ਦਾ ਦਰਦ ਜਗਤਾਰ ਢਾਅ ਦੀ ਕਵਿਤਾ ਵਿੱਚ ਵੀ ਪੂਰੇ ਪ੍ਰਬਲ ਢੰਗ ਨਾਲ ਉਮੜਦਾ ਦਿਖਾਈ ਦਿੰਦਾ ਹੈ ਜਦੋਂ ਕਹਿੰਦਾ ਹੈ-

ਹਾਂ

ਅਸੀਂ ਹੀ ਉਹ ਸ਼ਖ਼ਸ ਹਾਂ

ਆਪਣੇ ਅਤੀਤ ਦੀ ਗੁਫਾ 'ਚ ਬੈਠੇ ਜੋ

ਬਹੁਤ ਕੁਝ ਯਾਦ ਕਰਦੇ ਰਹਿੰਦੇ ਹਾਂ

ਗੁੰਮ ਚੁੱਕੇ ਰੁੱਖਾਂ ਦੀ ਛਾਂ

ਤੇ ਉੱਡ ਚੁੱਕੇ ਪੰਖੇਰੂਆਂ ਦੇ ਸੁੰਨੇ ਆਲਣੇ

ਸੋਚਾਂ 'ਚ ਆਬਾਦ ਕਰਦੇ ਰਹਿੰਦੇ ਹਾਂ

.........................

ਉਂਜ ਤਾਂ ਸਾਰੀ ਉਮਰ ਅਸੀਂ

ਕਮਾਇਆ ਹੀ ਕਮਾਇਆ ਹੈ

ਗੁਆਇਆ ਹੈ ਤਾਂ ਕੇਵਲ

ਆਪਣਾ ਵਰਤਮਾਨ ਗੁਆਇਆ ਹੈ।

ਹਾਂ

ਅਸੀਂ ਉਹ ਸ਼ਖਸ਼ ਹਾਂ

ਜਿਨ੍ਹਾਂ ਦੇ ਜੀਵਨ

ਆਪਣੇ ਅਤੀਤ ਦਾ ਚੌਲਾ ਉਤਾਰ

ਭਵਿੱਖ ਦਾ ਚੋਲਾ ਪਾਇਆ ਹੈ।

5.2.1 **ਪਰਵਾਸੀ ਸਮੱਸਿਆਵਾਂ—**ਇਹ ਇਕ ਸਵੈ-ਸਿੱਧ ਤੱਥ ਹੈ ਕਿ ਆਪਣਾ ਘਰ ਛੱਡ ਕੇ ਦੂਜੇ ਦੇ ਘਰ ਵਿੱਚ ਜਾ ਕੇ ਵੱਸਣ ਵਾਲੇ ਨੂੰ ਕਈ ਪ੍ਰਕਾਰ ਦੀਆਂ ਸਮੱਸਿਆਵਾਂ ਨਾਲ ਦੋ ਚਾਰ ਹੋਣਾ ਪੈਂਦਾ ਹੈ। ਇਹ ਗੱਲ ਪਰਵਾਸ ਵਿੱਚ ਰਹਿੰਦੇ ਪੰਜਾਬੀਆਂ ਦੇ ਮਾਮਲੇ ਵਿੱਚ ਵੀ ਸੱਚ ਹੈ, ਪਰਵਾਸ ਵਿੱਚ ਪੇਸ਼ ਆਉਂਦੀਆਂ ਸਮੱਸਿਆਵਾਂ ਨੂੰ ਜਦੋਂ ਕੋਈ ਕਵੀ-ਹਿਰਦੇ ਵਾਲਾ ਵਿਅਕਤੀ ਹੰਢਾਉਂਦਾ ਹੈ ਤਾਂ ਇਹ ਸਮੱਸਿਆਵਾਂ ਪਰਵਾਸੀ ਪੰਜਾਬੀ ਕਵਿਤਾ ਦੀਆਂ ਮੂਲ ਪ੍ਰਵਿਰਤੀਆਂ ਬਣ ਕੇ ਰੂਪਮਾਨ ਹੁੰਦੀਆਂ ਹਨ।

5.2.2 **ਨਸਲੀ ਵਿਤਕਰਾ—**ਨਸਲਵਾਦ ਲਗਪਗ ਪੂਰੇ ਪੱਛਮੀ ਸਮਾਜ ਵਿੱਚ ਫੈਲਿਆ ਹੋਇਆ ਹੈ। ਇਹ ਵਰਤਾਰਾ ਸਿਰਫ ਇਕ ਵਿਚਾਰਧਾਰਾ ਦੇ ਤੌਰ 'ਤੇ ਹੀ ਪ੍ਰਚਲਿਤ ਨਹੀਂ ਸਗੋਂ ਸਭ ਤੋਂ ਸ਼ਕਤੀਸ਼ਾਲੀ ਵਿਆਖਿਆਕਾਰੀ ਤੱਤ ਦੇ ਰੂਪ ਵਿੱਚ ਵੀ ਮੌਜੂਦ ਰਿਹਾ ਹੈ। ਪਰਮਜੀਤ ਸਿੰਘ ਜੱਜ ਅਨੁਸਾਰ, ਪੱਛਮੀ ਦੇਸ਼ਾਂ ਵਿੱਚ ਉਦਯੋਗਿਕ ਤਰੱਕੀ ਸਦਕਾ ਪੱਛਮੀ ਦੇਸ਼ ਛੇਤੀ ਹੀ ਸਾਮਰਾਜੀ ਮੁਲਕ ਬਣ ਗਏ ਅਤੇ ਉਨ੍ਹੀਵੀਂ ਸਦੀ ਦੇ ਅੰਤ ਤਕ ਬਸਤੀਵਾਦ ਆਪਣੀ ਸਿਖਰ 'ਤੇ ਪੁੱਜ ਚੁੱਕਾ ਸੀ। ਗੋਰੀ ਨਸਲ ਅਤੇ ਸਾਮਰਾਜੀ ਸ਼ਕਤੀ ਦਾ ਆਪਸੀ ਸਮਰੂਪਤਾ ਦੇ ਕਾਰਨ ਗੋਰਿਆਂ ਦਾ ਦੂਸਰੀ ਨਸਲ ਜਾਂ ਰੰਗ ਦੇ ਲੋਕਾਂ ਨੂੰ ਆਪਣੇ ਤੋਂ ਨੀਵਾਂ ਸਮਝਣਾ ਇਕ ਇਤਿਹਾਸਕ ਪ੍ਰਕਿਰਿਆ ਸੀ। ਪਰ ਛੇਤੀ ਹੀ ਜੀਵ-ਵਿਗਿਆਨੀਆਂ ਅਤੇ ਮਨੋਵਿਗਿਆਨੀਆਂ ਨੇ ਇਹ ਸਥਾਪਤ ਕਰਨ ਵਿੱਚ ਕੋਈ ਕਸਰ ਨਾ ਛੱਡੀ ਕਿ ਗੋਰੀ ਨਸਲ ਦੇ ਲੋਕ ਸਭ ਤੋਂ ਜ਼ਿਆਦਾ ਸ੍ਰੇਸ਼ਟ ਹਨ।" ਇਹੋ ਕਾਰਨ ਹੈ ਕਿ ਪਿਛਲੀਆਂ ਕਈ ਪੀੜ੍ਹੀਆਂ ਤੋਂ ਪੱਛਮੀ ਧਰਤੀ ਤੇ ਵੱਸੇ ਕਾਲੇ ਰੰਗ ਨਾਲ ਸੰਬੰਧਤ ਵਿਅਕਤੀਆਂ ਨੂੰ ਪ੍ਰਦੇਸੀ ਹੀ ਮੰਨਿਆ ਜਾਂਦਾ ਹੈ। ਉਨ੍ਹਾਂ ਦੀ ਚਮੜੀ ਦੇ ਰੰਗ ਕਾਰਨ।

ਡਾ. ਅੰਮ੍ਰਿਤ ਪਾਲ ਕੌਰ ਅਨੁਸਾਰ, “ਮਾਨਸਿਕ ਤੌਰ 'ਤੇ ਚੇਤੰਨ ਅਤੇ ਸਜੰਗ ਇਨ੍ਹਾਂ ਲੋਕਾਂ ਨੇ ਬੀਤ ਚੁੱਕੇ ਸੰਤਾਪ ਨੂੰ ਆਪਣੇ ਮੋਢਿਆਂ 'ਤੇ ਚੁੱਕ ਲਿਆ। ਆਪਣੇ ਦੇਸ਼ ਅੰਦਰ ਆਰਥਿਕ ਅਤੇ ਸਮਾਜਿਕ ਰੁਤਬੇ ਨੂੰ ਹੋਰ ਉੱਪਰ ਉਠਾਉਣ ਖਾਤਰ ਬਦੇਸ਼ਾਂ ਵਿੱਚ ਤੀਜੇ ਦਰਜੇ ਦੇ ਸ਼ਹਿਰੀ ਬਣ ਕੇ ਰਹਿਣਾ ਸਵੀਕਾਰ ਕੀਤਾ ਅਤੇ ਗੁਲਾਮੀ ਦੇ ਸੰਤਾਪ *f* ਵੀ ਭੋਗਿਆ। ਨਸਲੀ ਵਿਤਕਰਾ, ਨਫਰਤ, ਗਰੀਬੀ, ਗੁਲਾਮੀ ਆਦਿ ਪਰਿਸਥਿਤੀਆਂ ਵਿੱਚੋਂ ਗੁਜ਼ਰਦਿਆਂ ਇਹਨਾਂ ਲੋਕਾਂ ਦੀ ਮਾਨਸਿਕਤਾ ਨੇ ਇਨ੍ਹਾਂ ਨੂੰ ਝੰਜੋੜ ਕੇ ਰੱਖ ਦਿੱਤਾ। ਆਪਣੀ ਭਾਵਨਾਤਮਕ ਸੁਰੱਖਿਆ ਖਾਤਰ ਬਦੇਸ਼ਾਂ ਵਿੱਚ ਰਹਿੰਦੇ ਇਨ੍ਹਾਂ ਪ੍ਰਵਾਸੀਆਂ ਨੇ ਲਿਖਤਾਂ ਦੁਆਰਾ ਆਪਣੇ-ਆਪ ਨੂੰ ਪ੍ਰਗਟ ਕੀਤਾ। ਭਾਵੇਂ ਇਹਨਾਂ ਵਿੱਚੋਂ ਬਹੁਤੇ ਪਰਵਾਸੀ ਲੇਖਕ ਭਾਰਤ ਵਿੱਚ ਰਹਿੰਦਿਆਂ ਹੀ ਪੰਜਾਬੀ ਭਾਸ਼ਾ ਨਾਲ ਸੰਬੰਧਿਤ ਤੇ ਸਾਹਿਤਕ ਰੁਚੀਆਂ ਦੇ ਮਾਲਕ ਸਨ, ਪਰੰਤੂ ਉੱਥੋਂ ਦੀਆਂ ਪਰਿਸਥਿਤੀਆਂ ਨੇ ਇਹਨਾਂ ਵਿਚਲੀ ਸਾਹਿਤਕ ਰੁਚੀ ਦੀ ਸੰਵੇਦਨਾ ਨੂੰ ਤੀਬਰ ਅਤੇ ਤਿਖੇਰਾ ਕੀਤਾ ਅਤੇ ਇਹ ਲੋਕ ਹੀ ਸਾਹਿਤ ਰਚਨਾਵਾਂ ਦਾ ਕੇਂਦਰੀ ਧੁਰਾ ਬਣ ਕੇ ਰੂਪਮਾਨ ਹੋਏਝ ਕਿਸੇ ਵਿਸ਼ੇਸ਼ ਦਰਸ਼ਨ, ਸਿਧਾਂਤ ਜਾਂ ਚਿੰਤਨ ਤੇ ਅਵਿਤ ਇਨ੍ਹਾਂ ਲੋਕਾਂ ਨੇ ਮੂਲ ਰੂਪ ਵਿੱਚ ਪਰਿਸਥਿਤੀਆਂ

ਵਿੱਚ ਘਿਰੇ ਪਰਵਾਸੀ ਮਨੁੱਖ ਦੇ ਦੁੱਖ, ਸੰਤਾਪ ਨੂੰ ਹੀ ਚਿਤਰਿਤ ਕੀਤਾ। ਪਰਵਾਸੀਆਂ ਨੂੰ ਭਾਵਨਾਤਮਕ ਸੁਰੱਖਿਆ ਪ੍ਰਦਾਨ ਕਰਨ ਹਿੱਤ ਪ੍ਰਗਟਾਵੇ ਦਾ ਇਹ ਯਤਨ ਇਨ੍ਹਾਂ ਪਰਵਾਸੀਆਂ ਦੀ ਲੋੜ ਸੀ ਭਾਵੇਂ ਇਨ੍ਹਾਂ ਵਿੱਚੋਂ ਉਪਲੱਬਧ ਸਾਹਿਤ ਪਰਿਵਰਤਿਤ ਪ੍ਰਸਿਥਿਤੀਆਂ ਅਧੀਨ ਮਨੁੱਖੀ ਜੀਵਨ ਦੇ ਗਤੀਸ਼ੀਲ ਅਤੇ ਕਿਰਿਆਤਮਕ ਰੂਪ ਦਾ ਰੂਪਾਂਤਰਨ ਹੀ ਹੈ। ਪੰਜਾਬੀ ਭਾਸ਼ਾ ਵਿੱਚ ਨਿਬੰਧ, ਸਾਹਿਤ ਆਤਮ ਪ੍ਰਗਟਾਵਾਂ ਅਤੇ ਸਵੈ-ਮੁਕਤੀ ਦਾ ਮਾਧਿਅਮ ਹੋ ਨਿਬੜਿਆ। ਪਰਵਾਸੀ ਪੰਜਾਬੀ ਸਾਹਿਤ ਵਿੱਚ ਅਜਿਹੇ ਭਾਵਾਂ ਦੀ ਪੇਸ਼ਕਾਰੀ ਬਹੁਤ ਖੂਬਸੂਰਤੀ ਨਾਲ ਕੀਤੀ ਮਿਲਦੀ ਹੈ।

ਅਮਰ ਜਿਉਤੀ ਦੀ ਕਵਿਤਾ ਪਰਵਾਸ ਵਿੱਚ ਭਰੀ ਜਾਣ ਵਾਲਾ ਨਸਲੀ ਵਿਤਕਰੇ ਦੀ ਬਾਤ ਪਾਉਂਦੀ ਹੈ-

ਜਬਾਨ ਤੁਸੀਂ ਖੋਲ੍ਹ ਨਹੀਂ ਸਕਦੇ

ਉੱਚੀ ਤੁਸੀਂ ਬੋਲ ਨਹੀਂ ਸਕਦੇ,

ਗਲੀਆਂ 'ਚ ਤੁਸੀਂ ਨੱਚ ਨਹੀਂ ਸਕਦੇ

ਉੱਚੀ ਸਾਰੀ, ਹੱਸ ਨਹੀਂ ਸਕਦੇ

ਠਹਾਕਿਆ ਦਾ ਅਰਥ

ਅਸੀਂ ਹੀ ਭੁੱਲ ਗਏ ਹਾਂ,

ਸਾਡੇ ਬੱਚ ਕੀ ਯਾਦ ਰੱਖਣਗੇ।

ਸਾਡੇ ਖਾਣਿਆਂ ਦੀ ਖੁਸ਼ਬੂ

ਇਹਨਾਂ ਲਈ ਹੈ ਬਦਬੂ

ਖਚਰੀ ਮੁਸਕਾਨ ਬੁੱਲਾਂ 'ਤੇ ਧਰਕੇ

ਨਫ਼ਰਤ ਭਰੇ ਸਾਹ ਲੈ ਕੇ ਦੱਸਦੇ ਨੇ

ਫ਼ਿਜ਼ਾ ਜਿਵੇਂ ਸਾਡੇ

ਖਾਣਿਆਂ ਦੀ ਮਹਿਕ ਸੰਗ

ਜ਼ਖ਼ਮੀ ਹੋਈ ਹੋਵੇ

**5.2.3 ਪੱਛਮੀ ਜੀਵਨ ਜੀਣ ਦੀ ਲਾਲਸਾ**-ਮਨੁੱਖ ਦੀਆਂ ਮੁਢਲੀ ਜ਼ਰੂਰਤਾਂ ਬਹੁਤ ਥੋਹੜੀਆਂ ਹਨ ਪਰੰਤੂ ਇੱਛਾਵਾਂ ਤੇ ਲਾਲਸਾਵਾਂ ਅਨੰਤ ਹਨ।ਜਦੋਂ ਮਨੁੱਖ ਬੁਨਿਆਦੀ ਲੋੜਾਂ ਨੂੰ ਪੂਰਿਆਂ ਕਰ ਲੈਂਦਾ ਹੈ ਤਾਂ ਉਸ ਦੇ ਮਨ ਅੰਦਰ ਹੋਰ ਸੁੱਖਾ ਦੀ ਤਾਂਘ ਪੈਦਾ ਹੋ ਜਾਂਦੀ ਹੈ। ਰੋਟੀ ਮਗਰੋਂ ਹਰ ਐਸ਼-ਆਰਾਮ ਸੁਖ ਸਹੂਲਤਾਂ ਦੇ ਸਾਧਨ ਇਕੱਠਾ ਕਰਨ ਦੀ ਰੁਚੀ ਅਤੇ ਜੀਵਨ ਦੀਆਂ ਖੁੱਲ੍ਹਾਂ ਮਾਨਣ ਦੀ ਰੁਚੀ ਸਿਰ ਚੁੱਕਣ ਲੱਗ ਪੈਂਦੀ ਹੈ।

'ਪਰਵਾਸੀ ਪੰਜਾਬੀ ਕਵਿਤਾ' ਕਾਵਿ ਸੰਗ੍ਰਹਿ ਵਿੱਚ ਰੋਜ਼ੀ-ਰੋਟੀ ਦੀ ਤਲਾਸ਼ ਅਤੇ ਪੱਛਮੀ ਜੀਵਨ ਦੀ ਖੁੱਲ੍ਹ-ਡੁੱਲ ਨੂੰ ਰੱਜ ਕੇ ਮਾਨਣ ਦੀ ਪ੍ਰਵਿਰਤੀ ਨੂੰ ਵੀ ਸ਼ਬਦ ਪ੍ਰਦਾਨ ਕੀਤੇ ਗਏ ਹਨ। ਪੰਜਾਬੀ ਲੋਕ ਇਨ੍ਹਾਂ ਦੋ ਸਰੋਕਾਰਾਂ ਨੂੰ ਮੁੱਖ ਰੱਖ ਕੇ ਹੀ ਪਰਵਾਸ ਧਾਰਨ ਕਰਦੇ ਹਨ। ਪਰਵਾਸੀ ਪੰਜਾਬੀ ਸਾਹਿਤ ਦੇ ਪ੍ਰਸਿੱਧ ਵਿਆਖਿਆਕਾਰ ਤੇ ਆਲੋਚਕ ਡਾ. ਸਾਧੂ ਸਿੰਘ ਦਾ ਕਥਨ ਹੈ ਕਿ, "ਪਰਵਾਸੀ ਪੰਜਾਬੀ ਸਾਹਿਤ ਦਾ ਦੂਜਾ ਦੌਰ ਸੁਤੰਤਰਤਾ ਪ੍ਰਾਪਤੀ ਤੋਂ ਮਗਰਲੇ ਦਹਾਕੇ ਤੋਂ ਸ਼ੁਰੂ ਹੁੰਦਾ ਹੈ। ਇਸ ਸਮੇਂ ਵਿਸ਼ੇਸ਼ ਕਰਕੇ ਸੰਵਿਆਂ ਦੇ ਦੌਰਾਨ ਰੋਟੀ-ਰੋਜ਼ੀ ਦੀ ਤਲਾਬ ਤੋਂ ਕੁਝ ਹੱਦ ਤਕ ਪੱਛਮੀ ਜੀਵਨ ਦੀ ਖੁੱਲ੍ਹ ਮਾਨਣ ਦੀ ਮਨਸ਼ਾ ਨਾਲ ਪੰਜਾਬ ਵਿੱਚੋਂ ਬਹੁਤ ਸਾਰੇ ਦਰਮਿਆਨੇ-ਕਿਰਸਾਨੀ ਪਿਛੋਕੜ ਵਾਲੇ ਪੜੇ ਲਿਖੇ ਯੁਵਕ ਇੰਗਲੈਂਡ, ਕੈਨੇਡਾ ਆਦਿ ਦੇਸ਼ਾਂ ਵਿੱਚ ਗਏ। ਇਨ੍ਹਾਂ ਵਿੱਚੋਂ ਕੁਝ ਲੋਕ ਅਜਿਹੇ ਸਨ ਜੋ ਏਧਰ ਹੀ ਲੇਖਕ ਕਿਰਿਆ ਵਿੱਚ ਆਪਣੀ ਗੰਭੀਰ ਦਿਲਚਸਪੀ ਦਾ ਪ੍ਰਮਾਣ ਦੇ ਚੁੱਕ ਸਨ ਤੇ ਕੁਝ ਇੱਕ ਨੇ ਆਪਣੇ ਸਾਹਿਤਕ ਜੀਵਨ ਦਾ ਆਰੰਭ ਵਿਦੇਸ਼ਾਂ ਵਿੱਚ ਆਪਣੇ ਵਾਸ ਦੌਰਾਨ ਕੀਤਾ।ਕੁਝ ਵਿਸ਼ੇਸ਼ ਮਜਬੂਰੀਆਂ ਕਾਰਨ ਆਪੂ ਚੁਣੀ ਜਲਵਤਨੀ ਬੇਵਤਨੀ ਦਾ ਅਹਿਸਾਸ ਇਨ੍ਹਾਂ ਦੀਆਂ ਬਹੁਤ ਸਾਰੀਆਂ ਰਚਨਾਵਾਂ ਦਾ ਮੂਲ ਮੁੱਦਾ ਬਣਿਆ। ਇਸ ਅਹਿਸਾਸ ਨੂੰ ਸੰਖੇਪਤਾ ਤੇ ਸੌਖ ਵਸ 'ਗੁਆਚੇ ਘਰ ਦੀ ਤਲਾਸ਼' ਦਾ ਨਾਂ ਦਿੱਤਾ ਜਾ ਸਕਦਾ ਹੈ। ਇੱਥੇ ਇਸ ਤੱਥ ਵਲ ਸੰਕੇਤ ਕਰਨਾ ਵੀ ਜ਼ਰੂਰੀ ਹੈ ਕਿ ਘਰ ਦੇ ਵਿਰੀਚੇ ਦੇ ਵਿਦੇਸ਼ਾਂ ਵਿੱਚ ਵਸਦੇ ਇਨ੍ਹਾਂ ਪੰਜਾਬੀ ਲੇਖਕਾਂ ਦੀ ਹੀ ਮਾਨਸਿਕਤਾ ਦਾ ਕਲਸ਼ ਨਹੀਂ ਬਣਿਆ, ਸਗੋਂ ਏਧਰ ਵੱਸਦੇ ਸਾਹਿਤਕਾਰਾਂ ਦੀਆਂ ਲਿਖਤਾਂ ਵਿੱਚੋਂ ਵੀ ਇਸ ਤਰ੍ਹਾਂ ਦੀਆਂ ਪਤਿਧੁਨੀਆਂ ਸੁਣਨੀਆਂ ਸ਼ੁਰੂ ਹੋ ਗਈਆ ਸਨ ਕਿ, "ਮੇਰਾ ਕੋਈ ਘਰ ਨਹੀਂ ਬਸ ਇਕ ਰੂਮ ਨੰਬਰ ਹੈ, ਮੇਰਾ ਕੋਈ ਨਾਂ ਨਹੀਂ ਬਸ ਇਸ ਰੋਲ ਨੰਬਰ ਹੈ ਅਤੇ ਹੁਣ ਕੈਦਖਾਨਿਆਂ ਦੀ ਕੋਈ ਜ਼ਰੂਰਤ ਨਹੀਂ ਘਰ ਹੀ ਕਾਫੀ ਹਨ ਬੰਦਿਆਂ ਨੂੰ ਸਜ਼ਾ ਦੇਣ ਲਈ। ਅਜਮੇਰ ਰੋਡੇ ਦੀ ਕਵਿਤਾ 'ਦੁਚਿੱਤੀਆਂ ਵਿੱਚ ਇਸ ਭਾਵਨਾ ਦਾ ਪ੍ਰਕਾਸ਼ ਹੋਇਆ ਮਿਲਦਾ ਹੈ। ਜਿਵੇਂ-

ਚਿੱਠੀ ਆਈ

ਪਲ ਵਿੱਚ ਸੁਪਨ ਜਾਣ ਵਿਦੇਸ਼ੀ

ਪਲ ਵਿਚ ਘਰ ਮੁੜ ਆਣ

ਮਨ ਉਲਝ ਉਜਲਾਏ ਮੈਂ ਅਣਜਾਣ

ਇਹ ਕੰਧਾਂ ਕੱਲਿਆਂ, ਧੁੱਪਾਂ ਛਾਵਾਂ ਦਾ ਮੋਹ

ਕਿੰਨਾ ਪਰਬਲ

ਇਕ ਉਲਾਘ ਨਾ ਪੁੱਟਣ ਦੇਵੇ।

ਇਸੇ ਤਰ੍ਹਾਂ ਪਰਵਾਸੀ ਕਵੀ ਸਤੀ ਕੁਮਾਰ ਦੀ ਕਵਿਤਾ 'ਘੋੜ ਤੋਂ ਨਿਰਾਸ਼' ਵਿੱਚ ਵੀ ਇਸੇ ਤਰ੍ਹਾਂ ਦਾ ਅਹਿਸਾਸ ਮਿਲਦਾ ਹੈ:

ਮੈਥੋਂ ਘੋੜਾ ਨਿਰਾਸ਼ ਹੈ

ਮੈਂ ਬੈਠਣਾ ਸੀ ਉਸ 'ਤੇ

ਚੱਖਣੇ ਸੀ ਪਾਣੀ

ਦਿਸ-ਹੱਦਿਆਂ ਦੇ ਪੱਤਨੋਂ

ਬਰਫ਼ਾਨੀ ਨਦੀਆਂ ਚ

ਡੁੱਬਕੀਆਂ ਖਾਣੀਆ ਸੀ

ਟਿੱਪਣੀਆਂ ਸੀ ਨ੍ਹੇਰੀਆਂ ਖਾਈਆਂ

ਟੀਸੀਆਂ ਤੇ ਸੌਣਾ ਸੀ

ਤਾਰਿਆਂ ਦੀ ਲੋਅ ‘ਚ ਲੰਘਦੇ

ਸੁੱਤੀ ਖਲਕਤ ਉੱਤੇ

**5.2.4 ਭੂ-ਹੇਰਵਾ**- ਆਪਣਾ ਘਰ ਬਾਰ, ਆਪਣੀਆਂ ਗਲੀਆਂ, ਆਪਣਾ ਸ਼ਹਿਰ, ਆਪਣੇ ਹਮਜੋਲੀ, ਆਪਣਾ ਵਤਨ, ਸਭ ਕੁਝ ਛੱਜ ਕੇ ਸੱਤ ਸਮੁੰਦਰ ਪਾਰ ਕਿਸੇ ਅਣਜਾਣੇ ਮੁਲਕ ਵਿੱਚ ਜਾਂ ਵੱਸਣਾ ਆਰੰਭ ਵਿੱਚ ਮਨੁੱਖ ਨੂੰ ਰੁਮਾਂਚਿਤ ਕਰ ਸਕਦਾ ਹੈ ਪਰ ਪਿੱਛੋਂ ਰਹਿ ਗਈਆਂ ਯਾਦਾ ਤ ਖਹਿੜਾ ਛੁਡਾਉਣਾ ਕਿਸੇ ਵੀ ਸੰਭਵ ਨਹੀਂ ਹੁੰਦਾ। ਇਨ੍ਹਾਂ ਯਾਦਾਂ ਨਾਲ ਜੋ ਮਾਨਸਿਕ ਸਥਿਤੀ ਉਤਪੰਨ ਹੁੰਦੀ ਹੈ ਉਸ ਦਾ ਨਾ ਭੂ-ਹੇਰਵਾ ਜਾਂ ਉਦਰੇਵਾ ਹੈ। ਪਰਵਾਸੀ ਪੰਜਾਬੀ ਕਵੀਆਂ ਦੀ ਸਥਿਤੀ ਉਨ੍ਹਾਂ ਦੇ ਇਧਰਲੇ ਸਹਿਕਰਮੀਆਂ ਨਾਲ ਮੂਲ ਰੂਪ ਵਿੱਚ ਇਸ ਗੱਲੋਂ ਭਿੰਨ ਹੈ ਕਿ ਉਨ੍ਹਾਂ ਦੀਆਂ ਲਿਖਤਾਂ ਵਿੱਚ ਸਹਿਜ ਭੂ-ਹੇਰਵੇ ਦੀ ਸੁਰ ਉਘੜਵੇਂ ਤੌਰ 'ਤੇ ਹਾਵੀ ਹੈ। ਜੱਦੀ-ਪੁਸ਼ਤੀ ਘਰਾਂ ਨਾਲੋਂ ਟੁੱਟ ਕੇ ਕਿਰਾਏ ਦੇ ਮਕਾਨਾਂ ਵਿੱਚ ਚੱਕਵੇਂ ਚੁੱਲਿਆਂ ਦੁਆਲੇ ਬੇਗਾਨਗੀ ਦੀ ਮਜਬੂਰੀ ਭਾਵੇਂ ਉਨ੍ਹਾਂ ਨੂੰ ਏਧਰ ਵੀ ਕਿਸੇ ਨਾ ਕਿਸੇ ਰੂਪ ਵਿੱਚ ਭੰਗਣੀ ਹੀ ਪੈਣੀ ਸੀ, ਪਰ 'ਦੇਸੀ ਚੰਬਿਆਂ ਦੇ ਧਰਤੀ' ਵਿੱਚ ਰੋਪਣ ਦੇ ਫਲਸਰੂਪ ਉਨ੍ਹਾਂ ਦੀ

ਮਾਨਸਿਕਤਾ ਦੇ ਸਹਿਜ ਭਾਅ ਨਾ ਖਿੜ ਸਕਣ ਦੀ ਮਜਬੂਰੀ ਨੇ ਉਨ੍ਹਾਂ ਦੇ ਦੁੱਖ ਨੂੰ ਕੁਦਰਤੀ ਹੀ ਕੁਝ ਨਵੇਂ ਦਸ਼ਾ-ਪਾਸਾਰ ਵੀ ਪ੍ਰਦਾਨ ਕਰ ਦਿੱਤੇ ਹਨ। ਸੱਠਵਿਆਂ ਵਿੱਚ ਇੰਗਲੈਂਡ ਵਰਗੇ ਦੇਸ਼ ਵਿੱਚ

ਇੱਕੋ ਘਰ ਦੇ ਕਮਿਆਂ ਵਿੱਚ ਕਈ-ਕਈ ਭਾਈਵੰਦਾਂ ਦੇ ਰੂਸ ਜਾਣ ਦੀ ਮਜਬੂਰੀ ਵਿਸ਼ੇਸ਼ ਤੌਰ 'ਤੇ ਉੱਥੋਂ ਦੇ ਪਰਵਾਸੀਆਂ ਨੂੰ ਭਗਣੀ ਪੈਂਦੀ ਰਹੀ ਹੈ ਤੇ ਸਾਂਝੀ ਤੋਣ ਵਿੱਚ ਮਹਿੰਦਰ ਕੌਰ ਤੇ ਨੱਥਾ ਸਿੰਘ ਦੇ ਇਕ ਓਵਨ ਉੱਤੇ ਆਪੋ-ਆਪਣੀਆਂ ਗੁੱਲੀਆਂ ਸਕਣ ਦੀ ਬੇਵਸੀ ਕਾਰਨ ਉੱਥੋਂ ਦੇ ਰਿਸ਼ਤਿਆਂ ਵਿੱਚ ਅਜੀਬ ਕਿਸਮ ਦੀ ਗੰਧਲਚੱਧ ਪਾਵਰਦੀ ਰਹੀ ਹੈ ਤੇ ਜਦ ਕਦੇ ਇਸ ਗੰਧਲਚੱਧ ਵਿੱਚ ਅਸਲੋਂ ਹੀ ਪ੍ਰਦੇਸੀ ਰੰਗ ਦੇ ਨੈਣ-ਨਕਸ ਵਾਲੇ ਬੰਦਿਆਂ ਦੀ ਸਮੂਲੀਅਤ ਹੋ ਜਾਂਦੀ ਸੀ ਤਾਂ ਇਸ ਸਥਿਤੀ ਦਾ ਸੰਕਟ ਕੇਵਲ ਗਹਿਰਾ ਹੀ ਨਹੀਂ, ਸਗੋਂ ਭਿਆਨਕ ਹੱਦ ਤਕ ਜ਼ਾਹਿਰਾ ਵੀ ਹੋ ਜਾਂਦਾ ਸੀ। ਭਾਵੇਂ ਅਜੋਕੇ ਦੌਰ ਵਿੱਚ ਪਰਵਾਸੀਆਂ ਦੀ ਭਾਰੀ ਬਹੁ-ਸੰਮਤੀ ਆਪੋ ਆਪਣੇ ਘਰਾਂ ਵਿੱਚ ਵਸਦੀ ਹੈ, ਪਰੰਤੂ ਹਿ ਝੋਰਾ ਹਾਲੇ ਵੀ ਉੱਥੋਂ ਦੇ ਲੋਕਾਂ ਵਿਚਕਾਰ ਕਿਸੇ ਨਾ ਕਿਸੇ ਰੂਪ ਵਿੱਚ ਮੌਜੂਦ ਹੈ ਕਿ ਉਨ੍ਹਾਂ ਦੇ ਜ਼ਰ-ਖਰੀਦ ਘਰ ਉਨ੍ਹਾਂ ਦੇ ਆਪਣੇ ਦੇਸ਼ ਨਹੀਂ, ਸਗੋਂ ਓਹੜੇ ਦੇਸ਼ਾਂ ਦੀ ਜ਼ਮੀਨ ਵਿੱਚ ਉਸਰੇ ਹੋਏ ਹੋਣ ਕਾਰਨ ਉਨ੍ਹਾਂ ਦੇ ਧੁਰ ਅੰਦਰ ਅਪਣੱਤ ਦਾ ਸਹਿਜ ਸੁਭਾਵਿਕ ਅਹਿਸਾਸ ਨਹੀਂ ਪੈਦਾ ਕਰ ਸਕਦੇ। ਮੂਲ ਰੂਪ ਵਿੱਚ ਪਰਵਾਸੀ ਜੀਵਨ ਤੇ ਸਾਹਿਤ ਦੇ ਸੰਕਟ ਜ਼ੋਰ ਤੇ ਜ਼ਮੀਨ ਦੀਆਂ ਦਵੰਦ ਮੁਲਕ ਕਦਰਾਂ-ਕੀਮਤਾਂ ਦੇ ਬਹੁ-ਪਰਤੀ ਪਾਸਾਰਾਂ ਨਾਲ ਜੁੜੇ ਹੋਏ ਹਨ।

'ਪਰਵਾਸੀ ਪੰਜਾਬੀ ਕਵਿਤਾ' ਵਿੱਚ ਭੂ-ਹੇਰਵਾ ਤੇ ਉਦਰੇਵਾਂ ਇਕ ਉਘੜਵੀਂ ਅਤੇ ਪ੍ਰਮੁੱਖ ਵਿਚਾਰਧਾਰਾ ਵਜੋਂ ਪੇਸ਼ ਹੋਇਆ ਹੈ। ਰੁਪਿੰਦਰ ਪੁਰਵਾਲ ਦੀ ਕਵਿਤਾ ਜਦੋਂ ਦੇਸ਼ ਪ੍ਰਤਾਰ'' ਵਿੱਚ ਇਕ ਉਦਾਹਰਨ ਵੱਖੋ-

ਮੈਂ ਆਖੇਂਗੀ ਜਦ ਵੀ ਕੰਧ 'ਤੇ ਕਾਂ ਬਲਦਾ ਸੀ

ਤਾਂ ਸਾਨੂੰ ਕੇਵਲ ਤੇਰੀ ਉਡੀਕ ਹੁੰਦੀ ਸੀ

ਤੇ ਅਸੀਂ ਰਾਹਾਂ 'ਤੇ ਨਜ਼ਰਾਂ ਵਿਛਾ ਦਿੰਦੇ ਸੀ

ਇੰਝ ਭਾਵੁਕ ਸ਼ਬਦਾ ਦੀ ਪੰਡ ਖਿਲਰ ਜਾਵੇਗੀ

ਹੁਣ ਜਦੋਂ ਪ੍ਰਦੇਸ ਤੋਂ

ਆਪਣੇ ਘਰ ਪਰਤਾਂਗਾ ਤਾਂ ਘਰ ਦੇ ਦਰ ਅਜਨਬੀ ਵਾਂਗ ਖੁਲ੍ਹਣਗੇ

ਘਰ ਦੀ ਹਰ ਇੱਟ ਪਰਾਇਆਂ ਵਾਂਗ ਵੇਖੇਗੀ।

ਇਸੇ ਤਰ੍ਹਾਂ ਅਜੀਤ ਰਾਹੀ ਦੀ ਕਵਿਤਾ ''ਮਾਂ ਜੇ ਤੂੰ ਜੀਉਂਦੀ ਹੁੰਦੀ ਵਿੱਚ ਵੀ ਕਵੀ ਨੇ ਆਪਣੇ ਉਦਰੇਵੇਂ ਦਾ ਪ੍ਰਗਟਾਵਾ ਬੜੇ ਮਾਰਮਿਕ ਸ਼ਬਦਾਂ ਵਿੱਚ ਕੀਤਾ ਹੈ:

ਮਾਂ ਤੇਰਾ ਇਹ ਪ੍ਰਵਾਸੀ ਪੁੱਤਰ

ਪ੍ਰਵਾਸੀ ਪੁੱਤਰ ਵਾਂਗ

ਆਪਣੇ ਪਿੰਡਾਂ ਦਾ ਪਤਾ ਪੁੱਛਦਾ

ਅੱਜ ਜਦ ਮੈਂ ਆਪਣੇ ਪਿੰਡ ਵੱਲ ਤੁਰਿਆ ਹਾਂ

ਤਾਂ ਮੈਨੂੰ ਆਪਣਾ ਪਿੰਡ ਨਹੀਂ ਲੱਭਾ

ਮਾਂ ਜੇ ਤੂੰ ਜੀਉਂਦੀ ਹੁੰਦੀ,

ਤਾਂ ਮੈਂ ਤੈਨੁ ਪੁੱਛਣਾ ਸੀ–

ਆਪਣੇ ਪਿੰਡ ਨੂੰ ਆਉਂਦਾ ਹਰ ਰਾਹ

ਹੁਣ ਸਿਵਿਆਂ ਵਿੱਚ ਜਾ ਕੇ

ਕਿਉਂ ਖਤਮ ਹੋ ਜਾਂਦੈ।

ਇਕ ਹੋਰ ਉਦਾਹਰਨ ਅਜਮੇਰ ਰੋਡੇ ਦੀ ਕਵਿਤਾ ਦੁਚਿਤੀਆਂ ਵਿੱਚ ਵੀ ਮਿਲਦੀ ਹੈ। ਕਵੀ ਨੂੰ ਆਪਣੇ ਵਤਨ ਅਤੇ ਪਰਦੇਸ ਵਿੱਚ ਤੁਲਨਾ ਕਰਨ ਤੇ ਜਿਹੜੀ ਦੁਚਿੱਤੀ ਘਰ ਲੈਂਦੀ ਹੈ ਉਸ ਤੋਂ ਕਵੀ ਅੰਦਰ ਘਰ ਚੁੱਕੇ ਭੂ–ਹੇਰਵੇ ਦਾ ਪ੍ਰਗਟਾਵਾ ਹੁੰਦਾ ਹੈ –

ਇਕ ਪਾਸੇ ਤਾਂ ਜੀਅ ਕਰਦੇ ਮੁੜ ਜਾਵਾਂ

ਬਣਨੀ ਕਿ ਨਾ ਬਣਨੀ

ਅੰਦੋਂ ਮੇਰਾ ਕੁਝ ਨਾ ਨਿਸ਼ਚਿਤ, ਨਾ ਪੱਕਾ ਸਿਰਨਾਵਾਂ

ਇਹ ਧਰਤੀ ਖ਼ਬਰੇ ਕਦੇ ਮੇਰੀ ਬਣਨੀ

ਇਥੋਂ ਦਾ ਦਰਿਆ ਫਰੇਜ਼ਰ

ਆਪਣੀ ਚਾਲੇ ਪਰਮ ਅਨੰਦ 'ਚ ਵਹਿੰਦਾ

ਇਸ ਨਦੀ ਦੀਆਂ ਮਿਹਰਾਂ ਸਦਕਾ

ਮਹਾਂਨਗਰ ਅਭਿਮਾਨ 'ਚ ਰਹਿੰਦਾ

ਜਿਸ ਟਾਪੂ 'ਤੇ ਮੈਂ ਆ ਵੜਿਆ

ਏਸ ਨਦੀ ਦੀ ਰਚਨਾ।

ਮੈਂ ਇਕ ਕੰਡੇ ਜਾਵਾਂ

ਮਿੱਤਰਾਂ ਵਾਂਗਰ ਹੱਥ ਵਧਾਵਾ ਜਲ ਨੂੰ ਛੂਹਾਂ

ਚੁੱਪ ਚਾਪ ਇਕ ਦੂਜੇ ਨੂੰ ਤੱਕੀਏ

ਨਾ ਕੋਈ ਮੈਨੂੰ ਗੀਤ ਅਹੁੜਦਾ

ਨਾ ਉਹ ਕਈ ਕਥਾ ਸੁਣਾਵੇ ਸੋਹਣੀ ਅਤੇ ਘੜੇ ਦੀ

ਕੀ ਮੈਂ ਭਰਾਂ ਹੁੰਗਾਰਾ

ਜੀਅ ਕਰਦੇ ਮੁੜ ਜਾਵਾਂ

**5.2.5 ਵਤਨੀਅਤ–**ਵਤਨੋਂ ਦੂਰ ਵਸਦੇ ਹਰ ਵਿਅਕਤੀ ਨੂੰ ਆਪਣੇ ਘਰ ਅਤੇ ਆਪਣੇ ਵਤਨ ਦੀ ਯਾਦ ਆਉਣਾ ਸੁਭਾਵਕ ਹੈ। ਇਸ ਲਈ ਪਰਵਾਸੀ ਪੰਜਾਬੀ ਸਾਹਿਤ ਵਿੱਚ ਵਰਤਨੀਅਤ ਦਾ ਜਜ਼ਬਾ ਵੀ ਦਿਖਾਈ ਦਿੰਦਾ ਹੈ। ਪੰਜਾਬੀ ਪ੍ਰਵਾਸੀ ਵਿਦੇਸ਼ਾਂ ਵਿੱਚ ਬੈਠੇ ਵਰਨੋਂ ਦੂਰ ਆਪਣੇ ਵਤਨ ਦਾ ਪਿਆਰ ਲਈ ਤਾਂਘਾਂ ਤਾਂਘਦੇ, ਸਿੱਕਾਂ ਸਿੱਕਦੇ ਤੇ ਕਨਸੋਆਂ ਲੈਂਦੇ ਹਨ। ਉਹ ਹਰ ਵੇਲੇ ਆਪਣੇ ਵਤਨ ਵਿੱਚ ਗੁਜ਼ਾਰੇ ਪਲਾਂ ਜਾਂ ਬਚਪਨ ਅਤੇ ਜਵਾਨੀ ਦੀਆਂ ਕੌੜੀਆਂ ਮਿੱਠੀਆਂ ਯਾਦਾਂ ਨਾਲ ਖੇਡਦੇ ਪਰਵਾਸੀ ਪੰਜਾਬੀ ਕਵੀ ‘ਸਾਧੂ' ਨੂੰ ਬਦੇਸ਼ ਦਾ ਸਵਰਗ ਵੀ ਨਰਕ ਦਿਖਾਈ ਦੇਣ ਲੱਗ ਪੈਂਦਾ ਹੈ ਅਤੇ ਇਸ ਨਰਕ ਵਿੱਚ ਰਹਿੰਦਿਆ ਉਸ ਨੇ ਆਪਣਾ ਵਤਨ ਸਵਰਗ ਵਰਗਾ ਦਿਖਾਈ ਦਿੰਦਾ ਹੈ। ਉਸ ਦੀ ਕਵਿਤਾ ਆਪ ਆਪਣਾ ਇਤਿਹਾਸ ਵਿੱਚੋਂ ਕੁਝ ਸਤਰਾਂ ਪ੍ਰਸਤੁਤ ਹਨ—

ਇਸ 'ਸਵਰਗ' ਵਿੱਚ

ਹਰ ਕੋਈ ਆਪਣਾ ਨਰਕ ਹੰਢਾਉਂਦਾ ਹੈ

ਉਸ ਨਰਕ ਵਿੱਚੋਂ

ਹਰ ਕਿਸੇ ਨੂੰ ਆਪਣਾ ਸਵਰਗ ਯਾਦ ਆਉਂਦਾ ਹੈ

ਏਅਰਪੋਰਟ 'ਤੇ ਉਡੀਕਦਾ

ਹਰ ਕਿਸੇ ਨੂੰ ਧੁੰਦਲੀ ਯਾਦ ਹੈ

ਇਮੀਗਰੇਸ਼ਨ ਅਫ਼ਸਰ ਦਾ ਚਿਹਰਾ

ਡਰਾਉਣੇ ਭੂਤ ਵਾਂਗ ਸੁਪਨੇ 'ਚ ਆਉਂਦਾ ਹੈ।

ਇਸੇ ਤਰ੍ਹਾਂ ਦਰਸ਼ਨ ਗਿੱਲ ਦੀ ਕਵਿਤਾ 'ਅਜੀਤ' ਵੀ ਪਰਦੇਸ ਵਿੱਚ ਬੈਠੇ ਵਿਅਕਤੀ ਅੰਦਰ ਆਪਣੇ ਵਤਨ ਲਈ ਪਿਆਰ ਨੂੰ ਹੈ। ਚੰਗੇ ਭਵਿੱਖ ਦੇ ਸੁਪਨੇ ਸਿਰਜਦਿਆਂ ਬੰਦਾ ਆਪਣਾ ਵਤਨ ਛੱਡ ਕੇ ਬੇਵਤਨ ਹੋਣਾ ਕਬੂਲ ਕਰ ਲੈਂਦਾ ਹੈ ਪਰ ਆਪਣੇ ਵਤਨ ਦਾ ਮੋਹ ਕਦੇ ਉਸ ਦਾ ਪਿੱਛਾ ਨਹੀਂ ਛੱਡਦਾ ਜਿਵੇਂ-

ਲੱਖਾਂ ਸੁਪਨੇ ਸਿਰਜ ਕੇ ਯਾਰੋਂ

ਸੱਤ ਸਮੁੰਦਰ ਅੰਦਰ ਪਾ ਕੇ

ਵਿਚ ਵਿਮਾਨਾਂ

ਸਗਲਾ ਅੰਬਰ ਗਾਹ ਕੇ

ਸੁਪਨ-ਨਗਰ ਦੀ ਸਰਦਲ ਪੁੱਜੇ ਸਾਂ।

.........

ਆਪਣੇ ਯਾਰਾਂ

ਜਿਨ੍ਹਾਂ ਦੀ ਮਹਿਫ਼ਲ ਵਿਚ ਬਹਿ ਕੇ

ਦੋ ਘੁੱਟ ਦਾਰੂ ਸਾਂਝੀ ਕਰਦੇ

ਨਹਿਰ ਕਿਨਾਰੇ

ਪਾਣੀ ਵਿੱਚ ਲੱਤਾਂ ਲਮਕਾ ਕੇ

ਜਿਸਮਾਂ ਦੀ ਠੰਢ, ਬੋਲਾਂ ਦੀ ਗਰਮੀ-

ਇਕ ਦੂਜੇ ਦੀ ਹਾਮੀ ਭਰਕੇ

ਸਭ ਕੁਝ ਤਜ ਕੇ

ਸੁਪਨ ਦੇਸ਼ ਦੀਆਂ ਗਲੀਆਂ ਤੱਕ ਪੁੱਜੇ ਸਾਂ

.........

ਕਿਉਂ ਨਾ ਆਪਣਾ

ਸੁਪਨ ਮੁਲਤਵੀ ਕਰੀਏ ?

ਆਪਣੇ ਘਰ ਵਿੱਚ, ਆਪਣਾ ਸੂਰਜ

ਜਿਉਂਦਾ ਕਰੀਏ

ਆਪਣੇ ਸਨਮੁਖ ਆਪੇ ਖੜ੍ਹੀਏ।

**5.2.6 ਸਮਝੌਤਾ**-ਪਰਵਾਸ ਵਿੱਚ ਰਹਿੰਦਿਆ ਵੱਸਦਿਆਂ ਹੌਲੀ-ਹੌਲੀ ਲੋਕ ਹਾਲਾਤ ਨਾਲ ਸਮਝੌਤਾ ਕਰ ਲੈਂਦੇ ਹਨ। ਸਮਝੌਤ ਦੀ ਇਹ ਪ੍ਰਵਿਰਤੀ ਵੀ ਕਈ ਪਰਵਾਸੀ ਪੰਜਾਬੀ ਕਵੀਆਂ ਦੀਆਂ ਰਚਨਾਵਾਂ ਵਿੱਚ ਦਿਖਾਈ ਦਿੰਦੀ ਹੈ। ਸਵਿਟਜ਼ਰਲੈਂਡ ਵਿੱਚ ਵੱਸਦੇ ਪਰਵਾਸੀ ਕਵੀ ਦੇਵ ਦੀ ਕਵਿਤਾ ਪਰਵਾਸ ਇਸੇ ਤਰ੍ਹਾਂ ਦੀ ਸੋਚ ਨੂੰ ਰੂਪਮਾਨ ਕਰਦੀ ਹੈ—

ਪਰਵਾਸ ਨੇ ਮੇਰੇ ਅੱਥਰਾਂ ਨੂੰ ਖੋਰਿਆ ਨਹੀਂ

ਮੈਂ ਉਦਰੇਵਿਆਂ ਦੇ ਨ੍ਹੇਰਿਆਂ 'ਚ ਹੋਕਿਆਂ ਦੀ ਨੀਂਦ ਨਹੀਂ ਸੌਂਦਾ

ਨਹੀਂ ਮੈਂ ਤਰਸ ਭਰਿਆ ਦੀ ਜਹਿਨੀ ਕੰਗਾਲੀ ਦਾ ਝੰਡਾ ਵੀ ਨਹੀਂ

ਹਰ ਜ਼ਮੀਨਾਂ ਦੀ ਤਲਾਸ਼ 'ਚ ਪੁਲ ਉਸਾਰਦਾ ਹਾਂ

ਹੋਰ ਰਹਿਤਲਾਂ ਦੀ ਚਮਕੀਲੀ ਮਿੱਟੀ ਨਾਲ ਸਿੰਜਿਆ ਗਿਆ ਪਾਣੀ ਹਾਂ

ਜਿਨ੍ਹਾਂ ਦੇ ਬੋਲ ਆਪਣੀ ਮਾਨਸਿਕ ਭੀਖ ਤੋਂ ਉਪਰ ਨਹੀਂ ਉੱਠਦੇ

ਉਹ ਆਪਣਿਆਂ ਲਈ ਤੇ ਹੋਰਾਂ ਲਈ ਵੀ

ਸੁਪਨਾ ਨਹੀਂ ਸਰਾਪ ਬਣ ਕੇ ਰਹਿ ਜਾਂਦੇ ਨੇ

ਮੈਂ ਉਹਨਾਂ ਦੀ ਐਤਵਾਰੀ ਭੀੜ 'ਚ ਬੈਠ ਕੇ

ਉੱਜੜ ਚੁੱਕੀਆਂ ਜੜ੍ਹਾਂ ਦੀ ਯਾਦ 'ਚ ਭਾਵੁਕ ਬੱਕਰੇ ਨਹੀਂ ਬੁਲਾਉਂਦਾ।

ਇਸੇ ਤਰ੍ਹਾਂ ਸਵਰਨ ਸਿੰਘ ਪ੍ਰਵਾਨਾ ਦੀ ਕਵਿਤਾ 'ਡੈਨਮਾਰਕ ਬਾਰੇ......'। ਵਿਚ ਵੀ ਇਉਂ ਪ੍ਰਤੀਤ ਹੁੰਦਾ ਹੈ ਜਿਵੇਂ ਕਵੀ ਦੇ ਮਨ ਵਿੱਚ ਦੇਸ ਤੇ ਪ੍ਰਦੇਸ ਦਾ ਅੰਤਰ ਮੁੱਕ ਗਿਆ ਹੈ ਅਤੇ ਪਰਦੇਸ ਹੀ ਹੁਣ ਉਸ ਨੂੰ ਆਪਣਾ ਦੇਸ਼ ਲੱਗਣ ਲੱਗ ਪਿਆਰ ਹੈ-

ਕਿਸੇ ਵੇਲੇ ਜਾਪਦਾ ਸੀ, ਦੋਸਤਾ ਪ੍ਰਦੇਸ ਇਹ

ਦੋਸਤ ਤੇ ਪ੍ਰਦੇਸ ਵਾਲੀ, ਲੀਕ ਦਿੱਤੀ ਮੇਸ ਇਹ

ਲਾ ਕੇ ਜੁਆਨੀ ਆਪਣੀ, ਮੇਰਾ ਬੁਢਾਪਾ ਕਹਿ ਰਿਹਾ

ਮੈਨੂੰ ਤੇ ਹੁਣ ਤਾਂ ਜਾਪਦਾ ਏ, ਆਪਣਾ ਹੀ ਦੇਸ਼ ਇਹ।

**5.2.7 ਸਿੱਟਾ**—ਸਮੁੱਚੀ ਚਰਚਾ ਉਪਰੰਤ ਅਸੀਂ ਇਸ ਸਿੱਟੇ 'ਤੇ ਅਪੜਦੇ ਹਾਂ ਕਿ ਪਰਵਾਸੀ ਪੰਜਾਬੀ ਕਵਿਤਾ ਕਾਵਿ-ਸੰਗ੍ਰਹਿ ਵਿੱਚ ਸ਼ਾਮਲ ਕਵਿਤਾਵਾਂ ਤੋਂ ਇਉਂ ਪ੍ਰਤੀਤ ਹੁੰਦਾ ਹੈ ਕਿ ਜਿਵੇਂ ਪਰਵਾਸੀ ਪੰਜਾਬੀ ਕਵਿਤਾ ਵਿੱਚ ਕਈ ਪ੍ਰਕਾਰ ਦੀਆਂ ਪ੍ਰਵਿਰਤੀਆਂ ਰਚੀਆਂ ਹੋਈਆਂ ਹਨ। ਪਰਵਾਸ ਵਿਚ ਪੇਸ਼ ਆਉਣ ਵਾਲੀਆਂ ਭਿੰਨ-ਭਿੰਨ ਸਮੱਸਿਆਵਾਂ ਕਾਰਨ ਇਸ ਕਵਿਤਾ ਵਿੱਚ ਭਿੰਨ-ਭਿੰਨ ਪ੍ਰਵਿਰਤੀਆਂ ਪ੍ਰਵੇਸ਼ ਕਰ ਗਈਆਂ ਹਨ ਜਿਵੇਂ ਨਸਲੀ ਵਿਤਕਰੇ ਤੋਂ ਉਤਰੇ ਸੰਤਾਪ ਨੂੰ ਦਰਸਾਉਣ ਦੀ ਪ੍ਰਵਿਰਤੀ, ਪੱਛਮੀ ਜੀਵਨ ਜੀਣ ਦੀ ਲਾਲਸਾ, ਭੂ-ਹੇਰਵਾ ਤੇ ਉਦਰੇਵਾਂ, ਆਦਿ। ਇਸ ਦੇ ਨਾਲ ਇਹ ਵੀ ਵੇਖਿਆ ਹੈ ਕਿ ਹੌਲੀ-ਹੌਲੀ ਮਨੁੱਖ ਹਰ ਹਾਲਾਤ ਨਾਲ ਸਮਝੌਤਾ ਕਰਨਾ ਜਾਣਦਾ ਹੈ ਜਿਸ ਕਾਰਨ ਪਰਵਾਸ ਵਿਚ ਵਸਦੇ ਕਵੀ ਪਰਦੇਸ ਨੂੰ ਹੀ ਆਪਣਾ ਦੇਸ਼ ਮੰਨਣ ਲੱਗ ਜਾਂਦੇ ਹਨ।

# ਐੱਮ.ਏ. ਪੰਜਾਬੀ

## ਸਮੈਸਟਰ- ਤੀਸਰਾ

## ਪਰਵਾਸੀ ਪੰਜਾਬੀ ਸਾਹਿਤ

ਯੂਨਿਟ-6

ਪਰਵਾਸੀ ਪੰਜਾਬੀ ਕਵਿਤਾ: ਅਧਿਐਨ ਦ੍ਰਿਸ਼ਟੀ (ਡਾ. ਐੱਸ. ਪੀ. ਸਿੰਘ)

6. ਪਰਵਾਸੀ ਪੰਜਾਬੀ ਕਵਿਤਾ: ਅਧਿਐਨ ਦ੍ਰਿਸ਼ਟੀ (ਡਾ. ਐੱਸ. ਪੀ. ਸਿੰਘ)

6.1 ਬਿੰਬ-ਵਿਧਾਨ

6.2 ਪ੍ਰਤੀਕ ਵਿਧਾਨ

6.3 ਅਲੰਕਾਰ ਵਿਧਾਨ

6.4 ਛੰਦ ਯੋਜਨਾ

6.5 ਸੰਗੀਤ ਤੇ ਲੈਅ

6.6 ਭਾਸ਼ਾ ਅਤੇ ਸ਼ੈਲੀ

6.7 ਸਿੱਟਾ—

## 6. ਪਰਵਾਸੀ ਪੰਜਾਬੀ ਕਵਿਤਾ: ਅਧਿਐਨ ਦ੍ਰਿਸ਼ਟੀ (ਡਾ. ਐੱਸ. ਪੀ. ਸਿੰਘ)

ਪਿਆਰੇ ਵਿਦਿਆਰਥੀਓ ! ਪਰਵਾਸੀ ਪੰਜਾਬੀ ਕਵਿਤਾ ਦਾ ਅਧਿਐਨ-ਵਿਸ਼ਲੇਸ਼ਣ ਇਕ ਪਾਸੇ ਇਕ ਕਵਿਤਾ ਦੇ ਰਚਨਾਤਮਕ ਸਰੋਤਾਂ ਨੂੰ ਸਮਝਣ ਨਾਲ ਜੁੜਿਆ ਹੋਇਆ ਹੈ ਤਾਂ ਦੂਸਰੇ ਪਾਸੇ ਇਸਦੇ ਸਾਹਿਤਿਕ ਮਿਆਰੀਕਰਨ ਨਾਲ ਭਾਵੇਂ ਕਿ ਇਸ ਕਵਿਤਾ ਨੂੰ ਸਮੁੱਚੀ ਪਰੰਪਰਾ ਤੋਂ ਵਿਛੁੰਨ ਕੇ ਨਹੀਂ ਵੇਖਿਆ ਜਾ ਸਕਦਾ ਫਿਰ ਵੀ ਕਿਉਂਕਿ ਇਹ ਕਵਿਤਾ ਇਕ ਵਿਲੱਖਣ ਕਾਵਿ- ਪ੍ਰਵਿਰਤੀ ਵਾਂਗ ਸਥਾਪਤ ਹੋ ਰਹੀ ਹੈ ਇਸ ਲਈ ਇਸਦੇ ਕਲਾਪੱਖ ਅਤੇ ਰੂਪਾਤਮਕ ਨੇਮਾਂ ਨੂੰ ਸਮਝਣ ਲਈ ਵਿਦੇਸ਼ੀ ਧਰਤੀਆਂ ਉੱਪਰ ਵਿਚਰਦ ਪ੍ਰਵਾਸੀਆਂ ਦੁਆਰਾ ਰਚੀ ਕਵਿਤਾ ਦਾ ਵਿਸ਼ਲੇਸ਼ਣ ਕਰਨਾ ਜ਼ਰੂਰੀ ਹੋ ਜਾਂਦਾ ਹੈ।

'ਪਰਵਾਸੀ ਪੰਜਾਬੀ ਕਵਿਤਾ' ਕਾਵਿ-ਸੰਗ੍ਰਹਿ ਨੂੰ ਸੰਪਾਦਿਤ ਕਰਦਿਆਂ ਡਾ. ਸੁਰਿੰਦਰਪਾਲ ਸਿੰਘ ਨੇ 24 ਕਵੀਆਂ ਦੀਆਂ ਕਵਿਤਾਵਾਂ ਦੇ ਨਾਲ-ਨਾਲ ਕੁਝ ਗਦਰੀ ਕਵਿਤਾਵਾਂ ਇਸ ਸੰਗ੍ਰਹਿ ਵਿਚ ਪੇਸ਼ ਕਰਕੇ ਬਦੇਸ਼ਾਂ ਵਿੱਚ ਰਚੀ ਜਾ ਰਹੀ ਪੰਜਾਬੀ ਕਵਿਤਾ ਦਾ ਇਕ ਮੁਕੰਮਲ ਪ੍ਰਤਿਨਿਧ ਸੰਗ੍ਰਹਿ ਪੇਸ਼ ਕਰਨ ਦਾ ਸਫਲ ਯਤਨ ਕੀਤਾ ਹੈ। ਪ੍ਰਸ਼ਨ ਇਹ ਹੈ ਕਿ ਬਦੇਸ਼ਾਂ ਵਿੱਚ ਰਚੀ ਜਾ ਰਹੀ ਕਵਿਤਾ ਵਿੱਚ ਕਿਹੜੀਆਂ ਕਲਾਤਮਕ ਜੁਗਤਾਂ ਵਰਤੀਆਂ ਗਈਆਂ ਹਨ । ਇਸ ਪ੍ਰਸ਼ਨ ਉੱਪਰ ਵਿਚਾਰ ਕਰਨ ਲਈ ਜ਼ਰੂਰੀ ਹੈ ਕਿ ਕਵਿਤਾ ਦੇ ਕਲਾ ਪੱਖ ਨਾਲ ਸੰਬੰਧਤ ਲਾਜ਼ਮੀ ਤੱਤਾ ਉੱਪਰ ਵਿਚਾਰ ਕਰ ਲਿਆ ਜਾਵੇ। ਕਾਵਿ ਦੇ ਲਾਜ਼ਮੀ ਪੱਖ-ਪ੍ਰਾਚੀਨ ਭਾਰਤੀ ਸਾਹਿਤ ਪਰੰਪਰਾ ਵਿੱਚ ਪੁਰਾਤਨ ਸਾਹਿਤ ਆਚਾਰੀਆਂ ਨੇ ਕਵਿਤਾ ਦੀ ਪੜਚੋਲ ਲਈ ਦੋ ਮੁੱਖ ਢੰਗ ਤਜਵੀਜ਼ ਕੀਤੇ ਹਨ-ਪਹਿਲਾ ਢੰਗ ਹੈ ਵਿਸ਼ਾ ਪੱਖ ਦੀ ਪਚਲ ਅਤੇ ਦੂਜਾ ਢੰਗ ਹੈ ਕਲਾ ਪੱਖ ਦੀ ਪੜਚੋਲ) ਵਿਸ਼ਾ ਪੱਖ ਅਧੀਨ ਕਵਿਤਾ ਦੇ ਕੇਂਦਰੀ ਵਿਸ਼ਿਆਂ ਅਤੇ ਥੀਮ ਆਦਿ ਬਾਰੇ ਵਿਚਾਰ ਕੀਤੀ ਜਾਂਦੀ ਹੈ, ਜਦਕਿ ਕਲਾ ਪੱਖ ਅਧੀਨ ਉਹ ਸਾਰ ਮਾਧਿਅਮ ਆ ਜਾਂਦੇ ਹਨ ਜਿਨ੍ਹਾਂ ਦੀ ਵਰਤੋਂ ਕਰਕੇ ਕਵੀ ਆਪਣੀਆਂ ਭਾਵਨਾਵਾਂ ਤੇ ਵਿਚਾਰਾ ਨੂੰ ਰੂਪਮਾਨ ਕਰਦਾ ਹੈ। ਕਿਸੇ ਕਵਿਤਾ ਵਿਚਲੇ ਕਲਾਪੇਖ ਦੀ ਪੜਚੋਲ ਕਰਨ ਲਈ ਜਿਹੜੇ ਤੱਤਾਂ ਦੀ ਪਰਖ ਕੀਤੀ ਜਾਂਦੀ ਹੈ ਉਹ ਇਸ ਪ੍ਰਕਾਰ ਹਨ-

1. ਬਿੰਬ ਵਿਧਾਨ
2. ਪ੍ਰਤੀਕ ਵਿਧਾਨ
3. ਅਲੰਕਾਰ ਯੋਜਨਾ
4. ਛੰਦ ਯੋਜਨਾ
5. ਸੰਗੀਤ ਅਤੇ ਲੈਅ
6. ਭਾਸ਼ਾ ਅਤੇ ਸ਼ੈਲੀ

**6.1 ਬਿੰਬ-ਵਿਧਾਨ-** ਕਾਵਿ ਦੇ ਦੋ ਵੱਡੇ ਅੰਗ ਹਨ-ਅਨੁਭਵ ਤੇ ਇਸ ਦਾ ਪ੍ਰਗਟਾਅ। ਅਨੁਭਵ ਦਾ ਸੰਬੰਧ ਭਾਵ ਪੱਖ ਨਾਲ ਅਤੇ ਪ੍ਰਗਟਾਉ ਦਾ ਸੰਬੰਧ ਕਲਾ ਪੱਖ ਨਾਲ ਹੈ। ਡਾ. ਸਤਿੰਦਰ ਸਿੰਘ ਅਨੁਸਾਰ,

“ਅਨੁਭਵ ਕੇਵਲ ਪ੍ਰਗਟ ਹੋ ਜਾਣ ਨਾਲ ਹੀ 'ਕਾਵਿ' ਨਹੀਂ ਬਣ ਜਾਂਦਾ, ਉਸ ਦੇ ਕਾਵਿ-ਰੂਪ ਧਾਰਨ ਕਰਨ ਵਿੱਚ ਕਲਪਨਾ ਦਾ ਮਹੱਤਵਪੂਰਨ ਕਾਰਜ ਹੁੰਦਾ ਹੈ ਅਤੇ ਕਾਵਿ ਵਿਚ ਕਲਪਨਾ ਦਾ ਮੁੱਖ ਕਾਰਜ ਹੈ । ਬਿੰਬ ਨਿਰਮਾਣ, ਬਿੰਬ, ਕਾਵਿ-ਸ਼ੈਲੀ ਦਾ ਇਕ ਪ੍ਰਮੁੱਖ ਸਾਧਨ ਹੈ। ਕਵਿਤਾ ਦੇ ਕਲਾ ਪੱਖ ਵਿੱਚ ਬਿੰਬ ਦਾ ਮਹੱਤਵਪੂਰਨ ਸਥਾਨ ਹੈ। ਬਿੰਬ, ਇਕ ਅਜਿਹਾ ਸਾਧਨ ਹੈ, ਜਿਸ ਦੁਆਰਾ ਕਵੀ ਵਰਨਣ ਗੋਚਰੇ ਵਿਸ਼ੇ ਨੂੰ ਕਲਾਤਮਕ ਢੰਗ ਨਾਲ ਨਿਖਾਰਦਾ ਤੇ ਮਾਨਣਯੋਗ ਬਣਾਉਂਦਾ ਹੈ। ਇਹ ਕਵਿਤਾ ਦਾ ਸੁਹਜ ਵੀ ਹੈ ਅਤੇ ਵਸਤੂ ਨੂੰ ਸਮਝਾਉਣ ਵਿਚ ਸਹਾਈ ਵੀ ਹੁੰਦਾ ਹੈ।" ਇਸ ਤਰਾ ਬਿੰਬ ਕਾਵਿ ਦਾ ਬੁਨਿਆਦੀ ਤੱਤ ਹੈ। ਇਸ ਨੂੰ ਪਰਿਭਾਸ਼ਤ ਕਰਦਿਆਂ ਸੀ. ਡੀ. ਲੀਵਿਸ ਲਿਖਦਾ ਹੈ, “ਬਿੰਬ ਇਕ ਵਿਦਿਆਈ ਚਿੱਤਰ ਹੈ, ਜਿਸ ਵਿੱਚ ਰੂਪਕੀ ਗੁਣ ਹੁੰਦੇ ਹਨ।" Every poetic image, therefore, is to some degree metaphorical-C.D. Leiws.) (Robin Skelton) ਦੇ ਕਥਨ ਅਨੁਸਾਰ, ਬਿੰਬ ਉਹ ਹੈ ਜੋ ਸਾਡੇ ਅੰਦਰ ਸੰਵੇਦਨਾਮਈ ਪ੍ਰਤੱਖਣ ਦਾ ਬੋਧ ਜਗਾਉਂਦਾ ਹੈ, (An image is a word which arouses ideas of sensory perseption.)

ਬਿੰਬ ਕਾਵਿ ਦੀ ਸੁੰਦਰਤਾ ਵਿੱਚ ਵਾਧਾ ਹੀ ਨਹੀਂ ਕਰਦਾ ਸਗੋਂ ਕਾਵਿ ਦੇ ਭਾਵ ਨੂੰ ਦ੍ਰਿਸ਼ ਬਣਾ ਕੇ ਉਸਾ ਸੰਚਾਰ ਵੀ ਕਰਦਾ ਹੈ। ‘ਬਿੰਬ’ ਕਾਵਿ ਦਾ ਪਾਣ-ਤੱਤ ਹੈ ਅਤੇ ਉਸਦਾ ਪ੍ਰਧਾਨ ਗੁਣ ਹੈ ਜਿਸਦਾ ਮਨੋਰਥ ਭਾਵ ਜਾਂ ਵਿਚਾਰ ਦਾ ਇੰਦ੍ਰਿਆਈ ਅਨੁਭਵ ਕਰਾਉਣਾ ਹੈ। ਬਿੰਬ ਅਮੂਰਤ ਭਾਵਾਂ ਨੂੰ ਪ੍ਰਗਟਾਉਣ ਦੀ ਇਕ ਪ੍ਰਣਾਲੀ ਹੈ। ਬਿੰਬ ਦਾ ਜਨਮ, ਭਾਵ ਤੋਂ ਹੁੰਦਾ ਹੈ।

ਭਾਵਾਂ ਨੂੰ ਬਿੰਬ ਰਾਹੀਂ ਹੀ ਸੰਵੇਦਨ ਯੋਗ ਬਣਾਇਆ ਜਾ ਸਕਦਾ ਹੈ। ਪਰਵਾਸੀ ਪੰਜਾਬੀ ਕਵਿਤਾ ਵਿੱਚ ਬਿੰਬ ਵਿਧਾਨ ਇਕ ਕਲਾਤਮਕ ਵਿਸ਼ੇਸ਼ਤਾ ਦੇ ਤੌਰ 'ਤੇ ਵਿਦਮਾਨ ਹੈ। ਇਸ ਸੰਗ੍ਰਹਿ ਵਿਚਲੀਆਂ ਕਵਿਤਾਵਾਂ ਵਿੱਚ ਕਈ ਸੱਜਰੇ ਬਿੰਬ ਪ੍ਰਗਟ ਹੋਏ ਹਨ ਜਿਵੇਂ -

ਦ੍ਰਿਸ਼ਟੀ ਮੂਲਕ ਬਿੰਬ

ਬਾਪੂ ਦੀ ਅੱਧ ਗਿਲੀ ਦਾੜ੍ਹੀ ਕੰਬੀ

ਮਾਂ ਨੇ ਸਿਰ ‘ਤੇ ਹੱਥ ਫੇਰ ਕੇ ਹੰਝੂ ਲਕੋਏ।

ਨਾਦ ਮੂਲਕ ਬਿੰਬ-

ਪਿੰਡ ਦੀ ਵਲਗਣ ਦਾ ਚੇਤਾ ਆਉਂਦਾ ਹੈ

ਤੜਕਸਾਰ

ਬੀਤੇ ਦਾ ਪੰਛੀ ਆਣ ਜਗਾਉਂਦਾ

ਕਬਰਾਂ

ਵਰਗੀ ਚੁੱਪ ਪਹਾੜਾਂ ਵਾਂਗੂੰ ਦਿਸਦੀ

ਵਰ੍ਹਿਆਂ

ਦੀ ਨਿਤੀ ਸੰਗ ਆਪਣਾ ਮਨ ਪਰਚਾਉਂਦਾ

ਤੇ ਦੂਰ ਖਿੜੇ ਹੋਏ ਹਾਸੇ ਦਿਸਦੇ,

ਕਦੀ ਕਦੀ

ਕੋਈ ਪੱਤਰ ਕਾਲੇ ਤਿਲੀਅਰ ਵਾਂਗੂੰ

ਘਰ ਦੀ ਸੁਖ-ਸਾਂਦ ਕਮਰੇ ਵਿੱਚ ਚੁੱਕ ਲਿਆਉਂਦਾ

ਬੜਾ ਹਸਾਉਂਦਾ

ਬੜਾ ਲਿਡਾਉਂਦਾ

ਬੜਾ ਰੁਆਉਂਦਾ।

**6.2 ਪ੍ਰਤੀਕ ਵਿਧਾਨ—**ਸਾਡੇ ਜੀਵਨ ਵਿੱਚ ਪ੍ਰਤੀਕ ਦਾ ਉੱਨਾ ਹੀ ਮਹੱਤਵ ਹੈ, ਜਿੰਨਾ ਕਿ ਸਾਹਿਤ ਵਿੱਚ ਕਿਉਂਕਿ ਮਨੁੱਖੀ ਵਿਵਹਾਰ ਵਿੱਚ ਪ੍ਰਤੀਕ ਆਮ ਵਰਤੇ ਜਾਂਦੇ ਹਨ। ਮਨੁੱਖ ਦੀ ਤਾਂ ਸਹਿਜ-ਸੁਭਾ ਰੁਚੀ ਹੀ ਪ੍ਰਤੀਕੀਰਣ ਦੀ ਹੈ। ਪਰ ਕਵਿਤਾ ਵਿੱਚ ਪ੍ਰਤੀਕ ਵਰਤੋਂ ਦਾ ਖ਼ਾਸ ਤਰ੍ਹਾਂ ਦਾ ਯੋਗਦਾਨ ਹੈ। ਕਵਿਤਾ ਦੀ ਸੂਖਮ-ਭਾਵੀ ਬਿਰਤੀ ਵਿੱਚ ਪ੍ਰਤੀਕਾਂ ਦੀ ਬੁਨਿਆਦੀ ਜ਼ਰੂਰਤ ਰਹਿੰਦੀ ਹੈ। ਪੱਛਮੀ ਕਾਵਿ ਸ਼ਾਸਤਰ ਵਿੱਚ ਇਸਦੀ ਬਹੁਤ ਵਿਆਖਿਆ ਹੋਈ ਹੈ। ਵੈਬਸਟਰ ਦੇ ਸ਼ਬਦਕੋਸ਼ Seventh New Collegeiate Dictionary ਅਨੁਸਾਰ, "ਪ੍ਰਤੀਕ ਇਕ ਵਸਤੂ ਹੈ ਜੋ ਸੰਬੰਧ, ਸਾਂਝ ਜਾਂ ਰੂੜੀ ਦੇ ਆਧਾਰ ‘ਤੇ ਕਿਸੇ ਹੋਰ ਵਸਤੂ ਦਾ ਸੁਝਾਉ ਦਿੰਦੀ ਹੈ। ਇਹ ਸਮਾਨਤਾ ਅਚੇਤ (ਸਚੇਤ ਦੋਹਾਂ ਰੂਪਾਂ ਵਿੱਚ ਹੋ ਸਕਦੀ ਹੈ।“Symbol is something that stands for or suggests something else by reason of relationship, association, convention or accidental resemblance.....through unconscious association.)

ਪ੍ਰਸਿੱਧ ਹਿੰਦੀ ਆਲੋਚਕ ਡਾ. ਰਾਮ ਕੁਮਾਰ ਵਰਮਾ ਅਨੁਸਾਰ, “ਜਿਸ ਤਰ੍ਹਾਂ ਸ਼ਹਿਦ ਦਾ ਇਕ ਤੁਪਕਾ ਹਜ਼ਾਰਾਂ ਫੁੱਲਾਂ ਦੇ ਰਸਾਂ ਤੋਂ ਖੁਸ਼ਬੂਆਂ ਦਾ ਇਕ ਸੰਗ੍ਰਹਿ ਰੂਪ ਹੈ, ਇਸੇ ਤਰਾਂ ਪ੍ਰਤੀਕ ਮਨੁੱਖ ਤੇ ਯਥਾਰਥ ਜਗਤ ਦੇ ਅਨੇਕਾਂ ਕਾਰ-ਵਿਹਾਰਾਂ ਤੇ ਸੋਚਣੀਆਂ ਦਾ ਸੰਕਲਨ ਹੈ”।

ਰੈਨੇ ਵੈਲਨ ਅਨੁਸਾਰ, "ਬਿੰਬ, ਸਭ ਤੋਂ ਪਹਿਲਾਂ ਇਕ ਰੂਪਕ ਦੇ ਰੂਪ ਵਿੱਚ ਪੇਸ਼ ਹੁੰਦੇ ਹਨ ਪਰ ਜਦੋਂ ਉਹ ਉਨ੍ਹਾਂ ਦੀ ਨਿਸਚਿਤ ਅਰਥਾਂ ਵਿੱਚ ਲਗਾਤਾਰ ਰੂਪ ਤੇ ਪ੍ਰਤਿਰੂਪ ਬਣਕੇ ਆਉਂਦੇ ਹਨ ਤਾਂ ਪ੍ਰਤੀਕ ਬਣ ਜਾਂਦੇ ਹਨ।"

(Primarily, we think in the recurrence and persistence of symbols. An image may be invoted once as a metaphor, but if it persistantly recurs both as a presentation and representation it becomes a symbol.)

ਪ੍ਰਤੀਕ ਦੀ ਸਭ ਤੋਂ ਵੱਡੀ ਵਿਸ਼ੇਸ਼ਤਾ ਇਹ ਹੈ ਕਿ ਇਹ ਵਿਅਕਤੀ ਵਿੱਚ ਵਿਸ਼ੇਸ਼ ਅਤੇ ਵਿਸੇਸ਼ ਵਿੱਚ ਸਾਮਾਨਯ ਦੀ ਅਭਿਵਿਅਕਤੀ ਕਰਦਾ ਹੈ, ਅਮੂਰਤ ਸੰਕਲਪਾਂ ਨੂੰ ਚਿਤ ਕਰਦਾ ਹੈ ਅਤੇ ਸਭ ਤੋਂ ਵੱਡੀ ਗੱਲ ਇਹ ਕਿ ਸਮੇਂ ਵਿੱਚ ਸਥਿਤ ਹੋ ਕੇ ਵੀ ਸਮੇਂ ਤੋਂ ਨਿਰਪੇਖ ਹੋਣ ਦਾ ਪ੍ਰਭਾਵ ਪੈਦਾ ਕਰਦਾ ਹੈ।

ਪਰਵਾਸੀ ਪੰਜਾਬੀ ਕਵਿਤਾ ਵਿੱਚ ਵੀ ਕੁਝ ਥਾਵਾਂ 'ਤੇ ਪ੍ਰਤੀਕਾਂ ਦੀ ਵਰਤੋਂ ਕੀਤੀ ਮਿਲਦੀ ਹੈ ਜਿਵੇਂ ਭੁਪਿੰਦਰ ਪੁਰੇਵਾਲ ਦੀ 'ਜਦੋਂ ਦੇਸ਼ ਪਰਤਾਂਗੇ' ਵਿੱਚ 'ਘਰ' ਦੇ ਪ੍ਰਤੀਕ ਦੀ ਵਰਤੋਂ ਕਰਕੇ ਆਪਣੀ ਪਰਵਾਸੀ ਚੇਤਨਾ ਤੇ ਸੰਵੇਦਨਾ ਨੂੰ ਦਾ ਯਤਨ ਕੀਤਾ ਗਿਆ ਹੈ—

ਹੁਣ ਜਦੋਂ ਪਰਦੇਸ ਤੋਂ

ਆਪਣੇ ਦੇਸ਼

ਆਪਣੇ ਘਰ ਪਰਤਾਂਗਾ

ਘਰ ਦੇ ਦਰ ਅਜਨਬੀ ਵਾਂਗ ਖੁੱਲ੍ਹਣਗੇ

ਘਰ ਦੀ ਹਰ ਇੱਟ ਪਰਾਇਆਂ ਵਾਂਗ ਵੇਖੇਗੀ

ਸ਼ਾਇਦ ਘਰ, ਘਰ ਨਾ ਮਿਲਣ

ਜੇ ਘਰ, ਘਰ ਹੋਣਗੇ

ਤਾਂ ਬਹੁਤ ਕੁਝ ਮਿਲੇਗਾ

ਪਰ ਘਰ, ਘਰ ਨਹੀਂ ਹੋਏਗਾ

ਇਸ ਤਰ੍ਹਾਂ ਸਤੀ ਕੁਮਾਰ ਦੀ ਕਵਿਤਾ 'ਘੋੜੇ ਤੋਂ ਨਿਰਾਸ਼' ਵਿੱਚ ਘੜੇ ਨੂੰ ਪ੍ਰਤੀਕ ਬਣਾ ਕੇ ਕਵੀ ਨੇ ਆਪਣੀ ਪਰਦੇਸ ਜਾ ਕੇ ਵੱਸਣ ਦੀ ਤੀਬਰ ਤਾਂਘ ਨੂੰ ਪੇਸ਼ ਕੀਤਾ ਹੈ।

ਮੈਥੋਂ ਘੜਾ ਨਿਰਾਸ਼ ਹੈ

ਮੈਂ ਬੈਠਣਾ ਸੀ ਉਸ ਤੇ

ਨਿਕਲਣਾ ਸੀ ਸਫ਼ਰਾਂ 'ਤੇ ਲੰਬੇ

ਚੱਖਣੇ ਸੀ ਪਾਣੀ

ਦਿਸ ਹੱਦਿਆਂ ਦੇ ਪੱਤਨੋਂ

ਬਰਫ਼ਾਨੀ ਨਦੀਆਂ 'ਚ

ਡੁੱਬਕੀਆਂ ਖਾਣੀਆਂ ਸੀ

ਟੱਪਣੀਆ ਸੀ ਤੇਰੀਆਂ ਖਾਈਆਂ

ਟੀਸੀਆਂ 'ਤੇ ਸੌਣਾ ਸੀ

6.3 **ਅਲੰਕਾਰ ਵਿਧਾਨ**—ਅਲੰਕਾਰ ਦਾ ਸੰਬੰਧ ਕਾਵਿ ਦੀ ਬਾਹਰਲੀ ਸਜਾਵਟ ਕਵੀ ਦੇ ਅੰਦਰਲੇ ਉਤਸ਼ਾਹ ਅਤੇ ਓਜ ਨਾਲ ਹੈ। ਡਾ. ਸਤਿੰਦਰ ਸਿੰਘ ਅਨੁਸਾਰ "ਅਲੰਕਾਰ, ਅਰਥ ਅਭਿਵਿਅਕਤੀ ਵਿੱਚ ਸਹਾਇਕ ਹੁੰਦੇ ਹਨ ਅਤੇ ਕਾਵਿ ਆਨੰਦ ਵਿੱਚ ਵਾਧਾ ਕਰਦੇ ਹਨ"। ਕਾਵਿ ਦੇ ਸੰਚਾਰ ਤੇ ਪ੍ਰਭਾਵ ਪੱਖ ਵਿੱਚ ਅਲੰਕਾਰਾਂ ਦੀ ਆਪਣੀ ਹੀ ਮਹੱਤਤਾ ਹੈ। ਆਚਾਰੀਆ ਰਾਮਚੰਦ ਸ਼ੁਕਲ ਨੇ ਅਲੰਕਾਰਾਂ ਦੀ ਵਿਆਖਿਆ ਕਰਦੇ ਹੋਏ ਕਿਹਾ ਸੀ, "ਕਵਿਤਾ ਵਿੱਚ ਭਾਸ਼ਾ ਦੀਆਂ ਸਾਰੀਆਂ ਸ਼ਕਤੀਆਂ ਤੋਂ ਕੰਮ ਲੈਣਾ ਪੈਂਦਾ ਹੈ। ਵਸਤੂ ਜਾਂ ਵਪਾਰ ਦੀ ਭਾਵਨਾ ਚਟਕੀਲੀ ਕਰਨ ਅਤੇ ਭਾਵ ਨੂੰ ਜਿਆਦਾ ਉਤਕਰਸ ਉੱਪਰ ਪਹੁੰਚਾਉਣ ਲਈ ਕਦੇ ਕਿਸੇ ਵਸਤੂ ਦਾ ਆਕਾਰ ਜਾਂ ਗੁਣ ਬਹੁਤ ਵਧਾ ਕੇ ਵਿਖਾਉਣਾ ਪੈਂਦਾ ਹੈ। ਕਦੇ ਉਸਦੇ ਰੂਪ ਰੰਗ ਜਾਂ ਗੁਣ ਦੀ ਭਾਵਨਾ ਨੂੰ ਉਸੇ ਤਰ੍ਹਾਂ ਦੇ ਹੋਰ ਰੂਪ ਰੰਗ ਮਿਲਾ ਕੇ ਤੀਬਰ ਕਰਨ ਨਾਲ ਸਮਾਨ ਰੂਪ ਅਤੇ ਧਰਮ ਵਾਲੀਆਂ ਕਈ ਹੋਰ ਵਸਤਾਂ ਨੂੰ ਸਾਮ੍ਹਣੇ ਲਿਆਉਣਾ ਪੈਂਦਾ ਹੈ। ਕਦੇ-ਕਦੇ ਗੱਲ ਨੂੰ ਵੀ ਘੁਮਾ ਵਿਰਾ ਕੇ ਕਹਿਣਾ ਪੈਂਦਾ ਹੈ। ਇਸ ਤਰਾਂ ਦੇ ਭਿੰਨ- ਭਿੰਨ ਵਿਧਾਨ ਅਤੇ ਕਥਨ ਢੰਗ ਨੂੰ ਅਲੰਕਾਰ ਆਖਦ ਹਨ। ਇਨ੍ਹਾਂ ਦੀ ਸਹਾਇਤਾ ਨਾਲ ਕਵਿਤਾ ਆਪਣਾ ਪ੍ਰਭਾਵ ਬਹੁਤ ਵਧਾ ਲੈਂਦੀ ਹੈ। ਕਿਤੇ ਕਿਤੇ ਤਾਂ ਇਨ੍ਹਾਂ ਤੋਂ ਬਿਨਾਂ ਕੰਮ ਹੀ ਨਹੀਂ ਚੱਲ ਸਕਦਾ"।

ਮੁਕਦੀ ਗੱਲ ਇਹ ਕਿ ਅਲੰਕਾਰ, ਸ਼ਬਦ-ਰੂਪੀ ਗਹਿਣੇ ਹਨ ਜੋ ਕਵਿਤਾ ਨੂੰ ਸਜਾਉਣ ਅਤੇ ਇਸਦਾ ਪ੍ਰਭਾਵ ਵਧਾਉਣ ਦਾ ਕੰਮ ਕਰਦੇ ਹਨ। ਇਹ ਭਾਵਾਂ ਨੂੰ ਉਚਿਆਣ ਅਤੇ ਵਸਤਾਂ ਦੇ ਰੂਪ ਗੁਣ ਤੇ ਕਿਰਿਆ ਦਾ ਤੀਬਰ ਅਨੁਭਵ ਕਰਾਉਣ ਵਿੱਚ ਸਹਾਈ ਹੁੰਦੇ ਹਨ।

'ਪਰਵਾਸੀ ਪੰਜਾਬੀ ਕਵਿਤਾ ਵਿੱਚ ਅਲੰਕਾਰਾਂ ਦੀ ਭਰਪੂਰ ਵਰਤੋਂ ਹੋਈ ਹੈ ਜਿਵੇਂ-

**ਉਪਮਾ ਅਲੰਕਾਰ**

ਤੇ ਪਿੰਡ ਦੀਆਂ ਖਬਰਾਂ

ਚਿੰਤੋ ਝਿਊਰੀ ਦੀ ਭੱਠੀ ਦੀਆਂ,

ਖਿੱਲਾਂ ਵਾਂਗ ਖਿੜਨ ਦੀ ਥਾਂ,

ਨਿਆਈਆਂ 'ਚ ਬੈਠੇ

ਡੱਬੂ ਵਾਂਗ ਕਿਉਂ ਭੌਂਕਦੀਆਂ ਹਨ। ਅਜੀਤ ਰਾਹੀਂ (ਮਾਂ ਜੇ ਤੂੰ ਜੀਉਂਦੀ ਹੁੰਦੀ)

ਇਸੇ ਤਰ੍ਹਾਂ ਡੈੱਨਮਾਰਕ ਤੋਂ ਸੋਹਨ ਕਾਦਰੀ ਦੀ ਕਵਿਤਾ 'ਬੂੰਦ ਦੇ ਸਮੁੰਦਰ' ਵਿੱਚ ਯਮਨ ਅਲੰਕਾਰ।

**ਅਨੁਪ੍ਰਾਸ ਅਲੰਕਾਰ**—ਜਿੱਥੇ ਇਕ ਅੱਖਰ ਜਾਂ ਵਿਅੰਜਨ ਨੂੰ ਬਾਰ-ਬਾਰ ਦੁਹਰਾਇਆ ਜਾਵੇ ਉੱਥੇ ਅਨੁਪਾਸ ਅਲੰਕਾਰ ਹੁੰਦਾ ਹੈ। ਇਹ ਦੁਹਰਾਉ ਇਕ ਪੰਕਤੀ ਵਿੱਚ ਪੰਕਤੀ ਦੇ ਸ਼ੁਰੂ, ਮੱਧ ਜਾਂ ਅਖੀਰ ਵਿੱਚ ਕਿਤੇ ਵੀ ਹੋ ਸਕਦਾ ਹੈ।

'ਪਰਵਾਸੀ ਪੰਜਾਬੀ ਕਵਿਤਾ' ਵਿੱਚ ਅਨੁਪ੍ਰਾਸ ਅਲੰਕਾਰ ਦੀਆਂ ਉਦਾਹਰਨਾਂ ਵੀ ਵੇਖਣ ਨੂੰ ਮਿਲਦੀਆਂ ਹਨ ਜਿਵੇਂ—

ਅੱਗਾ, ਅੱਗਿਓਂ ਹਟੇ ਹੀ ਨਾ

ਪਿੱਛਾ, ਪਿੱਛਾ ਛੱਡੇ ਹੀ ਨਾ

ਅੱਲੜੀ ਉਮਰ, ਅਵਗੁਣ ਅਗਿਆਨ

ਕਿੰਝ ਮੇਰਾ ਮਨਵਾ ਧਰੇ ਧਿਆਨ। (ਸੋਹਨ ਕਾਦਰੀ)

ਜਾਂ

ਮਹਾਂ ਆਨੰਦ ਸੂ

ਰੱਬ ਰਾਹ ਦਾ ਰੋੜਾ

ਬਹੁਤਾ ਨਹੀਂ ਥੋੜਾ ਥੋੜਾ

ਰੱਬ ਗਿਆ ਸੰਸਾਰ ਗੁਆਚਾ

ਆਸ ਨਿਰਾਸ ਦੇ ਪੱਥਰ ਭਾਰੇ

ਰੱਬ ਗਿਆ ਸੰਸਾਰ ਸੰਧਾਰੇ

**ਵਿਰੋਧਾਭਾਸ ਅਲੰਕਾਰ**- ਵੇਖੀ/ਸੁਣੀ ਘਟਨਾ ਨਾਲ ਵਿਰੋਧੀ/ ਉਲਟ ਗੱਲ ਦਾ ਕਥਨ ਵਿਰੋਧਾਭਾਸ ਅਲੰਕਾਰ ਅਖਵਾਉਂਦਾ ਹੈ:

ਮਾਂ ! ਜੇ ਤੂੰ ਜੀਉਂਦੀ ਹੁੰਦੀ,
ਤਾਂ ਮੈਂ ਤੈਨੂੰ ਇਹ ਵੀ ਪੁੱਛਣਾ ਸੀ
ਕਿ ਅੱਜ ਕੱਲ੍ਹ
ਅਲਸੀ ਨੂੰ ਲਾਲ ਫੁੱਲ ਕਿਉਂ ਲੱਗਦੇ ਹਨ ?
ਕਪਾਹ ਤੇ ਫੁੱਲਾਂ ਦਾ ਰੰਗ
ਕਾਲ਼ਾ ਕਿਉਂ ਹੋ ਗਿਆ ਲਗਦੈ
ਗੁੜ ਦੀ ਪੱਤ ਵਿੱਚੋਂ
ਸੜਦੇ ਮਨੁੱਖ ਦੀ
ਬੋ ਕਿਉਂ ਆਉਂਦੀ ਹੈ ?
ਤੇ ਹੁਣ
ਆਪਣੇ ਪਿੰਡ ਦੇ ਰਾਹ 'ਤੇ
ਸੰਗੀਨਾ ਕਿਉਂ ਉੱਗ ਪਈਆਂ ਨੇ।

**6.4 ਛੰਦ ਯੋਜਨਾ**-ਕਵਿਤਾ ਵਿੱਚ ਮਾਤ੍ਰਾਵਾਂ ਜਾਂ ਵਰਣਾਂ ਨੂੰ ਖਾਸ ਤਰਤੀਬ ਵਿੱਚ ਜੋੜ ਕੇ ਵਚਨ, ਤੋਲ ਤੇ ਬਿਸਰਾਮ ਦਾ ਖ਼ਿਆਲ ਰੱਖਦੇ ਹੋਏ ਤੁਕਾਂਤ ਦੁਆਰਾ ਲੈਅ ਪੈਦਾ ਕਰਨਾ ਛੰਦ ਹੈ। ਇਸ ਆਧਾਰ 'ਤੇ ਛੰਦ ਦੇ ਤਿੰਨ ਪੱਖ ਸਪੱਸ਼ਟ ਹੁੰਦੇ ਹਨ-

(1) ਮਾਤਰਾਵਾਂ ਅਤੇ ਵਰਣਾ ਦੀ ਨਿਸ਼ਚਿਤ ਯੋਜਨਾ

(2) ਬਿਸਰਾਮ ਅਤੇ ਲੈਅ ਦੇ ਨਿਯਮ

(3) ਤੁਕਾਂਤ ਯੋਜਨਾ

"ਪਰਵਾਸੀ ਪੰਜਾਬੀ ਕਵਿਤਾ" ਵਿੱਚ ਛੰਦ-ਬੱਧ ਕਵਿਤਾ ਦੇ ਕਈ ਨਮੂਨੇ ਮਿਲ ਜਾਂਦੇ ਹਨ ਜਿਵੇਂ ਸੋਹਣ ਸਿੰਘ ਜੋਸ਼ ਦੇ ਇਸ ਗੀਤ ਵਿੱਚ:

ਚੂੜੀ ਪੱਕਦੀ ਹੰਢਾ ਕੇ ਗਹਿਣੇ ਅੱਗ ਦੇ

ਆਖੇ ਲੱਗ ਜਾਂਦੀ ਫੇਰ ਭੈੜੇ ਜੱਗ ਦੇ

ਜੱਗ ਵਾਲੇ ਦਿਨ ਦੀਵੀਂ ਇਹਨੂੰ ਠੱਗਦੇ

ਮਾਂ ਪਿਉ ਤੋਂ ਬਾਹਰੀ ਹੁੰਦੀ ਏ।

ਇਹ ਵੀ ਤਾਂ ਕੁਆਰੀ ਹੁੰਦੀ ਏ।

ਮੁਕਤ ਛੰਦ ਵਿੱਚ ਛੰਦ ਯੋਜਨਾ, ਤੁਕਾਂਤ ਪ੍ਰਣਾਲੀ ਤੇ ਪੰਕਤੀਆਂ ਦੀ ਲੰਬਾਈ ਆਦਿ ਦਾ ਤਿਆਗ ਤਾਂ ਜ਼ਰੂਰ ਹੁੰਦਾ ਹੈ ਪਰ ਇਸ ਦੇ ਵਿਭਿੰਨ ਭਾਸ਼ਕ ਤੱਤ ਇਸਦੇ ਅੰਗਾਂ ਨੂੰ ਜੜਦੇ ਹੋਏ ਸਫਲ ਸੰਰਚਨਾ ਦਾ ਨਿਰਮਾਣ ਕਰਦੇ ਹਨ।'ਪਰਵਾਸੀ ਪੰਜਾਬੀ ਕਵਿਤਾ'' ਵਿੱਚ ਸ਼ਾਮਲ ਬਦੇਸ਼ਾਂ ਵਿੱਚ ਵੱਸੇ ਪੰਜਾਬੀ ਕਵੀਆਂ ਦੀ ਬਹੁਤੀ ਕਵਿਤਾ ਵਿੱਚ ਮੁਕਤ-ਛੰਦ ਅਧੀਨ ਗਿਣੀ ਜਾ ਸਕਦੀ ਹੈ—

ਹਾਂ

ਅਸੀਂ ਹੀ ਉਹ ਸ਼ਖ਼ਸ ਹਾਂ

ਆਪਣੇ ਅਤੀਤ ਦੀ ਗੁਫਾ 'ਚ ਬੈਠ ਜੋ

ਬਹੁਤ ਕੁਝ ਯਾਦ ਕਰਦੇ ਰਹਿੰਦੇ ਨੇ

ਗੁੰਮ ਚੁੱਕੇ ਰੁੱਖਾਂ ਦੀ ਛਾਂ

ਤੇ ਉੱਡ ਚੁੱਕੇ ਪੰਖੇਰੂਆਂ ਦੇ ਸੁੰਨੇ ਆਲ੍ਹਣੇ

ਸੋਚਾਂ 'ਚ ਆਬਾਦ ਕਰਦੇ ਰਹਿੰਦੇ ਨੇ।  -ਜਗਤਾਰ ਢਾਅ

.........

ਰੰਗ-ਤਮਾਸ਼ੇ

ਹੱਸਣ-ਖੇਡਣ

ਰੋਣ-ਕਰਾਹੁਣ ਦੁਖਾਵੇਂ

ਇਕੋ ਸਿੱਕੇ ਦੇ

ਦੋ ਪਾਸੇ

ਨਿਸ ਦਿਨ ਬੇਸ ਵਟਾਵੇ।

ਮੈਂ ਓਦੋਂ ਵਿਰਲਾਪ ਜਿਹਾ

ਬੇਵਾਕਾ, ਬੇਬੱਸ ਬੜਾ ਸਾਂ

ਜਿਸ ਵੇਲੇ ਤੇਰੀ ਸੰਗਤ ਦੀ

ਮੈਂ ਨਿੰਦਿਆ-ਸ਼ੋਭਾ ਚਾਹੀ ਸੀ

ਜੇ ਤੂੰ ਹੋਵੇਂ ਦਰਿਆ ਤੇ ਮੈਂ ਕਿਨਾਰਾ

ਤਾਂ ਤੈਨੂੰ ਛੂਹ ਕੇ, ਚੁੰਮ ਕੇ

ਭਿੱਜ ਕੇ, ਭਰ ਕੇ

ਮੈਂ ਤੇਰੇ ਵਿੱਚ ਇਕ-ਮਿਕ ਹੋ ਜਾਵਾਂ। -ਬਲਿਹਾਰ ਸਿੰਘ ਰੰਧਾਵਾ

**6.5 ਸੰਗੀਤ ਤੇ ਲੈਅ**-ਸਾਹਿਤ ਦੇ ਸਾਰ ਰੂਪਾਕਾਰਾਂ ਵਿੱਚ ਕਵਿਤਾ ਹੀ ਇਕ ਅਜਿਹਾ ਰੂਪ ਹੈ ਜਿਸ ਵਿੱਚ ਭਾਸ਼ਾ ਦੀਆਂ ਸੰਗੀਤਕ ਦੀ ਵਰਤੋਂ ਸਭ ਤੋਂ ਵੱਧ ਕੇ ਹੁੰਦੀ ਹੈ। ਸੰਗੀਤ ਦਾ ਗੁਣ ਬੌਧਿਕਤਾ ਨਾਲੋਂ ਘਾਤਮਕ ਵਧੇਰੇ ਹੈ। ਕਵਿਤਾ ਹਮੇਸ਼ਾ ਸੰਗੀਤ ਉਪਰ ਨਿਰਭਰ ਹੁੰਦੀ ਹੈ। ਕਵਿਤਾ ਤੇ ਸੰਗੀਤ ਦਾ ਡੂੰਘਾ ਸੰਬੰਧ ਐਡਸਰ ਐਲਨ ਪੋ ਦੇ ਵਿਚਾਰ ਅਨੁਸਾਰ, "ਸੰਗੀਤ ਜਦੋਂ ਕਿਸੇ ਖੁਸ਼ਗਵਾਰ ਵਿਚਾਰ ਨਾਲ ਸੰਯੁਕਤ ਹੋ ਜਾਏ ਤਾਂ ਕਵਿਤਾ ਦਾ ਜਨਮ ਹੁੰਦਾ ਹੈ। ਵਿਚਾਰ ਰਹਿਤ ਸੰਗੀਤ ਕੇਵਲ ਸੰਗੀਤ ਹੈ ਅਤੇ ਸੰਗੀਤ ਰਹਿਤ ਵਿਚਾਰ ਨਿਗੇ ਵਾਰਤਕ ਹੁੰਦੀ ਹੈ"। ਇਸ ਲਈ ਕਿਹਾ ਜਾਂਦਾ ਹੈ ਕਿ ਕਵਿਤਾ ਦੀ ਹੋਂਦ ਛੰਦ ਦੀ ਅਣਹੋਂਦ ਵਿੱਚ ਤਾਂ ਸੰਭਵ ਹੈ ਪਰ ਰਿਦਮ ਤੋਂ ਬਿਨਾਂ ਨਹੀਂ। ਸੰਗੀਤ, ਰਿਦਮ ਅਤੇ ਲੈਅ ਆਦਿਕ ਛੰਦ ਮਈ ਅਤੇ ਛੰਦ ਮੁਕਤ ਦੋਹਾਂ ਪ੍ਰਕਾਰ ਦੀਆਂ ਕਵਿਤਾਵਾਂ ਵਿੱਚ ਹੋ ਸਕਦਾ ਹੈ। ਇਸ ਪ੍ਰਸੰਗ ਵਿੱਚ ਪ੍ਰਵਾਸੀ ਪੰਜਾਬੀ ਕਵਿਤਾ ਕਾਵਿ ਸੰਗ੍ਰਹਿ ਵਿੱਚੋਂ ਬਹੁਤ ਸਾਰੀਆਂ ਉਦਾਹਰਨਾਂ ਪੇਸ਼ ਕੀਤੀਆਂ ਜਾ ਸਕਦੀਆਂ ਹਨ ਜਿਵੇਂ ਕਿ-

ਅੱਗਾ , ਅੱਗਿਓਂ ਹਟੇ ਹੀ ਨਾ

ਪਿੱਛਾ, ਪਿੱਛਾ ਛੱਡੇ ਹੀ ਨਾ

ਅਲੜੀ ਉਮਰ, ਅਵਗੁਣ ਅਗਿਆਨ

ਕਿੰਝ ਮੇਰਾ ਮਨਵਾ ਧਰੇ ਧਿਆਨ

ਨਿਸ਼ਬਦ ਮੰਨਣਾ ਸ਼ਾਂਤੀ ਮਾਈ

ਅੰਮ੍ਰਿਤ ਵੇਲੇ ਬੱਜੀ ਸ਼ਹਿਨਾਈ

ਨਾਦ ਉਜਾਗਰ ਹੌਲੇ ਹੌਲੇ

ਕੰਨੀਂ ਘੁੱਗੂ, ਬੀਂਡੇ ਬੋਲੇ

ਬਿਸਰੇ ਰੋਸ਼ਨੀਆਂ ਦੇ ਰੌਲੇ

ਘੁੱਪ ਹਨ੍ਹੇਰੇ ਸੁੰਨ ਮਸਾਣ

ਜਾਨ ਵਿੱਚ ਜਦ ਆਈ ਜਾਨ

ਇਸੇ ਤਰ੍ਹਾਂ ਸੋਹਣ ਸਿੰਘ ਜੋਸ਼ ਦੇ ਗੀਤ ਵਿੱਚ ਵੀ ਸੰਗੀਤ ਅਤੇ ਲੈਅ ਦੀ ਉਦਾਹਰਨ ਮਿਲਦੀ ਹੈ-

ਲੱਗ ਜਾਣ ਦੁਆਵਾਂ ਤੈਨੂੰ ਸਾਰੀਆਂ,

ਕਿੱਦਾ ਪ੍ਰਦੇਸ਼ ਵਿੱਚ ਈਦਾਂ ਤੈਂ ਗੁਜ਼ਾਰੀਆਂ।

'ਕੱਲੀ ਬਹਿ ਕੇ ਰੋਵਾਂ ਮੈਂ ਬੂਹੇ ਨਾਲ ਲੱਗ ਕੇ

ਦਿਲ ਮੇਰਾ ਲੈ ਗਿਉਂ ਮੇਰੇ ਕੋਲੋਂ ਠੱਗ ਕੇ

ਖੁਸ਼ੀਆਂ ਨਾ ਲੱਭਦੀਆਂ ਕਿਤੇ ਵੀ ਉਧਾਰੀਆਂ,

ਕਿੱਦਾਂ ਪ੍ਰਦੇਸ਼ ਵਿੱਚ ਈਦਾਂ ਤੈਂ ਗੁਜ਼ਾਰੀਆ।

**6.6 ਭਾਸ਼ਾ ਅਤੇ ਸ਼ੈਲੀ**-ਕਾਵਿਕ ਅਭਿਵਿਅਕਤੀ ਦਾ ਸਭ ਤੋਂ ਪ੍ਰਮੁੱਖ ਤੱਤ ਹੈ—ਭਾਸ਼ਾ। ਕਵਿਤਾ ਆਪਣੇ ਆਪ ਵਿੱਚ ਇਕ ਭਾਸ਼ਾ ਹੀ ਹੈ। ਆਈ. ਏ. ਰਿਚਰਡਜ਼ ਅਨੁਸਾਰ, "ਕਵਿਤਾ ਭਾਸ਼ਾ ਦੀ ਭਾਵਾਤਮਕ ਵਰਤੋਂ ਹੁੰਦੀ ਹੈ।' (It is the emotive use of language) ਕਾਵਿ-ਭਾਸ਼ਾ ਨੂੰ ਪਰਿਭਾਸ਼ਤ ਕਰਨਾ ਅਸੰਭਵ ਤਾਂ ਨਹੀਂ, ਪਰ ਮੁਸ਼ਕਲ ਜ਼ਰੂਰ ਹੈ। ਫਿਰ ਵੀ ਬਾਰਫੀਲਡ ਕਾਵਿ-ਭਾਸ਼ਾ ਦੀ ਇਕ ਸੁਚੱਜੀ ਵਿਆਖਿਆ ਕਰਦਿਆਂ ਲਿਖਦਾ ਹੈ, "ਜਦੋਂ ਸ਼ਬਦਾਂ ਨੂੰ ਇਸ ਤਰ੍ਹਾਂ ਚੁਣਿਆ ਅਤੇ ਨਿਯੋਜਿਤ ਕੀਤਾ ਜਾਏ ਕਿ ਉਨ੍ਹਾਂ ਦਾ ਅਰਥ-ਸੌਂਦਰਯ, ਤਾਤਵਿਕ ਕਲਪਨਾ ਨੂੰ ਜਾਗ੍ਰਤ ਕਰੇ ਜਾਂ ਜਾਗ੍ਰਤ ਕਰਨ ਦੀ ਕੋਸ਼ਿਸ ਕਰੇ ਤਾਂ ਇਸ ਚੋਣ ਅਤੇ ਨਿਯਜਨ ਦੇ ਪਰਿਣਾਮ ਨੂੰ ਕਾਵਿ-ਸ਼ੈਲੀ ਕਿਹਾ ਜਾ ਸਕਦਾ ਹੈ। ਸੋਹਣ ਕਾਦਰੀ ਦੀ ਕਵਿਤਾ 'ਬੂੰਦ ਤੇ ਸਮੁੰਦਰ' ਵਿੱਚ ਸ਼ਬਦਾਂ ਰਾਹੀਂ ਭਾਸ਼ਾ ਦਾ ਇਕ ਅਲੌਕਿਕ ਜਗਤ ਸਿਰਜਿਆ ਗਿਆ ਹੈ ਜਿਵੇਂ-

ਨਾਥ ਦੁਆਰੇ ਮਿੱਟੀ ਦੇ ਮਾਧੋ

ਮੈਂ ਮਿਟ ਗਈ, ਮਿੱਟੀ ਹੋ ਗਈ

ਸੰਜੋਗ ਹੋ ਗਿਆ ਵਿਜੋਗ ਗਿਆ

ਚਿੱਤ ਅਵੁਤਰਿਤ ਪ੍ਰਭੂ ਪਿਆਰਾ

ਜਿੰਦੂ ਚਿੱਤ ਦੁਚਿੱਤੀ ਹੋ ਗਈ

ਅੰਗ ਸੰਗ ਸਮੁੱਚੀ ਹੋ ਗਈ।

ਅੰਦਰ ਆਨੰਦ, ਬਾਹਰ ਸੰਸਾਰ

ਤਨ-ਮਈ, ਮਨ-ਮਈ ਸੂਤਰਧਾਰ

ਕਉ ਕੀ ਜ਼ਾਤ ਕੋ ਕਊ ਪਛਾਣੇ

ਸੂਘਮ ਸਰੀਰਕ, ਸੁਰਤਿ ਆਧਾਰ

ਏਧਰ ਰਹਿੰਦਿਆਂ, ਰਹੇ ਖੁਮਾਰ

ਇਕ ਤੇਜ ਤਿਆਗੇ, ਚੰਦ ਹਜ਼ਾਰ

ਮਹਾਂ ਮੰਤਰ 'ਕੈਵਲਿਯਾ' ਤੂੰ ਕੱਲ-ਮਕੱਲਾ,

ਮਹਾਂ ਯੰਤਰ ਇਹ ਬ੍ਰਹਮੰਡਾ

ਸੋ ਤੇਰੇ ਪਿੰਡ ਸਮਾਨਾ

ਸ਼ੈਲੀ ਤੱਤ ਨੂੰ ਵੀ ਕਾਵਿ ਅੰਦਰ ਮਹੱਤਵਪੂਰਨ ਸਥਾਨ ਪ੍ਰਾਪਤ ਹੈ। ਇਸ ਵਿੱਚ ਕਾਵਿ ਦੇ ਸਮੁੱਚੇ ਸੌਂਦਰਯ ਦਾ ਵਿਵੇਚਨ ਆ ਜਾਂਦਾ ਹੈ। ਵਿੱਚ ਯੋਗਦਾਨ ਪਾਉਣ ਵਾਲੇ ਸਾਰੇ ਤੱਤ ਸ਼ੈਲੀ ਵਿੱਚ ਆ ਜਾਂਦੇ ਹਨ। ਸ਼ੈਲੀ ਇਸ ਅਧਾਰ ਤੇ ਵੀ ਇਕ ਅਨਿਵਾਰੀ ਤੱਤ ਹੈ ਕਿ ਕਵੀ ਨੇ ਵਿਚਾਰ ਅਤੇ ਵਸਤੂ ਦੀ ਅਭਿਵਿਅਕਤੀ ਲਈ ਕਈ ਵਿਕਲਪਾਂ ਵਿੱਚੋਂ ਕਿਸੇ ਇਕ ਵਿਕਲਪ ਦੀ ਚੋਣ ਕੀਤੀ ਹੁੰਦੀ ਹੈ। ਕਵੀ ਦੀ ਸ਼ੈਲੀ ਦਾ ਪੱਧਰ ਹੀ ਉਸ ਦੀ ਕਵਿਤਾ ਦੀ ਪ੍ਰਸਿੱਧੀ ਦੇ ਪੱਧਰ ਦਾ ਜ਼ਾਮਨ ਬਣਦਾ ਹੈ।

'ਪਰਵਾਸੀ ਪੰਜਾਬੀ ਕਵਿਤਾ' ਵਿਚਲੇ ਹਰ ਕਵੀ ਦੀ ਆਪੋ-ਆਪਣੀ ਸ਼ੈਲੀ ਹੈ ਅਤੇ ਇਹ ਸਾਰੇ ਕਵੀ ਆਪਣੇ ਮੰਤਵ ਦੀ ਅਭਿਵਿਅਕਤੀ ਵਿੱਚ ਸਫਲ ਰਹੇ ਹਨ। ਵੇਖੋ:

ਦੋ ਵੇਲੇ

ਪਿੰਡ ਦੀ ਵਲਗਣ ਦਾ ਚੇਤਾ ਆਉਂਦਾ

ਤੜਕਸਾਰ

ਬੀਤੇ ਦਾ ਪੰਛੀ ਆਣ ਜਗਾਉਂਦਾ

ਕਬਰਾਂ ਵਰਗੀ ਚੁੱਪ ਪਹਾੜਾਂ ਵਾਂਗੂ ਦਿਸਦੀ (ਅਵਤਾਰ ਜੰਡਿਆਲਵੀ)

ਜਬ ਮਿਰੀ ਨੂੰ ਕੁਤਰਨ ਵਾਲਾ

ਸਾਉਲਾ ਹੈ, ਗੋਰਾ ਜਾਂ ਕਾਲਾ

ਧਰਮ ਉਸਦਾ ਮੇਰੇ ਵਾਲਾ ਹੈ ਜਾਂ ਵੱਖਰਾ

ਢਿੱਡ ਮਿਰੇ ਨੂੰ ਮੂਲੋਂ ਫਰਕ ਨਹੀਂ ਪੈਂਦਾ ਹੈ। (ਗੁਰਚਰਨ ਰਾਮਪੁਰੀ)

ਮੈਂ ਇਸ ਘਰ ਵਿੱਚ ਨਹੀਂ ਵੱਸਦਾ

ਸਗੋਂ ਇਹ ਘਰ ਮਿਰੇ ਅੰਦਰ

ਬੜੀ ਹੀ ਸ਼ਾਨ ਸ਼ੌਕਤ ਨਾਲ ਵੱਸਦਾ ਹੈ

ਇਹ ਘਰ ਮਾਲਕ ਮਿਰਾ, ਮੈਨੂੰ

ਬਰਖ਼ੁਰਦਾਰ ਨੌਕਰ ਵਾਂਗਰਾਂ ਸੇਵਾ 'ਚ ਰੱਖਦਾ ਹੈ। (ਇਕਬਾਲ ਰਾਮੂਵਾਲੀਆ)

**6.7 ਸਿੱਟਾ**—ਸਮੁੱਚੇ ਵਿਚਾਰ ਵਟਾਂਦਰੇ ਵਿੱਚੋਂ ਇਹ ਗੱਲ ਉਭਰ ਕੇ ਸਾਹਮਣੇ ਆਉਂਦੀ ਹੈ ਕਿ ਪਰਵਾਸੀ ਪੰਜਾਬੀ ਕਵੀਆਂ ਨੇ ਪਰਵਾਸ ਵਿੱਚ ਵਿਚਰਦਿਆਂ ਅਰਜਿਤ ਕੀਤੇ ਵਿਸ਼ਾਲ ਅਨੁਭਵ ਨੂੰ ਪ੍ਰਗਟਾਵਾ ਬੜੀ ਖ਼ੂਬੀ ਨਾਲ ਕੀਤਾ ਹੈ। ਉਨ੍ਹਾਂ ਦੀਆਂ ਰਚਨਾਵਾਂ ਵਿਚਲੇ ਬਿੰਬ, ਪ੍ਰਤੀਕ, ਅਲੰਕਾਰ, ਛੰਦ-ਯੋਜਨਾ, ਸੰਗੀਤ, ਲੈਅ, ਭਾਸ਼ਾ, ਸ਼ੈਲੀ ਆਦਿ ਤੱਤ ਭਰਪੂਰ ਮਾਤਰਾ ਵਿੱਚ ਆ ਕੇ ਇਨ੍ਹਾਂ ਦੇ ਕਲਾਤਮਕ ਪੱਖ ਨੂੰ ਉਭਾਰਦੇ ਹਨ।

# ਐੱਮ.ਏ. ਪੰਜਾਬੀ

## ਸਮੈਸਟਰ-ਤੀਸਰਾ

## ਪਰਵਾਸੀ ਪੰਜਾਬੀ ਸਾਹਿਤ

ਯੂਨਿਟ-7

ਸਵਰਨ ਚੰਦਨ: ਨਵੇਂ ਰਿਸ਼ਤੇ
ਨਵੇਂ ਰਿਸ਼ਤੇ:ਵਿਚਾਰਧਾਰਾਈ ਅਧਿਐਨ

7.1 ਸਵਰਨ ਚੰਦਨ: ਨਵੇਂ ਰਿਸ਼ਤੇ

7.1.1 ਨਾਵਲ: ਅਰਥ ਅਤੇ ਪਰਿਭਾਸ਼ਾ

7.1.2 ਨਾਵਲ: ਪ੍ਰਕਿਰਤੀ

7.1.3 ਸਿੱਟਾ

7.2 ਨਵੇਂ ਰਿਸ਼ਤੇ:ਵਿਚਾਰਧਾਰਾਈ ਅਧਿਐਨ

7.2.1 **ਜਾਗੀਰਦਾਰੀ ਮਾਨਸਿਕਤਾ ਦਾ ਦਵੰਦ**

7.2.2 **ਵਿਕਸਤ ਪੂੰਜੀਵਾਦੀ ਮਾਨਸਿਕਤਾ ਦਾ ਦਵੰਦ**

7.2.3 **ਬਰਤਾਨਵੀ ਪੰਜਾਬੀ ਸਰੋਕਾਰਾਂ ਦਾ ਦਵੰਦ**

7.2.4 ਸਿੱਟਾ

## 7.1 ਸਵਰਨ ਚੰਦਨ: ਨਵੇਂ ਰਿਸ਼ਤੇ

ਪਿਆਰੇ ਵਿਦਿਆਰਥੀਓ ! ਸਵਰਨ ਚੰਦਨ ਬਰਤਾਨਵੀ ਸਮਾਜ ਨੂੰ ਸਮੁੱਚਤਾ ਵਿਚ ਦੇਖਣ ਵਾਲਾ ਅਜਿਹਾ ਸਾਹਿਤਕਾਰ ਹੈ, ਜਿਸ ਨੇ ਆਪਣੀਆਂ ਸਾਹਿਤਕ ਕਿਰਤਾ ਵਿਚ ਬਰਤਾਨੀਆ ਰਹਿ ਰਹੇ ਪੰਜਾਬੀਆਂ ਦੀ ਮਾਨਸਿਕਤਾ ਅਤੇ ਉੱਥੋਂ ਦੇ ਸਮੁੱਚੇ ਤਾਣੇਬਾਣੇ ਨੂੰ ਵਿਅਕਤ ਕਰਨ ਦਾ ਜਤਨ ਕੀਤਾ ਹੈ। ਅਸੀਂ ਉਸਦੇ ਨਾਵਲ 'ਨਵੇਂ ਰਿਸ਼ਤੇ' ਦਾ ਵਿਚਾਰਧਾਰਾਈ ਅਧਿਐਨ ਕਰਨ ਤੋਂ ਪਹਿਲਾਂ ਨਾਵਲ ਵਿਧਾ ਬਾਰੇ ਮੁੱਢਲੀ ਜਾਣਕਾਰੀ ਹਾਸਿਲ ਕਰਾਂਗੇ।

### 7.1.1 ਨਾਵਲ: ਅਰਥ ਅਤੇ ਪਰਿਭਾਸ਼ਾ

'ਨਾਵਲ' ਸ਼ਬਦ 'ਨੋਵੇਲਾ' (Novella) ਤੋਂ ਉਪਜਿਆ ਹੈ, ਜਿਸ ਦੇ ਅਰਥ ਇਤਾਲਵੀ ਭਾਸ਼ਾ ਵਿੱਚ 'ਨਵੇਂ' ਦੇ ਹਨ। ਇਸ ਤੋਂ ਇਹ ਗੱਲ ਸਿੱਧ ਹੁੰਦੀ ਕਿ ਨਾਵਲ ਜਿੱਥੇ ਜ਼ਿੰਦਗੀ ਦੀ ਕਹਾਣੀ ਬਿਆਨ ਕਰਦਾ ਹੈ, ਉੱਥੇ ਇਸ ਵਿੱਚ ਨਵੀਨਤਾ ਦਾ ਹੋਣਾ ਲਾਜ਼ਮੀ ਹੈ।

ਨਾਵਲ ਧਬਦ ਦਾ ਮੂਲ ਧਾਤੂ ਇਟਾਲੀਅਨ ਸ਼ਬਦ ਨੌਵੇਲ (Novel) ਹੈ, ਜਿਸ ਦਾ ਅਰਥ ਨਵਾਂ ਜੋ ਅਨੋਖਾ ਹੈ, ਕਿਉਂਕਿ ਸਾਹਿਤ ਦਾ ਇਹ ਨਵਾਂ ਅੰਗ ਸੀ, ਜਿਸ ਵਿੱਚ ਕਵਿਤਾ, ਕਹਾਣੀ ਤੇ ਨਾਟਕ ਤਿੰਨਾਂ ਦਾ ਮਿਲਵਾ ਸੁਆਦ ਪ੍ਰਾਪਤ ਹੁੰਦਾ ਸੀ। ਇਸ ਲਈ ਇਸਨੂੰ ਨਵਾਂ ਸਮਝ ਕੇ ਨੋਵਲ ਕਿਹਾ ਗਿਆ।

ਡਾ. ਪ੍ਰਤਾਪ ਨਾਰਾਇਣ ਟੰਡਨ ਦੀ ਧਾਰਨਾ ਅਨੁਸਾਰ, "ਉਪਨਿਆਸ" ਸ਼ਬਦ ਮੂਲ ਰੂਪ ਵਿੱਚ ਸੰਸਕ੍ਰਿਤ ਭਾਸ਼ਾ ਦਾ ਹੈ। ਭਿੰਨ ਭਿੰਨ ਸੁੰਦਰਤਾ ਵਿੱਚ ਇਸ ਦੇ ਵੱਖ-ਵੱਖ ਅਰਥਾਂ ਦਾ ਵਰਣਨ ਸਾਹਿਤ ਵਿੱਚ ਮਿਲਦਾ ਹੈ। ਸਰ ਮੈਨੀਅਰ ਵਿਲੀਅਮਜ਼ ਦੇ ਪ੍ਰਸਿੱਧ ਸੰਸਕ੍ਰਿਤ-ਅੰਗਰੇਜ਼ੀ ਸ਼ਬਦ-ਕੋਸ਼ ਵਿੱਚ ਉਪਨਿਆਸ ਸਬ ਦੇ ਅਰਥ ਂਕਲਪਿਤ ਕਥੋ, 'ਰੀਕਥਾ', 'ਉਪਾਖਿਆਰਾ', 'ਆਖਿਆਨ', 'ਕੂਟਾਰਥ ਕਥਾ, 'ਕੂਟਾਰਥ ਪਾਖਿਆਨ', ਮਿਖਿਆ ਕਥਾ, ਅਤੇ ਪ੍ਰਬੰਧਨ ਕਲਪਨਾ ਦਿੱਤੇ ਗਏ ਹਨ। ਹਿੰਦੀ ਵਿੱਚ ਵੀ ਰਾਮ ਚੰਦਰ ਵਰਮਾ ਦੁਆਰਾ ਸੰਪਾਦਿਤ 'ਸੰਖਸ਼ਿਅਤ 'ਹਿੰਦੀ ਸ਼ਬਦ ਸਾਗਰ' ਉਪਨਿਆਸ ਦਾ ਅਰਥ ਹੈ 'ਉਹ ਕਾਲਪਨਿਕ ਗੱਦ ਕਥਾ ਜਿਸ ਵਿੱਚ ਵਾਸਤਵਿਕ ਜੀਵਨ ਵਿੱਚ ਮਿਲਦੇ-ਜੁਲਦੇ ਚਰਿੱਤਰਾਂ ਅਤੇ ਕਾਰਜਾਂ ਦਾ ਵਿਸਤ੍ਰਿਤ ਅਤੇ ਅਸੰਬੰਧ ਚਿਤਰਣ ਹੋਵੇ, ਰੁਮਾਂਚਕਾਰੀ ਕਾਰਜ ਦਾ ਅਜਿਹਾ ਹੀ ਚਿਤਰਣ, ਜਾਸੂਸੀ ਕਾਰਜ ਕਾਲ ਭਰਿਆ ਹੋਇਆ, ਅਜਿਹਾ ਹੀ ਚਿਤਰਣ ਉਪਕਰਣ ਬੰਧਨ ਹੈ। ਹਿੰਦੀ ਅਤੇ ਆਧੁਨਿਕ ਸਾਰੀਆ ਭਾਸ਼ਾਵਾਂ ਵਿੱਚ 'ਉਪਨਿਆਸ ਸ਼ਬਦ ਦਾ ਆਰੰਭ ਸੰਸਕ੍ਰਿਤ ਭਾਸ਼ਾ ਤੋਂ ਹੀ ਹੋਇਆ। ਕਿਹਾ ਜਾਂਦਾ ਹੈ ਕਿ ਨਾਵਲ ਇੱਕ ਲੰਬੀ ਕਹਾਣੀ ਹੈ। ਇਹ

ਉੱਤਰ ਨਾਵਲ ਦੇ ਸਾਰੇ ਲੱਛਣਾ ਨੂੰ ਆਪਣੇ ਆਪ ਵਿੱਚ ਸਮੇਟ ਨਹੀਂ ਸਕਦਾ। ਨਾਵਲ ਬਾਰੇ ਸੰਖੇਪ ਤੌਰ ਤੇ ਹੀ ਕਿਹਾ ਜਾ ਸਕਦਾ ਹੈ ਕਿ ਇਹ ਸਾਹਿਤ ਦਾ ਇਕ ਅਜਿਹਾ ਰੂਪ ਹੈ ਜਿਸ ਵਿੱਚ ਮਨੁੱਖੀ ਜੀਵਨ ਨਾਲ ਸੰਬੰਧਿਤ ਕੋਈ ਲੰਮੀ ਕਹਾਣੀ ਬਿਆਨ ਕੀਤੀ ਜਾਂਦੀ ਹੈ।

ਡਾ. ਗੁਰਚਰਨ ਸਿੰਘ ਦੀ ਧਾਰਨਾ ਅਨੁਸਾਰ , "ਨਾਵਲ ਨਿਰਾ ਇਤਿਹਾਸ, ਵਾਪਰਦੇ ਜਾਂ ਵਾਪਰਣ ਵਾਲੇ ਜਾਂ ਵਾਪਰ ਸਕਣ ਵਾਲੇ ਸਮਾਚਾਰ ਹੀ ਨਹੀਂ, ਨਾ ਹੀ ਇਹ ਘਟਨਾਵਾਂ ਦਾ ਬੇਤਰਤੀਬਾ ਸਮੂਹ ਹੀ ਹੈ, ਸਗੋਂ ਨਾਵਲ ਵਿੱਚ ਇੱਕ ਮੁੱਢ, ਮੱਧ ਅਤੇ ਅੰਤ ਵਾਲੀ ਪੱਕੀ ਸਕੂਲ ਵਾਲੀ ਕਹਾਣੀ ਦਾ ਹੋਣਾ ਜਰੂਰੀ ਹੈ। ਨਾਵਲ ਵਿੱਚ ਘਟਨਾਵਾਂ ਦੀ ਅਜਿਹੀ ਲੜੀ ਦਾ ਹੋਣਾ ਲਾਜ਼ਮੀ ਹੈ ਜੋ ਇਕ ਸ਼ਕਲਕਾਰ ਹਾਰ ਵਾਂਗ ਤਰਤੀਬ ਸਿਰ ਧਰੇਈਆਂ ਗਈਆਂ ਹੋਣ"।

ਕਿਹਾ ਜਾ ਸਕਦਾ ਹੈ ਕਿ ਇਹ ਸਾਹਿਤ ਦਾ ਇਕ ਅਜਿਹਾ ਰੂਪ ਹੈ, ਜਿਸ ਵਿੱਚ ਮਨੁੱਖ ਦੇ ਜੀਵਨ ਨਾਲ ਸੰਬੰਧਿਤ ਕੋਈ ਲੰਮੀ ਕਹਾਣੀ ਬਿਆਨ ਕੀਤੀ ਜਾਂਦੀ ਹੈ। ਇਹ ਕਹਾਣੀ ਲੇਖਕ ਆਪਣੇ ਸ਼ਬਦਾਂ ਵਿੱਚ ਕਹਿੰਦਾ ਹੈ। ਇਸ ਵਿੱਚ ਵਾਰਤਾਲਾਪ ਵੀ ਹੁੰਦੀ ਹੈ ਅਤੇ ਸਾਰਾ ਕੁਝ ਮਨੋਕਲਪਿਤ ਹੁੰਦਾ ਹੈ। ਇਸ ਲਈ ਇਸ ਨੂੰ ਗਲਪ ਸਾਹਿਤ ਕਿਹਾ ਜਾਂਦਾ ਹੈ। ਕਹਾਣੀ ਤੋਂ ਨਾਵਲ ਗਲਪ ਸਾਹਿਤ ਦੇ ਕੇਵਲ ਦੋ ਰੂਪ ਹਨ।

7.1.2 ਨਾਵਲ: ਪ੍ਰਕਿਰਤੀ

ਡਾ. ਸਵਿੰਦਰ ਸਿੰਘ ਲਿਖਦੇ ਹਨ, "ਨਾਵਲ ਦਾ ਰੂਪ ਸਮਾਜ ਵਿੱਚ ਮੱਧ ਸ਼੍ਰੇਣੀ ਦੇ ਉਭਰਨ ਨਾਲ ਵਿਕਸਿਤ ਹੋਇਆ। ਮਹਾਂਕਾਵਿ ਵਿੱਚ ਅਦੱਭੁਤ, ਮਹਾਨ, ਯੋਧਿਆਂ ਵਰਗੇ ਨਾਇਕ ਹੀ ਮਨੁੱਖ ਦੀ ਪਦਵੀ ਪ੍ਰਾਪਤ ਕਰ ਸਕਦੇ ਸਨ। ਮਹਾਂਕਾਵਿ ਵਿਚਲੇ ਨਾਇਕ ਦੀ ਸ਼ਖਸੀਅਤ ਨੂੰ ਵਧੇਰੇ ਕਰਕੇ ਸਮੂਹਿਕ ਰੂਪ ਵਿੱਚ ਪੇਸ਼ ਕੀਤਾ ਜਾਂਦਾ ਸੀ। ਨਾਇਕ ਦੀ ਖੁਸ਼ੀ ਜਾਂ ਗਮੀ ਸਾਰੀ ਬਰਾਦਰੀ ਜਾਂ ਬਹੁਤ ਭਾਈਚਾਰੇ ਦੀ ਖੁਸ਼ੀ ਜਾਂ ਗਮੀ ਵਿੱਚ ਪਲਟ ਜਾਂਦੀ ਸੀ। ਮਹਾਕਾਵਿ ਅਤੇ ਨਾਵਲ ਵਿੱਚ ਪ੍ਰਧਾਨਤਾ ਮੁੱਖ ਪਾਤਰ ਨੂੰ ਹੀ ਮਿਲਦੀ, ਫਰਕ ਕੇਵਲ ਇਤਨਾ ਹੈ ਕਿ ਮਹਾਕਾਵਿ ਨਾਇਕ ਦਾ ਗੌਰਵ ਵਿਸ਼ਾਲ ਸਮਾਜ ਪ੍ਰਤੀ ਹੋਣ ਕਾਰਨ, ਲੇਖਕ ਉਸ ਦੀ ਪਾਤਰ ਉਸਾਰੀ ਕਰਨ ਸਮੇਂ ਬਾਹਰਲੀ ਦ੍ਰਿਸ਼ਟੀ ਤੇ ਵਧੇਰੇ ਜ਼ੋਰ ਦਿੰਦਾ ਹੈ, ਪਰ ਨਾਵਲ ਵਿੱਚ ਮੁੱਖ ਪਾਤਰ ਨੂੰ ਸਮਾਜਿਕ ਘਟਨਾਵਾਂ ਤੇ ਸਥਿਤੀਆਂ ਦੇ ਸੰਦਰਭ ਵਿੱਚ ਰੱਖ ਕੇ ਉਸ ਦੇ ਅੰਦਰ ਝਾਤ ਪਾਉਣ ਲਈ ਨਾਵਲਕਾਰ ਅੰਦਰਲੀ ਦ੍ਰਿਸ਼ਟੀ ਦੀ ਵਿਧੀ ਨੂੰ ਅਪਨਾਉਂਦਾ ਹੈ।

ਰੈਲਫ਼ ਫ਼ਾਕਸ ਨੇ ਨਾਵਲ ਨੂੰ ਜੀਵਨ ਦਾ ਮਹਾਂ ਕਾਵਿ ਕਿਹਾ ਹੈ। ਰਿਚਰਡ ਬਰਟਨ ਇਸ ਨੂੰ ਸਮਕਾਲੀ ਜੀਵਨ ਦਾ ਗੱਦ ਵਿਚ ਰਚਿਆ ਅਧਿਐਨ ਮੰਨਦਾ ਹੈ। ਐਚ. ਜੀ. ਵੈਲਜ਼ ਨੇ ਨਾਵਲ ਨੂੰ

ਨੁਕਸਾਨ ਨਾ ਦੇਣ ਵਾਲਾ ਨਸ਼ਾ ਕਿਹਾ ਹੈ ਜਿਹੜਾ ਉਸ ਸਮੇਂ ਲਿਆ ਜਾਂਦਾ ਹੈ ਜਦੋਂ ਦਿਮਾਗ ਖਾਲੀ ਹੋਵੇ ਜਾਂ ਵਿਹਲਾ ਹੋਵੇ । ਸ੍ਰੀ ਸ਼ਿਵਦਾਨ ਸਿੰਘ ਚੋਹਾਨ ਨੇ ਨਾਵਲ ਨੂੰ ਸਾਹਿਤ ਦਾ ਨਵਾਂ ਅਤੇ ਸੰਸ਼ਲਿਸ਼ਟ ਰੂਪ-ਵਿਧਾਨ ਦੱਸਿਆ ਹੈ, ਜਿਸ ਦਾ ਖੇਤਰ ਅਤੇ ਸੰਭਾਵਨਾਵਾਂ ਸੀਮਾ ਰਹਿਤ ਹਨ। ਡਾ. ਸਤਿੰਦਰ ਨੇ ਇਸ ਨਵੇਂ ਯੁੱਗ ਦੀ ਨਵੀਂ ਅਭਿਵਿਅਕਤੀ ਦਾ ਨਵਾਂ ਸਰੂਪ ਕਿਹਾ ਹੈ। ਵੈਬਸਟਰ ਦੁਆਰਾ ਦਿੱਤੀ ਹੋਈ ਪਰਿਭਾਸ਼ਾ ਅਨੁਸਾਰ, "ਉਪਨਿਆਸ ਵਾਰਤਕ ਵਿੱਚ ਲਿਖੀ ਇੱਕ ਵੱਡੇ ਆਕਾਰ ਦੀ ਕਲਪਨਾ-ਭਰਪੂਰ ਕਹਾਣੀ ਹੁੰਦੀ ਹੈ, ਜਿਸ ਵਿੱਚ ਮਾਨਵ ਜੀਵ ਦੇ ਯਥਾਰਥਕ ਪੱਖ ਨੂੰ ਪ੍ਰਗਟਾਉਣ ਵਾਲੇ ਪਾਤਰਾਂ ਅਤੇ ਉਨ੍ਹਾਂ ਦੇ ਕਾਰਜਾਂ ਦਾ ਵਰਣਨ ਹੁੰਦਾ ਹੈ।" ਡਾ. ਸ਼ਿਆਮ ਸੁੰਦਰ ਦਾਸ ਅਨੁਸਾਰ, ਮਨੁੱਖ ਦੇ ਯਥਾਰਥਕ ਜੀਵਨ ਦੀ ਕਾਲਪਨਿਕ ਕਥਾ ਨੂੰ ਉਪਨਿਆਸ ਕਿਹਾ ਜਾਂਦਾ ਹੈ। ਬਾਬੂ ਗੁਲਾਬ ਰਾਏ ਦੇ ਵਿਚਾਰ ਵਿੱਚ, ਉਪਨਿਆਸ ਕਾਰਜਕਾਰਣ ਦੀ ਜੰਜੀਰ ਵਿੱਚ ਬੰਨ੍ਹਿਆ ਹੋਇਆ ਉਹ ਗੱਦ-ਕਥਾਨਕ ਹੈ, ਜਿਸ ਵਿੱਚ ਮੁਕਾਬਲਤਨ ਅਧਿਕ ਵਿਸਤਾਰ ਅਤੇ ਪੇਚੀਦਗੀ ਨਾਲ, ਵਾਸਤਵਿਕ ਜੀਵਨ ਦੀ ਨੁਮਾਇੰਦਗੀਕਰਨ ਵਾਲੇ ਵਿਅਕਤੀਆਂ ਨਾਲ ਸੰਬੰਧਿਤ ਵਾਸਤਵਿਕ ਕਲਪਨਿਕ ਘਟਨਾਵਾਂ ਰਾਹੀਂ, ਮਾਨਵ ਜੀਵਨ ਦੇ ਸੱਚ ਨੂੰ ਰਸਾਤਮਿਕ ਰੂਪ ਵਿੱਚ ਪ੍ਰਗਟਾਇਆ ਜਾਂਦਾ ਹੈ"।

ਡਾ. ਮੋਹਨ ਲਾਲ ਪੰਤ ਨੇ ਵੀ ਨਾਵਲ ਦੀ ਪ੍ਰਕਿਰਤੀ ਦੀ ਵਿਆਖਿਆ ਕੀਤੀ ਹੈ। ਉਹ ਲਿਖਦੇ ਹਨ, "ਉਪਨਿਆਸ ਜੀਵਨ ਦੀ ਪ੍ਰਤੀਤੀ ਹੈ। ਇਸ ਵਿਸ਼ਾਲ ਵਿਸ਼ਵ ਦੇ ਆਗਣ ਵਿੱਚ ਮਾਨਵ ਜੋ ਕੁੱਝ ਵੀ ਵੇਖਦਾ ਸੁਣਦਾ ਅਤੇ ਕਰਦਾ ਹੈ, ਉਹੀ ਉਸਦੇ ਜੀਵਨ ਦਾ ਚਿੰਨ ਹੈ। ਇਸ ਲਈ ਉਪਨਿਆਸ ਦੇ ਪੰਨਿਆ ਵਿੱਚ ਵੀ ਅੱਖੀਂ ਵੇਖਿਆ ਅਤੇ ਕੰਨੀ ਸੁਣਿਆ ਸੰਸਾਰ ਹੁੰਦਾ ਹੈ।

ਨਾਵਲ ਦੀ ਉਮਰ ਸਾਰੇ ਸੰਸਾਰ ਵਿੱਚ 530 ਸਾਲ ਤੋਂ ਵੱਧ ਨਹੀਂ ਤੇ ਭਾਰਤ ਵਿੱਚ ਤਾਂ ਇਹ ਕੇਵਲ 180 ਕੁ ਸਾਲ ਤੋਂ ਆਇਆ ਹੈ। ਜਦੋਂ ਲੇਖਕਾ ਨੂੰ ਮਹਿਸੂਸ ਹੋਇਆ ਕਿ ਉਹ ਜੋ ਕੁਝ ਸਾਹਿਤ ਵਿੱਚ ਲਿਖਣਾ ਚਾਹੁੰਦੇ ਹਨ ਉਹ ਕਵਿਤਾ ਅਤੇ ਕਥਾ, ਵਿਚ ਨਹੀਂ ਆਉਂਦਾ ਤਾਂ ਉਨ੍ਹਾਂ ਨਵੇਂ ਰੂਪ ਹੋਂਦ ਵਿੱਚ ਲਿਆਂਦੇ । ਸਭ ਕੁਝ ਨੂੰ ਬਿਆਨ ਕਰਨ ਲਈ ਪਹਿਲਾਂ ਵਾਰਤਕ ਆਧੁਨਿਕ ਰੂਪ ਵਿੱਚ ਹੋਂਦ ਵਿੱਚ ਲਿਆਂਦੇ। ਸਭ ਕੁਝ ਨੂੰ ਬਿਆਨ ਕਰਨ ਲਈ ਪਹਿਲਾ ਵਾਰਤਕ ਆਧੁਨਿਕ ਰੂਪ ਵਿੱਚ ਹੋਂਦ ਵਿੱਚ ਆਈ ਤੇ ਫਿਰ ਇਸੇ ਵਾਰਤਕ ਵਿੱਚ ਨਾਵਲ ਲਿਖੇ ਜਾਣ ਲੱਗੇ। ਉਸ ਤੋਂ ਬਾਅਦ ਨਿੱਕੀ ਕਹਾਣੀ ਦਾ ਜਨਮ ਹੋਇਆ।

ਨਾਵਲ ਦਾ ਆਕਾਰ ਕਿੰਨਾ ਹੋਣਾ ਚਾਹੀਦਾ ਹੈ, ਇਸ ਬਾਰੇ ਵੱਖ-ਵੱਖ ਵਿਚਾਰ ਮਿਲਦੇ ਹਨ। ਇਸ ਪੰਜ ਛੇ ਪੰਨਿਆਂ ਦੀ ਰਚਨਾ ਨੂੰ ਅਸੀਂ ਕਿਸੇ ਤਰਾਂ ਵੀ ਨਾਵਲ ਨਹੀਂ ਕਹਿ ਸਕਦੇ । ਕਈ ਨਾਵਲ 500 ਤੋਂ 1000 ਪੰਨਿਆਂ ਦੇ ਵੀ ਮਿਲਦੇ ਹਨ ਅਤੇ ਕਈਆਂ ਦਾ ਆਕਾਰ 100 ਪੰਨਿਆਂ ਤੱਕ ਹੀ ਹੁੰਦਾ ਹੈ ਫਾਰਸਟਰ ਨੇ ਨਾਵਲ ਦੇ ਆਕਾਰ ਬਾਰੇ ਕਿਹਾ ਹੈ ਕਿ ਇਹ ਘੱਟੋ-ਘੱਟ ਪੰਜਾਹ ਹਜਾਰ ਸ਼ਬਦਾਂ ਦਾ ਜਰੂਰ ਹੋਣਾ ਚਾਹੀਦਾ ਹੈ।

ਡਾ. ਪ੍ਰਤਾਪ ਨਰਾਇਣ ਟੰਡਨ ਨੇ ਇਸ ਪੱਖ ਉੱਪਰ ਵਿਚਾਰ ਕਰਦਿਆਂ ਇਹ ਕਿਹਾ ਹੈ ਕਿ ਉਪਨਿਆਸ ਅਤੇ ਕਥਾ ਸਾਹਿਤ ਦੇ ਹੋਰ ਰੂਪਾਂ ਦੇ ਵਿਕਾਸ ਨੂੰ ਦੇਖਣ ਤੇ ਇਸ ਗੱਲ ਦਾ ਪਤਾ ਲੱਗਦਾ ਹੈ ਕਿ ਇਹਨਾਂ ਦੋਹਾਂ ਵਿਚਕਾਰ ਇੱਕ ਮੁੱਖ ਅੰਤਰ ਯਥਾਰਥਕਤਾ ਦੀ ਦ੍ਰਿਸ਼ਟੀ ਤੋਂ ਮਿਲਦਾ ਹੈ। ਕਥਾ ਸਾਹਿਤ ਦੇ ਹੋਰ ਰੂਪਾਂ ਵਿੱਚ ਯਥਾਰਥ ਦੇ ਤੱਤ ਦਾ ਉਸ ਵਿੱਚ ਸਮਾਵੇਸ਼ ਨਹੀਂ ਮਿਲਦਾ ਜਿੰਨਾਂ ਕਿ ਉਪਨਿਆਸ ਵਿੱਚ ਮਿਲਦਾ ਹੈ। ਇਸ ਤੋਂ ਇਲਾਵਾ ਉਪਨਿਆਸ ਦੇ ਵਿਕਾਸ ਤੋਂ ਇਹ ਵੀ ਪਤਾ ਲਗਦਾ ਹੈ ਕਿ ਯਥਾਰਥਕ ਤੱਤ ਦੇ ਕਥਾ ਸਾਹਿਤ ਵਿੱਚ ਅਨੁਪਾਤ ਵਾਧੇ ਨਾਲ ਹੀ ਇਸ ਨਵੀਨ ਕਥਾ ਰੂਪ ਦਾ ਆਰੰਭ ਹੋਇਆ।"

ਇਵੇਂ ਹੀ ਡਾ. ਉੱਪਲ ਨੇ ਵੀ ਇੱਕ ਥਾਂ ਆਖਿਆ ਹੈ ਕਿ ਅਜੋਕੀ ਨਾਵਲ ਤਕਨੀਕ ਅਨੁਸਾਰ ਨਾਵਲ ਦਾ ਇੱਕ ਸੁਤੰਤਰ ਰੂਪ ਹੈ, ਜਿਸ ਵਿੱਚ ਪਾਤਰਾਂ ਦੀ ਮਾਨਸਿਕ ਹਾਲਤ, ਵਸਤੂ ਜਗਤ ਦੇ ਬਾਹਰਲੇ ਕਰਮਾਂ ਤੋਂ ਵੱਖਰੀ ਹੁੰਦੀ ਹੈ। ਭਾਵ ਵਸਤੂ ਜਗਤ ਦੀ ਵਾਸਤਵਿਕਤਾ ਨੂੰ ਨਾਵਲ ਵਿੱਚ ਥਾਂ ਲੈਣ ਸਮੇਂ ਯਥਾਰਥਵਾਦ ਦਾ ਰੂਪ ਗ੍ਰਹਿਣ ਕਰਨਾ ਪਏਗਾ।

**7.1.3 ਸਿੱਟਾ:** ਪਿਆਰੇ ਵਿਦਿਆਰਥੀਓ ! ਅਖ਼ੀਰ ਵਿੱਚ ਅਸੀਂ ਕਹਿ ਸਕਦੇ ਹਾਂ ਕਿ ਚੰਗਾ ਉਪਨਿਆਸਕਾਰ ਬਣਨ ਲਈ ਇਹ ਜ਼ਰੂਰੀ ਹੈ ਕਿ ਨਾਵਲਕਾਰ ਨੂੰ ਜੀਵਨ ਦੇ ਯਥਾਰਥ ਦਾ ਪਤਾ ਹੋਵੇ।ਪ੍ਰਸਿੱਧ ਨਾਵਲਕਾਰ ਹੈਨਰੀ ਜੇਮਜ ਨੇ ਵੀ ਇਸ ਗੱਲ ਉਪਰ ਜ਼ੋਰ ਦਿੱਤਾ ਹੈ। ਇਸ ਲਈ ਇਹ ਜ਼ਰੂਗੇ ਹੈ ਕਿ ਨਾਵਲਕਾਰ ਦੇ ਜੀਵਨ ਦਾ ਤਜਰਬਾ ਬਹੁਤ ਵਿਸ਼ਾਲ ਹੋਏ। ਜਦੋਂ ਨਾਵਲਕਾਰ ਦੀ ਜਾਣਕਾਰੀ ਦਾ ਘੇਰਾ ਵਿਸ਼ਾਲ ਨਹੀਂ ਹੋਵੇਗਾ, ਉਹ ਚੰਗਾ ਨਾਵਲਕਾਰ ਨਹੀ ਬਣ ਸਕਦਾ।

## 7.2 ਨਵੇਂ ਰਿਸ਼ਤੇ:ਵਿਚਾਰਧਾਰਾਈ ਅਧਿਐਨ

ਪਿਆਰੇ ਵਿਦਿਆਰਥੀਓ ! ਸਵਰਨ ਚੰਦਨ ਦੇ ਨਾਵਲ ਬਰਤਾਨੀਆ ਦੇ ਸਮਾਜ ਵਿਚ ਵਿਚਰ ਰਹੇ ਪੰਜਾਬੀਆਂ ਦੀ ਜਾਗੀਰਦਾਰੀ ਮਾਨਸਿਕਤਾ ਤੇ ਵਿਕਸਿਤ ਪੂੰਜੀਵਾਦੀ ਮਾਨਸਿਕਤਾ ਦਾ ਪ੍ਰਗਟਾਵਾ ਕਰਦੇ ਹਨ। ਉਸਦੇ ਨਾਵਲਾਂ ਵਿਚ ਇਨ੍ਹਾਂ ਦੋਵਾਂ ਮਾਨਸਿਕਤਾ ਵਿਚਕਾਰ ਦਵੰਦ ਉਦੋਂ ਪੈਦਾ ਹੁੰਦਾ ਹੈ, ਜਦੋਂ ਦੋਵਾ ਸਭਿਆਚਾਰਾਂ ਦਾ ਪ੍ਰਭਾਵ, ਇਕ ਟੱਕਰ ਦੇ ਰੂਪ ਵਿਚ ਸਾਹਮਣੇ ਆਉਣ ਲੱਗਦਾ ਹੈ। ਸਭਿਆਚਾਰਾਂ ਦੀ ਆਪਸੀ ਟੱਕਰ, ਜਿਸ ਤਣਾਅ ਨੂੰ ਪੈਦਾ ਕਰਦੀ ਹੈ, ਉਸ ਵਿਚ ਬਰਤਾਨਵੀ ਪੰਜਾਬੀ ਸਰੋਕਾਰਾਂ ਦੇ ਦਵੰਦ ਤੋਂ ਇਲਾਵਾ ਜਾਗੀਰਦਾਰੀ ਮਾਨਸਿਕਤਾ ਦੀਆਂ ਕਦਰਾਂ ਕੀਮਤਾਂ ਤੇ ਵਿਕਸਿਤ ਪੂੰਜੀਵਾਦੀ ਮਾਨਸਿਕਤਾ ਦੀਆਂ ਖੁੱਲ੍ਹਾਂ ਦੀ ਸਮੂਲੀਅਤ ਵੀ ਬਣੀ ਰਹਿੰਦੀ ਹੈ। ਇਸ ਤਰ੍ਹਾਂ ਸਵਰਨ ਚੰਦਨ ਬਰਤਾਨਵੀ ਸਮਾਜ ਦੇ ਇਨ੍ਹਾਂ ਮਸਲਿਆਂ ਨੂੰ ਵੱਖ ਵੱਖ ਕਰਕੇ ਨਹੀਂ ਵੇਖਦਾ ਬਲਕਿ ਇਨ੍ਹਾਂ ਮਸਲਿਆ ਨਾਲ ਜੁੜੇ ਸਮੁੱਚੇ ਤਾਏਬਾਏ ਪ੍ਰਤੀ ਆਲੋਚਨਾਤਮਕ ਦ੍ਰਿਸ਼ਟੀ ਆਪਣਾਉਂਦਾ ਹੋਇਆ, ਇਨਾ ਦਾ ਸਮੁੱਚਤਾ ਵਿਚ ਪ੍ਰਗਟਾਵਾ ਕਰਦਾ ਹੈ।

ਸਵਰਨ ਚੰਦਨ ਨੇ ਜਿੱਥੇ ਕਵਿਤਾ ਕਹਾਣੀ ਅਤੇ ਨਾਵਲ ਦੀ ਸਿਰਜਣਾ ਕੀਤੀ ਉੱਥੇ ਉਸ ਨੇ ਚਿੰਤਨ ਦੇ ਖੇਤਰ ਵਿਚ ਵੀ ਭਰਵਾਂ ਯੋਗਦਾਨ ਪਾਇਆ ਹੈ। ਉਸ ਦੇ ਨਾਵਲਾਂ ਵਿਚ ਇਸ ਯੋਗਦਾਨ ਕਾਰਨ ਹੀ ਆਪ-ਮੁਹਾਰੇ ਅਜਿਹੀ ਦ੍ਰਿਸ਼ਟੀ ਅਖ਼ਤਿਆਰ ਹੋਈ ਹੈ, ਜਿਹੜੀ ਨਾਵਲਾਂ ਦੀ ਪੇਸ਼ਕਾਰੀ ਤੇ ਘਟਨਾ ਕ੍ਰਮ ਵਿਚ ਆਲੋਚਨਾਤਮਕ ਪ੍ਰਭਾਵ ਦਾ ਬੋਧ ਕਰਾਉਂਦੀ ਹੈ। ਸਵਰਨ ਚੰਦਨ ਨੇ ਨਵੇਂ ਰਿਸ਼ਤੇ, ਕੱਚੇ ਘਰ, ਕਦਰਾਂ ਕੀਮਤਾਂ, ਸਤਰੰਜ, ਸਮਾਂ, ਕੰਜਕਾਂ, ਉਜਾੜਾ, ਤਸਦੀਕ, ਰੋਹ ਵਿਦਰੋਹ ਆਦਿ ਨਾਵਲਾਂ ਦੀ ਰਚਨਾ ਕੀਤੀ ਹੈ। ਇਨ੍ਹਾਂ ਨਾਵਲਾਂ ਵਿਚ ਸਵਰਨ ਚੰਦਨ ਨੇ ਬਰਤਾਨਵੀ ਪੰਜਾਬੀ ਸਰੋਕਾਰਾਂ ਦੇ ਦਵੰਦ ਦੇ ਨਾਲ-ਨਾਲ ਜਾਗੀਰਦਾਰੀ ਤੇ ਵਿਕਸਿਤ ਪੂੰਜੀਵਾਦੀ ਮਾਨਸਿਕਤਾ ਦੇ ਦਵੰਦ ਨੂੰ ਵੀ ਪੇਸ਼ ਕੀਤਾ ਹੈ। ਉਸ ਦੇ ਨਾਵਲਾਂ ਦੀ ਸਭ ਤੋਂ ਵੱਡੀ ਵਿਲੱਖਣਤਾ, ਪਾਠਕਾਂ ਨੂੰ ਸਮੱਸਿਆ ਦੇ ਨਾਲ-ਨਾਲ ਉਸਦੇ ਸਮਾਧਾਨ ਵੱਲ ਲੈ ਕੇ ਜਾਣਾ ਹੈ। ਇਸ ਵਿਲੱਖਣਤਾ ਦਾ ਪ੍ਰਭਾਵ ਸਵਰਨ ਚੰਦਨ ਦੇ ਸਾਰੇ ਨਾਵਲਾਂ ਵਿਚ ਦੇਖਿਆ ਜਾ ਸਕਦਾ ਹੈ।

### 7.2.1 ਜਾਗੀਰਦਾਰੀ ਮਾਨਸਿਕਤਾ ਦਾ ਦਵੰਦ

ਸਵਰਨ ਚੰਦਨ 1980 ਈ. ਵਿਚ 'ਨਵੇਂ ਰਿਸ਼ਤੇ' ਨਾਵਲ ਰਾਹੀਂ ਨਾਵਲ ਸਿਰਜਣਾ ਦੇ ਸਫ਼ਰ ਦੀ ਸ਼ੁਰੂਆਤ ਕਰਦਾ ਹੈ। ਉਸ ਦੇ ਇਸ ਸਫ਼ਰ ਵਿਚ ਸਮੇਂ ਸਮੇਂ ੋਤੇ ਭਾਰਤੀ ਜਾਗੀਰਦਾਰੀ ਮਾਨਸਿਕਤਾ ਦਾ ਪ੍ਰਭਾਵ ਵੀ ਨਜ਼ਰ ਆਉਂਦਾ ਹੈ। ਇਹ ਪ੍ਰਭਾਵ ਭਾਰਤ ਤਕ ਹੀ ਸੀਮਤ ਨਹੀਂ ਰਹਿੰਦਾ ਬਲਕਿ ਬਰਤਾਨੀਆ ਵਰਗੇ ਵਿਕਸਿਤ ਪੂੰਜੀਵਾਦੀ ਮਾਨਸਿਕਤਾ ਦੇ ਧਾਰਨੀ ਮੁਲਕ ਵਿਚ ਵੀ

ਬਰਕਰਾਰ ਰਹਿੰਦਾ ਹੈ। ਜਾਗੀਰਦਾਰੀ ਮਾਨਸਿਕਤਾ ਦਾ ਇਹ ਪ੍ਰਭਾਵ ਤਮਾਮ ਉਨ੍ਹਾਂ ਅਨੁਸਾਸਨਾਂ ਨੂੰ ਕਿਰਿਆਸ਼ੀਲ ਰੱਖਦਾ ਹੈ ਜਿਨ੍ਹਾਂ ਦਾ ਸੰਬੰਧ ਹਾਸੀਆਗਤ ਧਿਰਾਂ ਨੂੰ ਦਬਾਉਣ ਨਾਲ ਹੈ। ਜਾਗੀਰਦਾਰੀ ਮਾਨਸਿਕਤਾ ਨੇ ਆਪਣੇ ਤੋਂ ਨੀਵੇਂ ਵਰਗ ਨੂੰ ਦਬਾਉਣ ਤੇ ਆਪਣਾ ਦਬਦਬਾ ਕਾਇਮ ਰੱਖਣ ਦਾ ਰਵੱਈਆ ਸਦੀਆਂ ਤੋਂ ਅਪਣਾਈ ਰੱਖਿਆ ਹੈ। ਜਾਗੀਰਦਾਰੀ ਮਾਨਸਿਕਤਾ ਦੇ ਇਸ ਰਵੱਈਏ ਪਿੱਛੇ ਇਕ ਅਜਿਹਾ ਡਰ ਕਾਰਜਸ਼ੀਲ ਰਹਿੰਦਾ ਹੈ, ਜਿਹੜਾ ਉਸਨੂੰ ਆਪਣੇ ਖੋਖਲੇ ਦਬਦਬਾ ਦੇ ਖ਼ਾਤਮੇ ਪ੍ਰਤੀ ਚਿੰਤਤ ਕਰਦਾ ਹੈ।

ਸਵਰਨ ਚੰਦਨ ਦਾ ਨਾਵਲ 'ਨਵੇਂ ਰਿਸ਼ਤੇ' ਜਾਗੀਰਦਾਰੀ ਮਾਨਸਿਕਤਾ ਦੀ ਬੁਨਿਆਦ ਉੱਤੇ ਚਾਨਣਾ ਪਾਉਂਦਾ ਹੈ। ਜਾਗੀਰਦਾਰੀ ਮਾਨਸਿਕਤਾ ਜਾਗੀਰੂ ਸਮਾਜ ਦੇ ਉਸ ਤਾਣੇਬਾਣੇ ਵਿਚੋਂ ਪੈਦਾ ਹੋਈ ਹੈ, ਜਿਸ ਤਾਣੇਬਾਣੇ ਦਾ ਆਰਥਿਕ ਢਾਂਚਾ ਮਰਦਾਂ ਦੇ ਅਧੀਨ ਹੈ। ਭਾਰਤ ਦੀ ਆਰਥਿਕਤਾ ਉੱਤੇ ਮਰਦਾਂ ਦੇ ਕੰਟਰੋਲ ਨੇ ਇਕ ਅਜਿਹੀ ਮਾਨਸਿਕਤਾ ਨੂੰ ਪੈਦਾ ਕੀਤਾ ਜਿਸ ਨੇ ਭਾਰਤ ਨੂੰ ਮਰਦ ਪ੍ਰਧਾਨ ਸਮਾਜ ਵਜੋਂ ਪਰਿਭਾਸ਼ਤ ਕਰਨਾ ਸ਼ੁਰੂ ਕੀਤਾ। ਇਸ ਮਰਦ ਪ੍ਰਧਾਨ ਸਮਾਜ ਨੇ ਔਰਤ ਲਈ ਤੰਗਦਿਲੀ ਤੇ ਸੰਕੀਰਣ ਰਵੱਈਆ ਅਪਣਾਇਆ ਹੈ। ਅਜਿਹਾ ਰਵੱਈਆ ਜਿਸ ਨੇ ਔਰਤ ਨੂੰ ਇਕ ਜਾਇਦਾਦ ਸਮਝ, ਘਰ ਦੀ ਚਾਰ ਦਿਵਾਰੀ ਤਕ ਹੀ ਸੀਮਤ ਕਰ ਦਿੱਤਾ ਹੈ। ਔਰਤ ਦੇ ਚਾਅ, ਖੁਸ਼ੀਆਂ, ਭਾਵਨਾਵਾਂ ਆਦਿ ਨੂੰ ਦੱਬ ਕੇ ਤਮਾਮ ਉਨ੍ਹਾਂ ਅਧਿਕਾਰਾਂ ਤੋਂ ਵਾਂਝਾ ਕੀਤਾ ਜਿਨ੍ਹਾਂ ਰਾਹੀਂ ਔਰਤ ਵੀ ਸਮਾਜ ਦੀ ਸਤਿਕਾਰਤ ਹਸਤੀ ਬਣ ਸਕੇ ਅਤੇ ਉਹ ਵੀ ਮਰਦਾਂ ਵਾਂਗ ਖੁੱਲ ਤੇ ਆਜ਼ਾਦੀ ਮਾਣਦੀ ਸਮਾਜ ਵਿਚ ਵਿਚਰ ਸਕੇ। ਜਾਗੀਰੂ ਰੁਚੀਆਂ ਵਾਲੇ ਮਰਦ ਜਦੋਂ ਬਰਤਾਨੀਆ ਵਰਗੇ ਵਿਕਸਿਤ ਪੂੰਜੀਵਾਦੀ ਮੁਲਕ ਵਿਚ ਰਹਿਣ ਬਸੇਰਾ ਸਥਾਪਿਤ ਕਰਦੇ ਹਨ ਤਾਂ ਵੀ ਉਹ ਆਪਣੀ ਜਾਗੀਰੂ ਮਾਨਸਿਕਤਾ ਦਾ ਤਿਆਗ ਨਹੀਂ ਕਰਦੇ, ਇਹ ਮਾਨਸਿਕਤਾ ਵੀ ਉਨ੍ਹਾਂ ਦੇ ਨਾਲ ਹੀ ਜਾਂਦੀ ਹੈ। ਇਸ ਸੰਬੰਧੀ ਸਵਰਨ ਚੰਦਨ ਦੇ ਨਾਵਲ 'ਨਵੇਂ ਰਿਸ਼ਤੇ ਵਿਚ ਪੇਸ਼ ਇਕ ਘਟਨਾ ਸਾਹਮਣੇ ਆਉਂਦੀ ਹੈ ਜਿਵੇਂ :

> "ਖਾਸ ਕਰ ਕੇ ਭਾਰਤ ਵਰਗੇ ਦੇਸ਼ ਵਿਚ ਜਿਥੇ ਪੈਦਾਵਾਰੀ ਦੇ ਸਾਰੇ ਸਾਧਨ ਮਰਦ ਦੇ ਹੱਥਾਂ ਵਿਚ ਸਨ, ਔਰਤ ਵੀ ਉਹਦੇ ਲਈ ਆਮ ਜਾਇਦਾਦਾ ਵਾਙ ਇਕ ਜਾਇਦਾਦ ਹੀ ਸੀ। ਸਮਾਜਕ ਅਜ਼ਾਦੀ ਦਾ ਸਿੱਧਾ ਨਾਤਾ ਹਮੇਸ਼ਾ ਆਰਥਕਤਾ ਨਾਲ ਹੀ ਹੁੰਦਾ ਹੈ। ਏਸ ਆਰਥਕਤਾ ਦਾ ਧੁਰਾ ਸਦੀਆਂ ਤੋਂ ਮਰਦ ਚਲਿਆ ਆ ਰਿਹਾ ਸੀ। ਜਦੋਂ ਇਹ ਮਰਦ ਭਾਰਤ

ਦਾ ਆਲਾ ਦੁਆਲਾ ਛੱਡ ਕੇ ਬਾਹਰਲੇ ਦੇਸ਼ਾਂ ਵਿਚ ਚਲਿਆ ਗਿਆ ਤਾਂ ਉਹਦੀ ਇਹ ਜਗੀਰਦਾਰੀ ਸੋਚ ਵੀ ਉਹਦੇ ਨਾਲ ਹੀ ਗਈ।"

ਜਾਗੀਰਦਾਰੀ ਮਾਨਸਿਕਤਾ ਭਾਰਤੀ ਜਾਤੀ ਪ੍ਰਬੰਧ ਦੀ ਵੀ ਪੂਰੀ ਤਰ੍ਹਾਂ ਪਾਲਣਾ ਕਰਦੀ ਹੈ। ਇਸ ਜਾਤੀ ਪ੍ਰਬੰਧ ਵਿਚ ਗਿਰਦਾਨੀਆਂ ਨੀਵੀਂਆਂ ਜਾਤਾਂ ਉਦੋਂ ਵਧੇਰੇ ਹੀਣਤਾ ਦਾ ਭਾਵ ਮਹਿਸੂਸ ਕਰਦੀਆਂ ਹਨ ਜਦੋਂ ਜਾਗੀਰਦਾਰੀ ਮਾਨਸਿਕਤਾ ਦੀ ਕਿਰਿਆਸ਼ੀਲਤਾ ਜਾਤੀ ਵਖਰੇਵਿਆਂ ਨੂੰ ਆਪ-ਮੁਹਾਰੇ ਹੀ ਜ਼ਿੰਦਗੀ ਦਾ ਹਿੱਸਾ ਬਣਾ ਦਿੰਦੀ ਹੈ। ਇਹ ਜਾਤੀ ਵਖਰੇਵੇਂ ਜਾਗੀਰਦਾਰੀ ਸਮਾਜ ਦਾ ਪੱਖ ਤਾਂ ਜ਼ਰੂਰ ਪੂਰਦੇ ਹਨ ਪਰੰਤੂ ਇਸ ਅਸਭਿਅਕ ਵਰਤਾਰੇ ਨੇ ਮਾਨਵੀ ਜੀਵਨ ਵਿਚ ਅਨੇਕ ਮੁਸ਼ਕਿਲਾਂ ਤੇ ਚੁਣੌਤੀਆਂ ਵੀ ਪੈਦਾ ਕੀਤੀਆਂ, ਜਿਸ ਵਿਚੋਂ ਮਾਨਸਿਕ ਤਣਾਅ ਉਤਪੰਨ ਹੁੰਦਾ ਹੈ। ਇਹ ਮਾਨਸਿਕ ਤਣਾਅ ਸਮਾਜ ਨੂੰ ਪ੍ਰਗਤੀ ਵੱਲ ਨਹੀਂ ਲਿਜਾਅ ਸਕਦਾ। ਇਸ ਲਈ ਜਾਤੀ ਪ੍ਰਬੰਧ ਦੇ ਇਸ ਨਾਕਾਰਾਤਮਕ ਪ੍ਰਭਾਵ ਤੋਂ ਜਦੋਂ ਬਰਤਾਨੀਆ ਗਏ ਪੰਜਾਬੀ ਵੀ ਨਿਜਾਤ ਨਹੀਂ ਹੋਏ ਤਾਂ ਉੱਥੇ ਇਸ ਵਰਤਾਰੇ ਪ੍ਰਤੀ ਹੀਣਤਾ ਦਾ ਭਾਵ ਪੈਦਾ ਹੁੰਦਾ ਹੈ। ਕਿਉਂਕਿ ਜੋ ਪੰਜਾਬੀ ਭਾਰਤ ਵਿਚ ਆਪਣੇ ਤੋਂ ਨੀਵੀਂਆਂ ਜਾਤਾਂ ਨਾਲ ਵਿਤਕਰਾ ਕਰਦੇ ਸਨ, ਉੱਥੇ ਉਨ੍ਹਾਂ ਨਾਲ ਵੀ ਉਹ ਹੀ ਵਿਤਕਰਾ 'ਨਸਲੀ ਵਿਤਕਰੇ ਦੇ ਰੂਪ ਵਿਚ ਹੋਣਾ ਸ਼ੁਰੂ ਹੁੰਦਾ ਹੈ। ਇਸ ਨਸਲੀ ਵਿਤਕਰੇ ਦਾ ਸ਼ਿਕਾਰ ਹੋਏ ਪੰਜਾਬੀਆਂ ਵਿਚ ਜਾਤੀ ਵਿਤਕਰੇ ਦਾ ਭਾਵ ਘਟਨਾ ਸ਼ੁਰੂ ਹੋਇਆ। ਸਵਰਨ ਚੰਦਨ ਦੇ ਨਾਵਲ 'ਨਵੇਂ ਰਿਸ਼ਤੇ' ਦੀ ਨੀਵੀਂ ਜਾਤੀ ਨਾਲ ਸੰਬੰਧਿਤ ਨਾਰੀ ਪਾਤਰ ਵੀਰੋ ਜਦੋਂ ਬਰਤਾਨੀਆ ਵਿਚ ਗੁਰਜੀਤ ਸਿੰਘ ਨੂੰ ਮਿਲਦੀ ਹੈ ਤਾਂ ਉਨ੍ਹਾਂ ਦੋਵਾਂ ਵਿਚ ਬਿਨਾਂ ਜਾਤੀ ਭੇਦ ਭਾਵ ਕੀਤਿਆਂ ਵਾਰਤਾਲਾਪ ਹੁੰਦੀ ਹੈ। ਇਸ ਵਾਰਤਾਲਾਪ ਦੌਰਾਨ ਵੀਰੋ ਨੂੰ ਅਚਾਨਕ ਆਪਣਾ ਪਿਛੋਕੜ ਯਾਦ ਆਉਦਾ ਹੈ। ਜਿਸ ਦਾ ਸੰਬੰਧ ਭਾਰਤੀ ਜਾਗੀਰਦਾਰੀ ਮਾਨਸਿਕਤਾ ਦੁਆਰਾ ਪੈਦਾ ਹੋਈਆਂ ਉਨ੍ਹਾਂ ਪ੍ਰਸਥਿਤੀਆਂ ਨਾਲ ਹੈ, ਜਿਨ੍ਹਾਂ ਕਰਕੇ ਜਾਤ-ਪਾਤੀ ਵਖਰੇਵੇਂ ਆਪਣਾ ਪ੍ਰਚੰਡ ਰੂਪ ਧਾਰਦੇ ਹਨ। ਇਸ ਬਾਰੇ ਵੀਰੋਂ, ਜਗਜੀਤ ਸਿੰਘ ਨੂੰ ਦੱਸਦੀ ਹੈ ਕਿ

"ਇਕ ਵੇਰੀ ਮੈਂ ਤਿਹਾਡੇ ਘਰੋਂ ਲੈਸੀ ਲੈਣ ਗਈ। ਮੇਰਾ ਗੜਵਾ ਬੇਬੇ ਦੇ ਗੜਵੇ ਨੂੰ ਲੱਗ ਗਿਆ—ਰਾਈ ਨੇ ਥਾਂ ਤੇ ਈ ਭੰਨ ਦਿਤਾ। ਅਖੌ ਭਿੱਟਿਆ ਗਿਆ। ਜੇ ਉਹਨੂੰ ਪਤਾ ਲੱਗ ਗਿਆ ਬਈ ਤੂੰ ਸਾਡੀ ਪਰਾਤ ੇਚ ਖਾਧਾ ਇਆ ਫੇਰ ਕੀ ਬਣੂ"।

ਭਾਰਤ ਵਿਚ ਜਿੱਥੇ ਜਾਤੀ ਪ੍ਰਬੰਧ ਸਿਖ਼ਰਾਂ ਨੂੰ ਛੂੰਹਦਾ ਹੈ ਉੱਥੇ ਬਰਤਾਨੀਆ ਵਿਚ ਇਹ ਪ੍ਰਭਾਵ ਨਾ ਮਾਤਰ ਹੀ ਰਹਿ ਜਾਂਦਾ ਹੈ। ਇਸ ਪਿੱਛੇ ਸਭ ਤੋਂ ਵੱਡਾ ਕਾਰਨ ਬਰਤਾਨੀਆ ਦੀ ਵਿਕਸਿਤ

ਪੂੰਜੀਵਾਦੀ ਮਾਨਸਿਕਤਾ ਹੈ। ਇਸ ਮਾਨਸਿਕਤਾ ਨੇ ਜਾਗੀਰਦਾਰੀ ਮਾਨਸਿਕਤਾ ਅੱਗੇ ਵਿਰੋਧਾਤਮਕ ਵਾਤਾਵਰਨ ਉਸਾਰਿਆ ਹੈ। ਇਹ ਵਾਤਾਵਰਨ ਹੀ ਮਨੁੱਖ ਦੀ ਜਾਗੀਰੂ ਸੋਚ ਨੂੰ ਤਾੜ ਤਾੜ ਕਰਦਾ ਹੈ ਤੇ ਵਿਕਸਿਤ ਪੂੰਜੀਵਾਦੀ ਮਾਨਸਿਕਤਾ ਨੂੰ ਬੜਾਵਾ ਦਿੰਦਾ ਹੈ। ਜਿਵੇਂ ਬਰਤਾਨੀਆ ਦੀ ਵਿਕਸਿਤ ਪੂੰਜੀਵਾਦੀ ਮਾਨਸਿਕਤਾ ਦੇ ਪ੍ਰਭਾਵ ਨੂੰ ਗ੍ਰਹਿਣ ਕਰਨ ਵਾਲਾ ਗੁਰਜੀਤ ਸਿੰਘ ਕਹਿੰਦਾ ਹੈ ਕਿ :

"ਜਾਤ ਜੂਤ ਨਾ ਕੀ ਫਰਕ ਪੈਂਦੇ ਇਆ—ਪੈਹੇ ਦੀ ਜਾਤ ਸਭ ਤੋਂ ਉੱਚੀ ਹੁੰਦੀ ਐ"।

ਸਵਰਨ ਚੰਦਨ ਦਾ ਨਾਵਲ ਜਾਗੀਰਦਾਰੀ ਮਾਨਸਿਕਤਾ ਦਾ ਹੀ ਪ੍ਰਗਟਾਵਾ ਨਹੀਂ ਕਰਦਾ ਬਲਕਿ ਉਸਦੇ ਨਾਵਲ ਇਸ ਮਾਨਸਿਕਤਾ ਦੇ ਪਿਛੋਕੜ ਨਾਲ ਜੁੜੀਆਂ ਤੰਦਾਂ ਨੂੰ ਵੀ ਸਪੱਸ਼ਟ ਕਰਦੇ ਹਨ। ਜਾਗੀਰਦਾਰੀ ਮਾਨਸਿਕਤਾ ਦੀਆਂ ਇਹ ਤੰਦਾਂ ਕ੍ਰਿਸਟ, ਅਸਭਿਅਕ ਤੇ ਮਾਨਸਿਕ ਗ਼ੁਲਾਮੀ ਨਾਲ ਜੁੜੀਆਂ ਹੋਈਆਂ ਹਨ। ਸਵਰਨ ਚੰਦਨ ਦਾ ਨਾਵਲ 'ਨਵੇਂ ਰਿਸ਼ਤੇ' ਬਰਤਾਨਵੀ ਤੇ ਭਾਰਤੀ ਸਮਾਜ ਦੀ ਤੁਲਨਾ ਰਾਹੀਂ ਪੰਜਾਬੀਆਂ ਦੀ ਜਾਗੀਰਦਾਰੀ ਮਾਨਸਿਕਤਾ ਨੂੰ ਬਿਆਨ ਕਰਦਾ ਹੈ। ਨਾਵਲ ਦੇ ਮਾਧਿਅਮ ਰਾਹੀਂ ਸਵਰਨ ਚੰਦਨ ਦੀ ਇਸ ਬਿਆਨਬਾਜ਼ੀ ਵਿਚ ਕੌਮੀ ਕਿਰਦਾਰ ਸੰਬੰਧੀ ਵਿਸ਼ੇਸ਼ ਟੀਕਾ ਟਿੱਪਣੀ ਹੁੰਦੀ ਹੈ। ਇਹ ਕੌਮੀ ਕਿਰਦਾਰ ਹੀ ਅਸਲ ਵਿਚ ਸਭਿਅਕ ਸਮਾਜ ਦੀ ਜਿੰਦ ਜਾਨ ਹੁੰਦੇ ਹਨ। ਇਸ ਲਈ ਸਵਰਨ ਚੰਦਨ ਪੰਜਾਬੀਆਂ ਦੀ ਜਾਗੀਰਦਾਰੀ ਮਾਨਸਿਕਤਾ ਨੂੰ ਬਿਆਨ ਕਰਦਿਆਂ ਜਿੱਥੇ ਬਰਤਾਨੀਆ ਦੀ ਸਮਾਜਿਕ ਤੇ ਆਰਥਿਕ ਦਸ਼ਾ ਵਿਚ ਹੋਈ ਪ੍ਰਗਤੀ ਦਾ ਜਿਕਰ ਕਰਦਾ ਹੈ ਉੱਥੇ ਭਾਰਤੀ ਸਮਾਜ ਵਿਚ ਇਸ ਦੀ ਘਾਟ ਪਿੱਛੇ ਜਾਗੀਰਦਾਰੀ ਮਾਨਸਿਕਤਾ ਵਿਚ ਜਕੜੀ ਸੰਕੀਰਨ ਤੇ ਭ੍ਰਿਸ਼ਟ ਸੋਚ ਨੂੰ ਵਿਅਕਤ ਕਰਦਾ ਹੈ। ਜਿਵੇਂ :

> "ਗੱਲ ਭਾਈ ਮੌਸਮ ਜਾਂ ਦੇਸ ਦੀ ਨਹੀਂ ਹੁੰਦੀ—ਰਾਸ਼ਟਰੀ ਕਿਰਦਾਰ ਦੀ ਹੁੰਦੀ ਆ। ਸਾਡੇ ਲੋਕਾਂ ਦਾ ਇਖ਼ਲਾਕ ਈ ਮਾੜਾ ਇਆ। ਸਵੇਰੇ-ਸਵੇਰੇ ਥੜ੍ਹਿਆ ਤੇ ਅਖ਼ਬਾਰਾਂ ਦੇ ਢੇਰ ਨੀ ਲੱਗੇ ਹੁੰਦੇ। ਗੋਰੇ ਅਖਬਾਰ ਚੁਕਦੇ ਤੇ ਪੈਸੇ ਬਕਸੇ 'ਚ ਸੁਟ ਕੇ ਚਲੇ ਜਾਂਦੇ ਆ। ਮਜਾਲ ਐ ਕੋਈ ਬਿਨਾ ਪੈਸੇ ਪਾਇਆ ਅਖਬਾਰ ਚੁਕ ਚਲਿਆ ਜਾਏ। ਇਹ ਆ ਕੌਮੀ ਕਿਰਦਾਰ ਜਾਹ ਖਾਂ ਜੋ ਸਾਡੇ ਦੇਸ਼ 'ਚ ਕਈ ਸਦੀਆਂ ਤਾਈਂ ਪੈਦਾ ਹੋ ਜਾਏ। ਹੇਰਾਫੇਰੀ ਤਾਂ ਸਾਡੇ ਲਹੂ 'ਚ ਵੜੀ ਹੋਈ ਇਆ"।

ਸਵਰਨ ਚੰਦਨ ਦੇ ਨਾਵਲ ਵਿਚ ਨਾਰੀ ਪ੍ਰਤੀ ਸਥਾਪਿਤ ਹੋਈ ਜਾਗੀਰਦਾਰੀ ਮਾਨਸਿਕਤਾ ਦਾ ਪ੍ਰਗਟਾਵਾ ਵੀ ਮਿਲਦਾ ਹੈ। ਵਰਤਮਾਨ ਯੁੱਗ ਵਿਚ ਵਿਕਸਿਤ ਪੂੰਜੀਵਾਦੀ ਮਾਨਸਿਕਤਾ ਦਾ ਪ੍ਰਭਾਵ ਇਸ ਹੱਦ ਤਕ ਵਧਿਆ ਕਿ ਔਰਤ ਨੂੰ ਮਰਦਾਂ ਦੇ ਸਮਾਨ ਰੁਜ਼ਗਾਰ ਦੇ ਸਾਧਨਾਂ ਵਿਚ ਆਪਣੀ

ਭਾਗੀਦਾਰੀ ਨਿਭਾਉਣ ਦਾ ਮੌਕਾ ਮਿਲਿਆ ਪਰੰਤੂ ਜਗੀਰੂ ਰੂਚੀਆਂ ਵਾਲਾ ਮਰਦ ਔਰਤ ਦੇ ਇਸ ਵਿਵਹਾਰ ਨੂੰ ਸਵੀਕਾਰ ਨਹੀਂ ਕਰਦਾ। ਉਸ ਨੂੰ ਤਾਂ ਉਹ ਔਰਤ ਹੀ ਚੰਗੀ ਲੱਗਦੀ ਹੈ ਜਿਹੜੀ ਮਰਦਾ ਦੇ ਅਧੀਨ ਰਹੇ ਤੇ ਉਨ੍ਹਾਂ ਦਾ ਕਿਸੇ ਤਰ੍ਹਾਂ ਵੀ ਵਿਰੋਧ ਨਾ ਕਰੇ। ਜਾਗੀਰਦਾਰੀ ਮਾਨਸਿਕਤਾ ਦੇ ਧਾਰਨੀ ਮਰਦ ਚਾਹੁੰਦੇ ਹਨ ਕਿ ਔਰਤ ਉਨ੍ਹਾਂ ਦੇ ਜਬਰ-ਜ਼ੁਲਮ ਖਿਲਾਫ ਨਾ ਹੀ ਬੋਲੇ ਤੇ ਨਾ ਹੀ ਘਰ ਤੋਂ ਬਾਹਰ ਫੈਕਟਰੀ ਆਦਿ ਵਿਚ ਰੁਜ਼ਗਾਰ ਦੇ ਸਾਧਨਾਂ ਵਿਚ ਜੁਟੇ। ਇਸ ਤੰਗਦਿਲੀ ਸੋਚ ਦਾ ਔਰਤ ਵੱਲੋਂ ਵਿਰੋਧ ਵੀ ਹੁੰਦਾ ਹੈ ਪਰੰਤੂ ਜਾਗੀਰੂ ਰੁਚੀਆਂ ਵਾਲਾ ਮਰਦ ਔਰਤ ਨਾਲ ਗਾਲੋਂਗਾਲੀ ਹੀ ਨਹੀਂ ਹੁੰਦਾ ਬਲਕਿ ਉਹ ਉਸ ‘ਤੇ ਹੱਥ ਵੀ ਚੁੱਕਦਾ ਹੈ।

### 7.2.2 **ਵਿਕਸਤ ਪੂੰਜੀਵਾਦੀ ਮਾਨਸਿਕਤਾ ਦਾ ਦਵੰਦ**

ਸਵਰਨ ਚੰਦਨ ਦੇ ਨਾਵਲ ਵਿਚ ਵਿਕਸਿਤ ਪੂੰਜੀਵਾਦੀ ਮਾਨਸਿਕਤਾ ਦਾ ਜੋ ਪ੍ਰਗਟਾਵਾ ਮਿਲਦਾ ਹੈ, ਉਸ ਤੋਂ ਵਰਤਮਾਨ ਸਮਾਜ ਉੱਤੇ ਪਏ ਵਿਸ਼ਵੀਕਰਨ ਤੇ ਵਿਕਸਿਤ ਪੂੰਜੀਵਾਦੀ ਮਾਨਸਿਕਤਾ ਦੇ ਚੰਗੇ-ਮਾੜੇ ਪ੍ਰਭਾਵ ਇਲਾਵਾ ਇਕ ਅਜਿਹੀ ਦ੍ਰਿਸ਼ਟੀ ਜਾਂ ਵਿਧੀ ਵੀ ਸਾਹਮਣੇ ਆਉਂਦੀ ਹੈ, ਜਿਸ ਦੇ ਰਾਹੀਂ ਅਜੋਕੇ ਵਿਕਸਿਤ ਪੂੰਜੀਵਾਦੀ ਯੁੱਗ ਨੂੰ ਸਮਝਿਆ ਜਾ ਸਕਦਾ ਹੈ। ਸਵਰਨ ਚੰਦਨ ਦੇ ਨਾਵਲ ਵਿਚ ਉੱਤਰਆਧੁਨਿਕਵਾਦ, ਉਤਰ-ਸੰਰਚਨਾਵਾਦ, ਰੂਪਵਾਦ ਤੇ ਮਾਰਕਸਵਾਦ ਦੇ ਸਮੁੱਚੇ ਪ੍ਰਭਾਵ ਦੀ ਪੇਸ਼ਕਸ ਮਿਲਦੀ ਹੈ। ਇਨ੍ਹਾਂ ਵੱਖ ਵੱਖਾਂ ਵਾਦਾ ਦੀ ਪੇਸ਼ਕਸ਼ ਵਰਤਮਾਨ ਸਮਾਜ ਨੂੰ ਸਮਝਣ ਵਿਚ ਅਸਾਨੀ ਲਿਆਉਂਦੀ ਹੈ। ਅਜੋਕੇ ਵਿਕਸਿਤ ਪੂੰਜੀਵਾਦੀ ਯੁੱਗ ਨੇ ਵਿਸ਼ਵੀਕਰਨ ਦੀਆਂ ਪ੍ਰਣਾਲੀਆਂ ਨੂੰ ਸਾਕਾਰ ਕਰਨ ਲਈ ਪੂਰੇ ਵਿਸ਼ਵ ਵਿਚ ਜਿਸ ਮਾਨਸਿਕਤਾ ਨੂੰ ਘੜਿਆ ਹੈ, ਉਸ ਦਾ ਮਨੋਰਥ ਸਮੁੱਚੇ ਸੰਸਾਰ ਨੂੰ ਇਕ ਹੀ ਸੂਤਰ ਵਿਚ ਬੰਨ੍ਹਣਾ ਹੈ। ਇਹ ਸੋਚ ਸਮਾਜਿਕ, ਧਾਰਮਿਕ, ਰਾਜਨੀਤਕ, ਆਰਥਿਕ ਅਤੇ ਸਭਿਆਚਾਰਕ ਆਦਿ ਸਰੋਕਾਰਾਂ ਨੂੰ ਇਕ ਹੀ ਰੰਗ-ਢੰਗ ਤੇ ਸਾਚੇ ਵਿਚ ਢਾਲਣ ਲਈ ਅਜਿਹੀ ਨੀਤੀਆਂ ਘੜਦੀਆਂ ਹੈ, ਜਿਸ ਤਹਿਤ ਆਪ ਮੁਹਾਰੇ ਹੀ ਵਿਕਸਿਤ ਪੂੰਜੀਵਾਦੀ ਮਾਨਸਿਕਤਾ ਦੇ ਅਨੁਕੂਲ ਵਾਤਾਵਰਨ ਸਿਰਜਿਆ ਜਾ ਸਕੇ। ਇਸ ਲਈ ਜਿੱਥੇ ਜਾਗੀਰਦਾਰੀ ਮਾਨਸਿਕਤਾ ਨੇ ਸਮਾਜ ਦੇ ਤਮਾਮ ਅਨੁਸ਼ਾਸਨਾਂ ਨੂੰ ਦਬਾਉਣ ਦਾ ਜਤਨ ਕੀਤਾ ਉੱਥੇ ਵਿਕਸਿਤ ਪੂੰਜੀਵਾਦੀ ਮਾਨਸਿਕਤਾ ਨੇ ਉਨ੍ਹਾਂ ਅਨੁਸ਼ਾਸਨਾਂ ਨੂੰ ਇਕ ਨਵੀਂ ਦ੍ਰਿਸ਼ਟੀ ਤੇ ਸੋਚ ਰਾਹੀਂ ਖੁੱਲ੍ਹ ਤੇ ਆਜ਼ਾਦੀ ਬਖ਼ਸ਼ੀ ਹੈ। ਇਹ ਖੁੱਲ੍ਹ ਤੋਂ ਆਜ਼ਾਦੀ ਜਾਗੀਰਦਾਰੀ ਮਾਨਸਿਕਤਾ ਦਾ ਡੱਟ ਕੇ ਵਿਰੋਧ ਕਰਦੀ ਹੈ। ਇਸ ਵਿਚ ਤਮਾਮ ਉਨ੍ਹਾਂ ਜਾਗੀਰੂ ਕਦਰਾਂ-ਕੀਮਤਾਂ ਦੀ ਵਿਰੋਧਤਾ ਹੁੰਦੀ ਹੈ ਜਿਨ੍ਹਾਂ ਸਦਕਾ

ਸਮਾਜ ਵਿਚ ਖੋਖਲੇ ਵਹਿਮ ਭਰਮ, ਜਾਤ-ਪਾਤ, ਊਚ-ਨੀਚ, ਲਿੰਗ ਭੇਦ ਆਦਿ ਵਖਰੇਵੇਂ ਕਿਰਿਆਸੀਲ ਹੁੰਦੇ ਹਨ। ਇਹ ਵਖਰੇਵੇਂ ਪੂੰਜੀ ਦੇ ਬੋਲਬਾਲੇ ਹੇਠ ਦੱਬ ਜਾਂਦੇ ਹਨ।

ਇਸ ਲਈ ਵਿਕਸਿਤ ਪੂੰਜੀਵਾਦੀ ਮਾਨਸਿਕਤਾ ਨੇ ਵਰਤਮਾਨ ਸਮਾਜ ਨੂੰ ਪੂੰਜੀ ਪ੍ਰਧਾਨ ਬਣਾਇਆ ਹੈ। ਇਸ ਪੂੰਜੀ ਪ੍ਰਧਾਨ ਸਮਾਜ ਵਿਚ ਜਾਗੀਰਦਾਰੀ ਮਾਨਸਿਕਤਾ ਦਾ ਖੰਡਨ ਹੁੰਦਾ ਹੈ ਅਤੇ ਵਿਕਸਿਤ ਪੂੰਜੀਵਾਦੀ ਮਾਨਸਿਕਤਾ ਦੀਆਂ ਜੜ੍ਹਾਂ ਫੈਲਣ ਲੱਗਦੀਆਂ ਹਨ। ਭਾਰਤੀ ਸਮਾਜ ਦੀ ਜਾਗੀਰੂ ਸੋਚ ਔਰਤ ਨੂੰ 'ਘਰ ਦੀ ਇੱਜ਼ਤ', 'ਪਰਾਇਆ ਧਨ' ਆਦਿ ਸਮਝਣ ਦੇ ਨਾਲ ਨਾਲ ਔਰਤ ਦੀ ਕਮਾਈ ਖਾਣ ਨੂੰ ਵੀ ਮਾੜਾ ਮੰਨਦੀ ਹੈ ਪਰੰਤੂ ਵਿਕਸਿਤ ਪੂੰਜੀਵਾਦੀ ਮਾਨਸਿਕਤਾ ਇਸ ਸੋਚ ਦਾ ਵਿਰੋਧ ਕਰਦੀ ਹੈ। ਬੇਸ਼ੱਕ ਸਵਰਨ ਚੰਦਨ ਦੇ ਨਾਵਲ ਪੈਸੇ ਦੀ ਪ੍ਰਧਾਨਤਾ ਕਾਰਨ ਰਿਸ਼ਤਿਆਂ ਵਿਚ ਅਵਿਸ਼ਵਾਸ ਤੇ ਕੁੜੱਤਣ ਨੂੰ ਵੀ ਸਪੱਸ਼ਟ ਕਰਦੇ ਹਨ ਪਰੰਤੂ ਨਾਵਲ ਦਾ ਕਥਾਨਕ ਪੂੰਜੀ ਨੂੰ ਕੇਂਦਰ ਬਿੰਦੂ ਵਿਚ ਰੱਖਦਾ ਹੈ। ਇਸ ਕੇਂਦਰ ਵਿਚ ਜਿੱਥੇ ਪੂੰਜੀ ਦੇ ਚੰਗੇ-ਮਾੜੇ ਪ੍ਰਭਾਵ ਬਰਕਰਾਰ ਰਹਿੰਦੇ ਹਨ, ਉੱਥੇ ਇਸ ਨੇ ਖ਼ੂਨ ਦੇ ਰਿਸ਼ਤਿਆਂ ਨੂੰ ਵੀ ਖੋਖਲਾ ਕਰਨ ਵਿਚ ਕੋਈ ਕਸਰ ਨਹੀਂ ਛੱਡੀ।

ਵਿਕਸਿਤ ਪੂੰਜੀਵਾਦੀ ਮਾਨਸਿਕਤਾ ਨੇ ਜਾਗੀਰਦਾਰੀ ਮਾਨਸਿਕਤਾ ਦੀ ਆਪਣੇ ਤੋਂ ਨੀਵੇਂ ਉੱਤੇ ਰੋਹਬ ਪਾਉਣ ਤੇ ਦਬਦਬਾ ਕਾਇਮ ਰੱਖਣ ਦੀ ਬਿਰਤੀ ਨੂੰ ਤਾੜ ਤਾੜ ਕੀਤਾ ਹੈ। ਵਿਕਸਿਤ ਪੂੰਜੀਵਾਦੀ ਮਾਨਸਿਕਤਾ ਪੂੰਜੀ ਪ੍ਰਧਾਨ ਸਮਾਜ ਸਿਰਜਦੀ ਹੈ। ਸਵਰਨ ਚੰਦਨ ਦਾ ਨਾਵਲ 'ਨਵੇਂ ਰਿਸ਼ਤੇ' ਵਿਕਸਿਤ ਪੂੰਜੀਵਾਦੀ ਮਾਨਸਿਕਤਾ ਦਾ ਜੋ ਪ੍ਰਗਟਾਵਾ ਕਰਦਾ ਹੈ, ਉਸ ਵਿਚ ਪੂੰਜੀ ਕਾਰਨ ਬਦਲੀ ਸੋਚ ਨੂੰ ਅਭਿਵਿਅਕਤ ਕੀਤਾ ਗਿਆ ਹੈ। ਇਹ ਪੂੰਜੀ ਨਵੇਂ ਰਿਸ਼ਤੇ ਸਿਰਜਦੀ ਹੈ। ਅਜਿਹੇ ਰਿਸਤੇ ਜਿਸ ਦੇ ਕੇਂਦਰ ਵਿਚ ਸਿਰਫ ਪੂੰਜੀ ਹੈ। ਜਾਗੀਰੂ ਰੂਚੀਆਂ ਵਾਲੇ ਸਮਾਜ ਦੇ ਸ਼ੋਸ਼ਣ ਦਾ ਸ਼ਿਕਾਰ ਹੋਏ ਵੀਰੇ ਤੇ ਪ੍ਰਿਤੂ ਜਦੋਂ ਰੋਜ਼ੀ ਰੋਟੀ ਦੀ ਭਾਲ਼ ਵਿਚ ਬਰਤਾਨੀਆ ਜਾ ਕੇ ਰਹਿਣ ਬਸੇਰਾ ਸਥਾਪਿਤ ਕਰਦੇ ਹਨ ਤਾਂ ਉਥੋਂ ਦੀ ਵਿਕਸਿਤ ਪੂੰਜੀਵਾਦੀ ਮਾਨਸਿਕਤਾ ਦਾ ਪ੍ਰਭਾਵ ਉਨ੍ਹਾਂ ਉੱਤੇ ਹਾਵੀ ਹੋਣ ਲੱਗਦਾ ਹੈ। ਇਸ ਪ੍ਰਭਾਵ ਹੇਠ ਉਹ ਭਾਰਤੀ ਜਾਗੀਰਦਾਰੀ ਮਾਨਸਿਕਤਾ ਵਿਚ ਜਕੜੇ ਤਾਏਬਾਣੇ ਪ੍ਰਤੀ ਆਪਣੀ ਰਾਏ ਘੜਦੇ ਹੋਏ ਜਾਗੀਰਦਾਰੀ ਮਾਨਸਿਕਤਾ ਦੀ ਖੋਖਲੀ ਹਉਮੈਂ ਦੀ ਵਿਰੋਧਤਾ ਕਰਦੇ ਹਨ। ਵੀਰੋ ਤੇ ਪ੍ਰੀਤੂ ਦੀ ਇਸ ਵਿਰੋਧਤਾ ਪਿੱਛੇ ਵਿਕਸਿਤ ਪੂੰਜੀਵਾਦੀ ਮਾਨਿਸਕਤਾ ਦਾ ਪ੍ਰਭਾਵ ਕਾਰਜਸ਼ੀਲ ਰਹਿੰਦਾ ਹੈ। ਜਿਵੇਂ :

"ਅਪਕਾਰ ਤਾਂ ਇਨ੍ਹਾਂ ਵੀ ਸਾਡੇ ਤੇ ਬੜੇ ਕੀਤੇ ਸੀ—ਅਪਕਾਰਾਂ ਕਰਕੇ ਈ ਤਾਂ ਧੌਣ ਨਹੀਂ ਸਿੱਧੀ ਹੋਈ ਹੁਣ ਤਾਈ। ਭਲਾ ਹੋਵੇ ਸਰਵਣ ਦਾ—ਵਲੈਤ ਆਏ ਤੇ ਇਨ੍ਹਾਂ ਦੇ ਜੂਲੇ ਤੋਂ

ਛੁਟਕਾਰਾ ਹੋਇਆ ਮਸਾਂ ਕਿਤੇ। ਤੂੰ ਬਾਹਲਾ ਯਈ-ਯਈ ਨਾ ਕਰੀ ਜਾਇਆ ਕਰ ਇਹਦੇ ਅੱਗੇ। ਸਰਦਾਰ ਹੋਊ ਤਾਂ ਪਿੰਡ ਹੋਊਏਥੇ ਸਾਡੀ ਜੁੱਤੀ ਤੋਂ—ਨਾ ਆਪਾਂ ਪਿੰਡ ਜਾਣਾ ਤੇ ਨਾ ਈ ਇਨ੍ਹਾਂ ਦੀਆਂ ਸਰਦਾਰੀਆਂ ਹੁਣ ਵੇਖਈਆਂ।"

ਵੀਰੋ ਤੇ ਪ੍ਰੰਤੂ ਬੇਸ਼ੱਕ ਭਾਰਤ ਰਹਿੰਦਿਆਂ ਜਾਗੀਰਦਾਰੀ ਮਾਨਸਿਕਤਾ ਦੇ ਸ਼ੋਸ਼ਣ ਦਾ ਸ਼ਿਕਾਰ ਹੋਏ ਪਰੰਤੂ ਜਦੋਂ ਉਹ ਵਿਕਸਿਤ ਪੂੰਜੀਵਾਦੀ ਸਮਾਜ ਵਿਚ ਵਿਚਰਦੇ ਤਾਂ ਉਨ੍ਹਾਂ ਦੇ ਪੱਖ ਵਿਚ ਭੁਗਤਣ ਵਾਲੀ ਵਿਕਸਿਤ ਪੂੰਜੀਵਾਦੀ ਮਾਨਸਿਕਤਾ ਨੂੰ ਗ੍ਰਹਿਣ ਕਰ ਲੈਂਦੇ। ਬੇਸ਼ੱਕ ਉਹ ਜਾਗੀਰਦਾਰੀ ਮਾਨਸਿਕਤਾ ਤੋਂ ਵਿਕਸਿਤ ਪੂੰਜੀਵਾਦੀ ਮਾਨਸਿਕਤਾ ਵਿਚ ਪਰਵਰਤਿਤ ਹੋ ਜਾਂਦੈ ਪਰੰਤੂ ਉਹ ਜਾਗੀਰਦਾਰੀ ਮਾਨਸਿਕਤਾ ਦੇ ਡਰੂ ਸੁਭਾਅ ਤੋਂ ਨਿਜ਼ਾਤ ਨਹੀਂ ਹੋ ਸਕੇ। ਇਸ ਦਵੰਦਮਈ ਜ਼ਿੰਦਗੀ ਬਸਰ ਕਰਦਿਆਂ ਉਹ ਮਾਨਸਿਕ ਉਲਝਣਾਂ ਵਿਚ ਉਲਝੇ ਰਹਿੰਦੇ ਹਨ।

ਇਸ ਲਈ ਵਿਕਸਿਤ ਪੂੰਜੀਵਾਦੀ ਮਾਨਸਿਕਤਾ ਨੇ ਜਿੱਥੇ ਮਾਨਵੀ ਜੀਵਨ ਨੂੰ ਅਨੇਕ ਸੁੱਖ ਸਹੂਲਤਾਂ ਤੇ ਖੁੱਲ੍ਹਾ ਪ੍ਰਦਾਨ ਕੀਤੀਆ ਹਨ ਉੱਥੇ ਇਕ ਦਵੰਦ ਵੀ ਪੈਦਾ ਕੀਤਾ ਹੈ। ਇਹ ਦਵੰਦ ਨਾ ਤਾਂ ਬਰਤਾਨੀਆ ਰਹਿ ਰਹੇ ਪੰਜਾਬੀਆਂ ਨੂੰ ਜਾਗੀਰਦਾਰੀ ਮਾਨਸਿਕਤਾ ਦੇ ਅਨੁਯਾਈ ਬਣਨ ਦਿੰਦਾ ਹੈ ਤੇ ਨਾ ਹੀ ਵਿਕਸਿਤ ਪੂੰਜੀਵਾਦੀ ਮਾਨਸਿਕਤਾ ਨੂੰ ਪੂਰਨ ਰੂਪ ਵਿਚ ਕਬੂਲਣ। ਇਸ ਲਈ ਸਵਰਨ ਚੰਦਨ ਦਾ ਨਾਵਲ 'ਨਵੇਂ ਰਿਸ਼ਤੇ' ਜਿੱਥੇ ਵਿਕਸਿਤ ਪੂੰਜੀਵਾਦੀ ਮਾਨਸਿਕਤਾ ਦੇ ਚੰਗੇ ਪੱਖ ਨੂੰ ਅਭਿਵਿਅਕਤ ਕਰਦਾ ਹੈ ਉੱਥੇ ਇਸ ਦੇ ਮਾੜੇ ਪੱਖਾ ਨੂੰ ਵੀ ਸਾਹਮਣੇ ਲਿਆਉਂਦਾ ਹੈ। ਜਿਵੇਂ :

> "ਸਨਅਤੀ ਤਰੱਕੀ ਜਿੱਥੇ ਕਿਸੇ ਕੰਮ ਨੂੰ ਪਦਾਰਥਕ ਰੂਪ ਵਿਚ ਅਨੇਕਾਂ ਸੁੱਖ ਮੁਹੱਯਾ ਕਰਦੀ ਹੈ, ਉਥੇ ਇਹਦੇ ਅਣਗਿਣਤ ਭਿਆਨਕ ਸਿੱਟੇ ਵੀ ਧੌਣਾਂ ਚੁੱਕੀ ਸਾਹਮਣੇ ਆਈ ਜਾਂਦੇ ਹਨ। ਮਾਇਕ-ਰਿਸ਼ਤੇ ਤਾਂ ਬਾਕੀ ਰਿਸ਼ਤਿਆਂ ਦੀ ਥਾਂ ਮੱਲਦੇ ਹੀ ਹਨ ਪਰ ਖੁਦਗਰਜ਼ੀ, ਆਪਾ-ਧਾਪੀ, ਬੈਤਰਸ ਫ਼ਿਜ਼ਾ ਅਤੇ ਇਕੱਲਤਾ ਹੋਰ ਵੀ ਮਾਰੂ ਰੂਪ ਵਿਚ ਉਤਪੰਨ ਹੁੰਦੇ ਹਨ। ਇਹੋ ਸਨਅਤੀ ਉੱਨਤੀ ਸਮਾਜਵਾਦੀ ਦੇਸ਼ਾਂ ਵਿਚ ਤਾਂ ਬੇਸ਼ੱਕ ਕਿਸੇ ਹੋਰ ਤਰ੍ਹਾਂ ਦੇ ਸਿੱਟਿਆਂ ਨੂੰ ਜਨਮ ਦੇਂਦੀ ਹੋਵੇ ਪਰ ਸਰਮਾਏਦਾਰੀ ਨਿਜ਼ਾਮ ਵਿਚ ਇਹਦੇ ਅੰਤਮ ਸਿੱਟੇ ਤੇ ਨਤੀਜੇ ਇਹੋ ਜਿਹੇ ਹੀ ਨਿਕਲਦੇ ਹਨ। ਇਹਨਾਂ ਸਿੱਟਿਆਂ ਦੀ ਅੰਤਮ ਦੇ ਲੋਕਾਂ ਦੇ ਕਿਰਦਾਰਾਂ ਦੇ ਵਿਗਾੜ ਜਾਣ ਵਿਚ ਹੁੰਦੀ ਹੈ। ਜੂਏਬਾਜ਼ੀਆਂ, ਗ਼ਲਤਕਾਰੀਆਂ, ਖੁਦਕੁਸ਼ੀਆਂ, ਕਤਲ, ਧਾੜੇ, ਡਾਕ ਅਤੇ ਹੋਰ ਕਈ ਕੁਝ"।

ਇਸੇ ਤਰ੍ਹਾਂ ਨਵੇਂ ਰਿਸ਼ਤੇ ਨਾਵਲ ਅਜੋਕੇ ਦੌਰ ਦੇ ਮਾਨਸਿਕ ਦਵੰਦ ਨੂੰ ਪੇਸ਼ ਕਰਦਾ ਹੈ। ਇਹ ਮਾਨਸਿਕ ਦਵੰਦ ਜਾਗੀਰਦਾਰੀ ਮਾਨਸਿਕਤਾ ਦੇ ਸਮਾਨਾਂਤਰ ਚੱਲ ਰਹੀ ਵਿਕਸਿਤ ਪੂੰਜੀਵਾਦੀ ਮਾਨਸਿਕਤਾ ਕਾਰਨ ਪੈਦਾ ਹੁੰਦਾ ਹੈ। ਵਿਕਸਿਤ ਪੂੰਜੀਵਾਦੀ ਮਾਨਸਿਕਤਾ ਨੇ ਜਿੱਥੇ ਮਨੁੱਖ ਦੀ ਸੋਚ ਤੇ ਜੀਵਨ ਸ਼ੈਲੀ ਨੂੰ ਪ੍ਰਭਾਵਿਤ ਕੀਤਾ ਹੈ ਉੱਥੇ ਉਸ ਨੇ ਨਵੀਨ ਗਿਆਨ ਸ਼ਾਸਤਰੀ ਪ੍ਰਣਾਲੀਆਂ ਨਾਲ ਵੀ ਇਕਸੁਰ ਕੀਤਾ ਹੈ। ਜਿਨ੍ਹਾਂ ਵਿਚ ਉੱਤਰਆਧੁਨਿਕਤਾ ਦਾ ਵਿਸ਼ੇਸ਼ ਰੋਲ ਹੈ। ਇਹ ਉੱਤਰਆਧੁਨਿਕਤਾ ਵਿਸ਼ਵੀਕਰਨ ਦੇ ਮਾਡਲਾਂ ਦੀ ਸਥਾਪਤੀ ਕਾਰਨ ਪੈਦਾ ਹੋਇਆ ਇਕ ਅਜਿਹਾ ਸੰਕਲਪਿਤ ਵਰਤਾਰਾ ਹੈ, ਜਿਸ ਨੂੰ ਵਿਕਸਿਤ ਪੂੰਜੀਵਾਦੀ ਮਾਨਸਿਕਤਾ ਨੇ ਨਾ ਕੇਵਲ ਸਵੀਕਾਰ ਹੀ ਕੀਤਾ ਬਲਕਿ ਇਸ ਦੇ ਅਨੁਕੂਲ ਸਮਾਜਿਕ, ਧਾਰਮਿਕ, ਰਾਜਨੀਤਕ, ਆਰਥਿਕ ਤੇ ਸਭਿਆਚਾਰਕ ਉਪਜਾਊ ਧਰਾਤਲ ਵੀ ਤਿਆਰ ਕੀਤਾ ਹੈ। ਨਾਵਲ ਵਿਚ ਸੁਮੇਰ ਇਕ ਅਜਿਹਾ ਬੁੱਧੀਜੀਵੀ ਪਾਤਰ ਹੈ ਜੋ ਵਿਕਸਿਤ ਪੂੰਜੀਵਾਦੀ ਮਾਨਸਿਕਤਾ ਕਾਰਨ ਆ ਰਹੇ ਬਦਲਾਅ ਦੇ ਗੁਣ ਤੇ ਦੋਸ਼ ਦੋਵਾਂ ਨੂੰ ਸਮਾਨ ਦ੍ਰਿਸ਼ਟੀ ਤੋਂ ਪੇਸ਼ ਕਰਦਾ ਹੋਇਆ ਇਸ ਦੇ ਵਿਸ਼ਵ ਪੱਧਰ 'ਤੇ ਪੈ ਰਹੇ ਪ੍ਰਭਾਵ ਨੂੰ ਸਪੱਸ਼ਟ ਕਰਦਾ ਹੈ। ਸੁਮੇਰ ਵਿਕਸਿਤ ਪੂੰਜੀਵਾਦੀ ਮਾਨਸਿਕਤਾ ਕਾਰਨ ਆ ਰਹੀ ਸਮਾਜਿਕ ਤੇ ਆਰਥਿਕ ਪ੍ਰਗਤੀ ਤੋਂ ਮੁਨਕਰ ਨਹੀਂ ਹੁੰਦਾ ਪਰੰਤੂ ਉਹ ਇਨ੍ਹਾਂ ਮੁਨਾਫ਼ਿਆਂ ਦੇ ਨਾਲ-ਨਾਲ ਉਨ੍ਹਾਂ ਔਗੁਣਾਂ ਤੋਂ ਵੀ ਭਲੀ ਭਾਂਤ ਜਾਣੂ ਹੈ।

### 7.2.3 ਬਰਤਾਨਵੀ ਪੰਜਾਬੀ ਸਰੋਕਾਰਾਂ ਦਾ ਦਵੰਦ

ਸਵਰਨ ਚੰਦਨ ਦੇ ਨਾਵਲ ਵਿਚ ਜਿੱਥੇ ਜਾਗੀਰਦਾਰੀ ਮਾਨਸਿਕਤਾ ਤੇ ਵਿਕਸਿਤ ਪੂੰਜੀਵਾਦੀ ਮਾਨਸਿਕਤਾ ਦਾ ਦਵੰਦ ਵਿਦਮਾਨ ਰਹਿੰਦਾ ਹੈ ਉੱਥੇ ਉਸ ਦਾ ਨਾਵਲ ਬਰਤਾਨਵੀ ਪੰਜਾਬੀ ਸਰੋਕਾਰਾਂ ਦੀ ਪੇਸ਼ਕਾਰੀ ਵੀ ਕਰਦਾ ਹੈ। ਇਨ੍ਹਾਂ ਬਰਤਾਨਵੀ ਪੰਜਾਬੀ ਸਰੋਕਾਰਾਂ ਵਿਚ ਦਵੰਦ ਸਭਿਆਚਾਰ, ਵਿਚਾਰਧਾਰਾ, ਸੋਚ, ਸਮਝ ਤੇ ਦ੍ਰਿਸ਼ਟੀ ਦੀ ਵੱਖਰਤਾ ਕਾਰਨ ਪੈਦਾ ਹੁੰਦਾ ਹੈ। ਇਸ ਦਵੰਦ ਵਿਚੋਂ ਜੋ ਤਣਾਅ ਪੈਦਾ ਹੁੰਦਾ ਹੈ ਉਸ ਵਿਚ ਪੰਜਾਬੀਆਂ ਦੀ ਪਹਿਲੀ ਤੇ ਦੂਜੀ ਪੀੜੀ ਵੱਖੋ ਵੱਖਰੇ ਪੱਧਰ 'ਤੇ ਪ੍ਰਭਾਵਿਤ ਹੁੰਦੀ ਹੈ। ਜਿਸ ਤਰ੍ਹਾਂ ਬਰਤਾਨੀਆ ਰਹਿ ਰਹੀ ਪੰਜਾਬੀਆਂ ਦੂਜੀ ਪੀੜ੍ਹੀ ਨੂੰ ਪੀੜੀ ਪਾੜੇ, ਨਸਲੀ ਵਿਤਕਰੇ, ਬੇਗਾਨਗੀ ਤੇ ਸਭਿਆਚਾਰਕ ਤਣਾਅ ਦਾ ਸਾਹਮਣਾ ਕਰਨਾ ਪੈਂਦਾ ਹੈ ਉਸੀ ਤਰ੍ਹਾਂ ਉਥੇ ਰਹਿ ਰਹੀ ਪਹਿਲੀ ਪੀੜੀ ਇਨ੍ਹਾਂ ਸਰੋਕਾਰਾਂ ਦੇ ਨਾਲ-ਨਾਲ ਭੂ-ਹੇਰਵਾ ਤੇ ਉਦਰੇਵਾਂ ਵਰਗੇ ਭਾਵਾਂ ਨਾਲ ਵੀ ਦੋ-ਚਾਰ ਹੁੰਦੀ ਹੈ। ਪੰਜਾਬੀਆਂ ਦੀ ਦੂਜੀ ਪੀੜੀ ਨੂੰ ਭੂ-ਹੇਰਵਾ ਤੇ ਉਦਰੇਵੇਂ ਦਾ ਅਹਿਸਾਸ ਨਹੀਂ ਹੁੰਦਾ ਕਿਉਂਕਿ ਉਨ੍ਹਾਂ ਨੇ ਬਚਪਨ ਤੋਂ ਹੀ ਬਰਤਾਨਵੀ ਸਮਾਜ ਦੇ ਪ੍ਰਭਾਵ ਨੂੰ

ਕਬੂਲਿਆ ਹੈ ਇਸ ਲਈ ਉਨ੍ਹਾਂ ਨੂੰ ਭਾਰਤੀ ਹੋਣ ਨਾਲੋਂ ਬ੍ਰਿਟਿਸ਼ ਹੋਣ ਉੱਤੇ ਵਧੇਰੇ ਗਰਵ ਤੇ ਮਾਣ ਹੈ। ਸਵਰਨ ਚੰਦਨ ਦੇ ਨਾਵਲਾਂ ਵਿਚ ਇਹੋ ਜਿਹੇ ਭਾਵ ਵਾਰ-ਵਾਰ ਸਾਹਮਣੇ ਆਉਂਦੇ ਹਨ।

ਪੰਜਾਬੀਆਂ ਦੀ ਦੂਜੀ ਪੀੜੀ ਜਿੱਥੇ ਆਪਣੇ ਆਪ ਨੂੰ ਬ੍ਰਿਟਿਸ਼ ਮੰਨਦੀ ਹੈ ਉੱਥੇ ਉਨ੍ਹਾਂ ਦੀ ਬ੍ਰਿਟਿਸ਼ ਹੋਂਦ ਨੂੰ ਬਰਤਾਨਵੀ ਸਮਾਜ ਵੱਲੋਂ ਅਸਵਿਕਾਰ ਕੀਤਾ ਜਾਂਦਾ ਹੈ। ਇਸ ਲਈ ਉਨ੍ਹਾਂ ਦੀ ਜ਼ਿੰਦਗੀ ਵਿਚ ਦਵੰਦਮਈ ਸੰਕਟ ਪੈਦਾ ਹੁੰਦੇ ਰਹਿੰਦੇ ਹਨ। ਇਨ੍ਹਾਂ ਸੰਕਟਾਂ ਦਾ ਸਾਹਮਣਾ ਕਰਦਿਆਂ ਉਨ੍ਹਾਂ ਨੂੰ ਮਾਨਸਿਕ ਪਰੇਸ਼ਾਨੀ ਤੇ ਤਣਾਅ ਵਿਚੋਂ ਗੁਜ਼ਰਨਾ ਪੈਂਦਾ ਹੈ ਤੇ ਅੰਤ ਮਹਿਸੂਸ ਹੁੰਦਾ ਹੈ ਕਿ ਨਾ ਤਾਂ ਅਸੀਂ ਭਾਰਤੀ ਹੋਏ ਤੇ ਨਾ ਹੀ ਬ੍ਰਿਟਿਸ਼। ਇਹ ਭਾਵ ਇਕ ਗਹਿਰੇ ਦਵੰਦ ਵਿਚੋਂ ਪੈਦਾ ਹੁੰਦਾ ਹੈ, ਜਿਸ ਨੂੰ ਸਵਰਨ ਚੰਦਨ ਦੇ ਨਾਵਲ 'ਨਵੇਂ ਰਿਸ਼ਤੇ ਵਿਚੋਂ ਦੇਖਿਆ ਜਾ ਸਕਦਾ ਹੈ। ਜਿਵੇਂ:

> "ਤਾਇਆ ਇਉਂ ਫਿਰ ਆਪਣਾ ਦੇਸ ਕਿਹੜਾ ਹੋਊ- ਨਾ ਹੀ ਅੰਗਰੇਜ਼ ਹੀ ਬਣ ਸਕੇ।" ਨਾ ਆਪਾਂ ਇੰਡੀਅਨ ਰਹਿ ਗਏ ਤੇ"।

ਸਵਰਨ ਚੰਦਨ ਦਾ ਨਾਵਲ 'ਨਵੇਂ ਰਿਸ਼ਤੇ' ਜਿੱਥੇ ਪੀੜ੍ਹੀ ਪਾੜ੍ਹੇ ਵਰਗੇ ਮਸਲਿਆਂ ਨੂੰ ਪੇਸ਼ ਕਰਦਾ ਹੈ ਉੱਥੇ ਇਨ੍ਹਾਂ ਮਸਲਿਆਂ ਦੀ ਮੂਲ ਜੜ੍ਹ ਦੀ ਨਿਸ਼ਾਨਦੇਹੀ ਵੀ ਕਰਦਾ ਹੈ। ਨਾਵਲ ਵਿਚ ਬੇਸ਼ੱਕ ਪੀੜ੍ਹੀ ਪਾੜ੍ਹੇ ਕਾਰਨ ਤਣਾਅ ਪੈਦਾ ਹੁੰਦਾ ਹੈ ਪਰੰਤੂ ਇਸ ਤਣਾਅ ਦੇ ਯਥਾਰਥ ਨੂੰ ਪ੍ਰਗਟਾਉਂਦੇ ਇਕ ਦਲੀਲ ਵੀ ਕਾਰਜਸ਼ੀਲ ਰਹਿੰਦੀ ਹੈ। ਇਹ ਦਲੀਲ ਸਪੱਸ਼ਟ ਕਰਦੀ ਹੈ ਕਿ ਪੀੜ੍ਹੀ ਪਾੜ੍ਹਾ ਅਸਲ ਵਿਚ ਦੋ ਪੀੜ੍ਹੀਆਂ ਦੀ ਆਪੋ ਆਪਣੀ ਵਿਚਾਰਧਾਰਾ ਤੇ ਸੋਚ ਕਾਰਨ ਪੈਦਾ ਹੁੰਦਾ ਹੈ। ਇਸ ਸਮੱਸਿਆ ਦਾ ਸਮਾਧਾਨ ਦੋਹਾਂ ਪੀੜ੍ਹੀਆਂ ਦੀ ਆਪਸੀ ਸਮਝਦਾਰੀ ਉੱਤੇ ਕੇਂਦਰਿਤ ਹੈ। ਇਸ ਲਈ ਜਿੱਥੇ ਬਰਤਾਨੀਆ ਰਹਿ ਰਹੀ ਪੰਜਾਬੀਆਂ ਦੀ ਦੂਜੀ ਪੀੜ੍ਹੀ ਨੂੰ ਵਿਕਸਿਤ ਪੂੰਜੀਵਾਦੀ ਮਾਨਸਿਕਤਾ ਦੇ ਪ੍ਰਭਾਵ ਹੇਠ ਖੁੱਲ੍ਹ ਤੇ ਆਜ਼ਾਦੀ ਮਾਣਣ ਦੀ ਇੱਛਾ ਅਧੀਨ ਕੁਰਾਹੇ ਪੈਣ ਤੋਂ ਬਚਣਾ ਚਾਹੀਦਾ ਹੈ ਉੱਥੇ ਪੰਜਾਬੀਆਂ ਦੀ ਪਹਿਲੀ ਪੀੜ੍ਹੀ ਨੂੰ ਵੀ ਸਮੇਂ ਅਨੁਸਾਰ ਬਦਲਣਾ ਤੇ ਆਪਣੀ ਜਾਗੀਰੂ ਸੋਚ ਦਾ ਤਿਆਗ ਕਰਨਾ ਚਾਹੀਦਾ ਹੈ।

ਨਾਵਲ ਵਿਚ ਪੀੜ੍ਹੀ ਪਾੜ੍ਹੇ ਦੀ ਸਮੱਸਿਆ ਤੇ ਸਮਧਾਨ ਦੋਵੇਂ ਇਕ ਹੀ ਧਰਾਤਲ 'ਤੇ ਇਕੱਤਰ ਹੁੰਦੇ ਹਨ। ਜਿਵੇਂ:

> "ਜੋ ਮੂਲ ਮੁੱਦਾ ਸਾਹਮਣੇ ਆਇਆ, ਉਹ ਇਹੋ ਸੀ ਕਿ ਮਾਪੇ ਹਾਲਾਤ ਅਨੁਸਾਰ ਨਹੀਂ ਬਦਲ ਰਹੇ। ਕੁੜੀਆਂ ਮੁੰਡੇ ਨਵੇਂ ਮਾਹੌਲ ਅਨੁਸਾਰ ਪੁਰਾਣੀਆਂ ਕੀਮਤਾਂ ਛੱਡ ਕੇ ਨਵੀਆਂ ਦੇ ਅਨੁਸਾਰੀ ਹੋ ਚੁੱਕੇ ਹਨ ਪਰ ਮਾਪੇ ਆਪਣੇ ਪੁਰਾਏ ਵਿਚਾਰ ਨਹੀਂ ਛੱਡਦੇ। ਉਹ ਆਪਣੀ

ਔਲਾਦ ਨੂੰ ਮਜਬੂਰ ਕਰਦੇ ਹਨ ਕਿ ਉਹ ਉਹਨਾਂ ਦੀ ਮਰਜੀ ਅਨੁਸਾਰ ਵਿਆਹ ਕਰਵਾਉਣ। ਬੱਚੇ ਅ-ਵੇਖੇ ਅਤੇ ਅਣ-ਪਛਾਏ ਜੀਵਨ ਸਾਥੀ ਮਨਜ਼ੂਰ ਕਰਨ ਨੂੰ ਤਿਆਰ ਨਹੀਂ—ਸਿੱਟੇ ਵਜੋਂ ਉਹ ਮਾਪਿਆਂ ਖਿਲਾਫ ਵਿਦਰੋਹ ਕਰ ਦਿੰਦੇ ਹਨ। ਇਹ ਵਿਦਰੋਹ ਮਾਪਿਆਂ ਦੀ ਪੁਰਾਈ ਹੋ ਚੁੱਕੀ ਸੋਚ ਨਾਲ ਮੇਲ ਨਹੀਂ ਸੀ ਖਾਂਦਾ। ਭਾਰਤੀ ਲੋਕ ਆਪਣੀ ਰਵਾਇਤ ਅਨੁਸਾਰ ਕੁੜੀਆਂ ਨੂੰ ਆਪਣੀ ਇਜਤ ਸਮਝਦੇ ਹਨ—ਜਦੋਂ ਉਹ ਮਾਪਿਆਂ ਦੀ ਮਰਜ਼ੀ ਦੇ ਖਿਲਾਫ਼ ਕਿਸੇ ਮੁੰਡੇ ਨਾਲ ਘਰੋਂ ਬਾਹਰ ਜਾਂਦੀਆਂ ਹਨ ਤਾਂ ਮਾਪੇ ਇਸਨੂੰ ਬਰਦਾਸ਼ਤ ਨਹੀਂ ਕਰਦੇ—ਉਹ ਪੁਰਾਣੇ ਤੇ ਨਵੇਂ ਵਿਚਲੇ ਫਰਕ ਨੂੰ ਨਹੀਂ ਸਮਝਦੇ-ਆਦਿ ਆਦਿ"।

ਸਵਰਨ ਚੰਦਨ ਦੇ ਨਾਵਲ ਵਿਚ ਬੇਗਾਨਗੀ, ਓਪਰਾਪਨ ਤੇ ਭੂ-ਹੇਰਵਾ ਵਰਗੇ ਸਰੋਕਾਰਾਂ ਦੀ ਪੇਸ਼ਕਾਰੀ ਵੀ ਮਿਲਦੀ ਹੈ। ਉਸਦੇ ਨਾਵਲ ਦੀ ਵਿਲੱਖਣਤਾ ਇਹ ਹੈ ਕਿ ਸਵਰਨ ਚੰਦਨ ਕੋਲ ਬੇਗਾਨਗੀ, ਓਪਰਾਪਨ ਤੇ ਭੂ- ਹੇਰਵਾ ਵਰਗੇ ਮਸਲਿਆਂ ਨੂੰ ਇਕੱਠਤਾ ਵਿਚ ਪਰੋਣ ਦੀ ਪ੍ਰਤਿਭਾ ਹੈ। ਬਰਤਾਨਵੀ ਸਮਾਜ ਵਿਚ ਵਿਚਰਦਿਆਂ ਪੰਜਾਬੀਆ ਨੂੰ ਜਿੱਥੇ ਪੈਦਾ ਹੋ ਰਹੀਆਂ ਦਰਪੇਸ਼ ਚੁਣੌਤੀਆਂ ਤੇ ਸਮੱਸਿਆਵਾਂ ਕਾਰਨ ਬੇਗਾਨਾ ਤੇ ਓਪਰਾਪਨ ਮਹਿਸੂਸ ਹੁੰਦਾ ਹੈ ਉੱਥੇ ਉਨ੍ਹਾਂ ਨੂੰ ਆਪਣਾ ਵਤਨ, ਆਪਣੇ ਲੋਕ, ਆਪਣਾ ਪਿੰਡ, ਆਪਣਾ ਖਿੱਤਾ ਆਦਿ ਦੀ ਯਾਦ ਵੀ ਸਤਾਉਣ ਲੱਗਦੀ ਹੈ। ਇਹ ਯਾਦ ਉਨ੍ਹਾਂ ਨੂੰ ਮੁੜ ਆਪਣੇ ਵਤਨ ਜਾਣ ਲਈ ਖਿੱਚਦੀ ਹੈ। ਇਸ ਖਿੱਚ ਕਾਰਨ ਉਹ ਇੰਨਾ ਉਦਾਸ ਤੇ ਮਾਯੂਸ ਹੁੰਦੇ ਹਨ ਕਿ ਉਨ੍ਹਾਂ ਦਾ ਦਿਲ ਭੁੱਬਾਂ ਮਾਰ ਕੇ ਰੋਣ ਨੂੰ ਕਰਦਾ ਹੈ। ਸਵਰਨ ਚੰਦਨ ਦੇ ਨਾਵਲ 'ਨਵੇਂ ਰਿਸ਼ਤੇ' ਵਿਚ ਅਜਿਹੀ ਘਟਨਾ ਸਾਹਮਣੇ ਆਉਂਦੀ ਹੈ, ਜਿਸ ਵਿਚ ਪ੍ਰੀਤੂ ਬਰਤਾਨਵੀ ਸਮਾਜ ਦੀ ਵਿਅਸਤ ਜ਼ਿੰਦਗੀ ਵਿਚ ਗ੍ਰਸਿਆ ਉੱਥੇ ਦੀਆਂ ਚੁਣੌਤੀਆਂ ਤੇ ਸਮੱਸਿਆਵਾਂ ਨਾਲ ਦੋ-ਚਾਰ ਹੁੰਦਿਆਂ ਇੰਨਾ ਟੁੱਟ ਜਾਂਦਾ ਹੈ ਕਿ ਉਹ ਮੁੜ ਆਪਣੇ ਵਤਨ, ਆਪਣੇ ਲੋਕਾਂ ਕੋਲ ਜਾਣਾ ਲੋਚਦਾ ਹੈ। ਜਿਵੇਂ :

"ਪ੍ਰੀਤੂ ਦਾ ਜੀਅ ਕਰਦਾ ਉਹ ਰੱਜ ਕੇ ਹੋਵੇ—ਭੁੱਬਾਂ ਮਾਰੇ ਤੇ ਉਹ ਇਕ ਵਾਰੀ ਨਹੀਂ ਕਈ-ਕਈ ਵਾਰੀ ਰੋਇਆ ਸੀ। ਡੁਸਕ-ਡੁਸਕ ਕੇ, ਵਾਹੋਦਾਹੀ ਵੀ ਤੇ ਭੁੱਬਾਂ ਮਾਰ ਕੇ ਵੀ, ਭਾਵੇਂ ਉਸ ਦੀਆਂ ਭੁੱਬਾਂ ਦੀ ਆਵਾਜ਼ ਇਸ ਖੁੱਡਾ ਨੁਮਾ ਕਮਰੇ ਦੀਆਂ ਚਾਰ ਕੰਧਾਂ ਤੋਂ ਬਗ਼ੈਰ ਹੋਰ ਕਿਸੇ ਨਹੀਂ ਸੀ ਸੁਣੀ। ਉਹਦਾ ਜੀਅ ਇਸ ਜੀਉਂਦੇ ਨਰਕ 'ਚੋਂ ਭੱਜ ਜਾਣ ਨੂੰ ਕਰਦਾ ਸੀ। ਉਹਦਾ ਦਿਲ ਕਰਦਾ ਸੀ ਵਾਪਸ ਆਪਣੇ ਦੇਸ਼, ਆਪਣੇ ਪਿੰਡ ਚਲਾ ਜਾਏ। ਭਾਵੇਂ ਉਥੇ ਸਾਰੀ ਉਮਰ ਭੁੱਖ ਨੰਗ ਨਾਲ ਹੀ ਘੁਲਦਾ ਰਹੇ ਪਰ ਆਪਣੇ ਵਰਗੇ, ਆਪਣੇ ਲੋਕਾਂ 'ਚ ਰਹੇ—ਲੋਕ

ਜੋ ਉਹਦੇ ਹਾਣ ਦੇ ਸਨ, ਉਹਦੇ ਵਾਂਗ ਜੀਉਂਦੇ ਸਨ, ਸੋਚਦੇ ਸਨ ਤੇ ਉਹਦੇ ਵਾਂਗ ਗੱਲਾਂ ਕਰਦੇ ਸਨ। ਉੱਚੀ-ਉੱਚੀ ਹੱਸਦੇ ਸਨ ਤੇ ਭੁੱਬਾਂ ਮਾਰ-ਮਾਰ ਹੋ ਸਕਦੇ ਸਨ। ਕੋਈ ਉਹਨਾਂ ਦੇ ਅੱਥਰੂ ਪੂੰਝ ਸਕਦਾ ਸੀ—ਰੋਂਦਿਆਂ ਨੂੰ ਧਰਵਾਸ ਦੇ ਕੇ ਚੁੱਪ ਕਰਾ ਸਕਦਾ ਸੀ"।

ਬਰਤਾਨਵੀ ਸਮਾਜ ਵਿਚ ਵਿਚਰਦੀ ਪੰਜਾਬੀਆ ਦੀ ਪਹਿਲੀ ਪੀੜ੍ਹੀ ਆਪਣੇ ਮੂਲ ਸਭਿਆਚਾਰ, ਕਦਰਾ ਕੀਮਤਾਂ ਤੋਂ ਵਾਪਸ ਆਪਣੇ ਵਤਨ ਮੁੜ ਜਾਣ ਦਾ ਖ਼ਿਆਲ ਕਦੇ ਨਹੀਂ ਤਿਆਗਦੇ। ਉਨ੍ਹਾਂ ਨੂੰ ਹਮੇਸ਼ਾ ਆਪਣੇ ਪਿੰਡ ਜਾਣ ਦੀ ਤਾਂਘ ਰਹਿੰਦੀ ਹੈ। ਇਸੇ ਤਾਂਘ ਵਿਚੋਂ ਭੂ-ਹੇਰਵਾ ਉਨ੍ਹਾਂ ਨੂੰ ਘੇਰਾ ਪਾ ਲੈਂਦਾ ਹੈ। ਇਸ ਹੇਰਵੇ ਨੇ ਉੱਥੇ ਰਹਿ ਰਹੇ ਪੰਜਾਬੀਆਂ ਨੂੰ ਗਹਿਰੇ ਮਾਨਸਿਕ ਤਣਾਅ ਵੱਲ ਧਕੇਲਿਆ ਹੈ। ਸਵਰਨ ਚੰਦਨ ਦਾ ਨਾਵਲ 'ਕਦਰਾਂ ਕੀਮਤਾਂ' ਸਪੱਸ਼ਟ ਕਰਦਾ ਹੈ ਕਿ ਪੰਜਾਬੀ ਕਿਸੇ ਵੀ ਦੇਸ਼ ਵਿਚ ਕਿਉ ਨਾ ਚਲਾ ਜਾਵੇ ਪਰੰਤੂ ਉਸ ਨੂੰ ਆਪਣਾ ਪਿਛੋਕੜ, ਸਭਿਆਚਾਰ, ਕਦਰਾਂ ਕੀਮਤਾਂ ਨਾਲ ਇਸ ਹੱਦ ਤਕ ਮੋਹ ਹੁੰਦਾ ਹੈ ਕਿ ਉਸ ਨੂੰ ਕਿਸੇ ਵੀ ਸ਼ਰਤ 'ਤੇ ਤਿਆਗਣਾ ਅਸੰਭਵ ਹੈ। ਨਾਵਲ ਵਿਚ ਇਸ ਸੰਬੰਧੀ ਇਕ ਘਟਨਾ ਸਾਹਮਣੇ ਆਉਂਦੀ ਹੈ। ਜਿਵੇਂ:

> "ਜਦੋਂ ਕਿਸੇ ਦੇਸ਼ ਦੇ ਵਸਨੀਕ ਪ੍ਰਵਾਸੀ ਬਣ ਕੇ ਕਿਤੇ ਦੂਸਰੇ ਮੁਲਕ ਵਿਚ ਜਾ ਵਸਦੇ ਹਨ ਤਾ ਉਹ ਸਦਾ ਆਪਣੇ ਦੇਸ਼ ਆਪਣੀਆ ਕਦਰਾ-ਕੀਮਤਾ ਨਾਲ ਹੀ ਜੁੜੇ ਰਹਿੰਦੇ ਹਨ। ਉਹਨਾਂ ਨੂੰ ਉਹ ਛੱਡ ਹੀ ਨਹੀਂ ਸਕਦੇ। ਬਲਕਿ ਉਹਨਾਂ ਦੇ ਮਨਾਂ ਦੀ ਕਿਸੇ ਨੁੱਕਰ ਵਿਚ ਹਮੇਸ਼ਾਂ ਵਾਪਸ ਪਰਤ ਜਾਣ ਦਾ ਖਿਆਲ ਬਣਿਆ ਰਹਿੰਦਾ ਹੈ। ਉਹਨਾਂ ਨੂੰ ਘਰ ਦਾ ਉਦਰੇਵਾ ਕਦੇ ਨਹੀਂ ਛੱਡਦਾ। ਉਹ ਮਰਦੇ ਦਮ ਤਕ ਇਸ 'ਨਾਸਟੈਲਜੀਏ' ਤੋਂ ਛੁੱਟੀ ਨਹੀਂ ਪਾ ਸਕਦੇ। ਉਹ ਰਹਿੰਦੇ ਤਾਂ ਵੱਖਰੀ ਕਲਚਰ ਵਿਚ ਹਨ ਪਰ ਸੋਚਦੇ ਹਮੇਸ਼ਾ ਆਪਣੀ ਕਲਚਰ ਦੇ ਸੰਬੰਧ ਵਿਚ ਹਨ।"

7.2.4 ਸਿੱਟਾ: ਇਸ ਤਰ੍ਹਾਂ ਸਵਰਨ ਚੰਦਨ ਦੇ ਨਾਵਲ ਵਿਚ ਪੇਸ਼ ਬਰਤਾਨਵੀ ਪੰਜਾਬੀ ਸਰੋਕਾਰਾਂ ਦੇ ਦਵੰਦ ਦਾ ਅਧਿਐਨ ਕਰਦਿਆਂ ਸਪੱਸ਼ਟ ਹੁੰਦਾ ਹੈ ਕਿ ਬਰਤਾਨਵੀ ਸਮਾਜ ਵਿਚ ਵਿਚਰ ਰਹੇ ਪੰਜਾਬੀਆਂ ਨੂੰ ਉੱਥੋਂ ਦੇ ਸਮਾਜ- ਸਭਿਆਚਾਰਕ ਵਖਰੇਵੇਂ ਕਾਰਨ ਬਹੁਤ ਸਾਰੀਆਂ ਅਜਿਹੀਆਂ ਸਮੱਸਿਆਵਾਂ ਤੇ ਚੁਣੌਤੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ, ਜਿਹੜੀਆਂ ਰੰਗ, ਨਸਲ, ਭਾਸ਼ਾ ਤੇ ਸਭਿਆਚਾਰ ਕਾਰਨ ਪੈਦਾ ਹੁੰਦੀਆਂ ਹਨ। ਇਨ੍ਹਾਂ ਚੁਣੌਤੀਆਂ ਤੇ ਸਮੱਸਿਆਵਾਂ ਅੱਗੇ ਪੰਜਾਬੀਆਂ ਦੀ ਪਹਿਲੀ ਪੀੜ੍ਹੀ ਤਾਂ ਕੁਝ ਹੱਦ ਤਕ ਝੁਕ ਜਾਂਦੀ ਜਾਂ ਹਾਲਾਤਾਂ ਨਾਲ ਸਮਝੌਤਾ ਕਰ ਲੈਂਦੀ ਹੈ ਪਰੰਤੂ ਉਨ੍ਹਾਂ ਦੀ ਨਵੀਂ ਪੀੜ੍ਹੀ ਇਨ੍ਹਾਂ ਚੁਣੌਤੀਆਂ ਤੇ ਸਮੱਸਿਆਵਾਂ ਪ੍ਰਤੀ ਆਪਣੇ ਆਪ ਨੂੰ ਜ਼ਿੰਮੇਵਾਰ ਨਾ ਮੰਨਦੇ

ਹੋਏ, ਇਨ੍ਹਾਂ ਦਾ ਡੱਟ ਕੇ ਵਿਰੋਧ ਕਰਦੀ ਹੈ। ਇਸ ਵਿਰੋਧ ਵਿਚੋਂ ਹੀ ਤਣਾਅ ਪੈਦਾ ਹੁੰਦਾ ਹੈ। ਇਹ ਤਣਾਅ ਉੱਥੇ ਰਹਿ ਰਹੇ ਪੰਜਾਬੀਆਂ ਲਈ ਮਾਨਸਿਕ ਉਲਝਣਾਂ ਪੈਦਾ ਕਰਦਾ ਹੈ। ਇਨ੍ਹਾਂ ਉਲਝਣਾਂ ਵਿਚੋਂ ਨਿਕਲਣ ਲਈ ਪੰਜਾਬੀਆਂ ਦੀ ਪਹਿਲੀ ਪੀੜ੍ਹੀ ਆਪਣੇ ਬੱਚਿਆਂ ਨੂੰ ਪੰਜਾਬੀ ਸਭਿਆਚਾਰ ਤੇ ਪੰਜਾਬੀ ਕੁੜੀਮੁੰਡੇ ਨਾਲ ਵਿਆਹ ਕਰਨ ਲਈ ਆਖਦੀ ਹੈ ਪਰੰਤੂ ਸਭਿਆਚਾਰਕ ਤੇ ਮਾਨਸਿਕਤਾਵਾਂ ਦਾ ਵਖਰੇਵਾਂ ਉਨ੍ਹਾਂ ਦੀ ਇਸ ਇੱਛਾ ਨੂੰ ਪੂਰਾ ਨਹੀਂ ਹੋਣ ਦਿੰਦਾ। ਜਿਸ ਕਾਰਨ ਅੱਗੋਂ ਹੋਰ ਕਈ ਪ੍ਰਕਾਰ ਦੀਆਂ ਸਮੱਸਿਆਵਾਂ ਪੈਦਾ ਹੁੰਦੀਆਂ ਰਹਿੰਦੀਆਂ ਹਨ। ਇਸ ਤਰ੍ਹਾਂ ਸਵਰਨ ਚੰਦਨ ਦਾ ਨਾਵਲ 'ਨਵੇਂ ਰਿਸ਼ਤੇ' ਬਰਤਾਨਵੀ ਪੰਜਾਬੀ ਸਰੋਕਾਰਾਂ ਦੇ ਦਵੰਦ ਨੂੰ ਪ੍ਰਗਟਾਉਂਦੇ ਹੋਏ, ਪੰਜਾਬੀਆਂ ਦੀ ਮਾਨਸਿਕ ਦਸ਼ਾ ਨੂੰ ਸਮਝਣ ਵਿਚ ਜਤਨਸ਼ੀਲ ਹਨ।

## ਐੱਮ.ਏ. ਪੰਜਾਬੀ

## ਸਮੈਸਟਰ- ਤੀਸਰਾ

## ਪਰਵਾਸੀ ਪੰਜਾਬੀ ਸਾਹਿਤ

ਯੂਨਿਟ-8

ਨਵੇਂ ਰਿਸ਼ਤੇ:ਅਧਿਐਨ ਦ੍ਰਿਸ਼ਟੀ

8. ਨਵੇਂ ਰਿਸ਼ਤੇ: ਅਧਿਐਨ ਦ੍ਰਿਸ਼ਟੀ

8.1 ਵਿਸ਼ਾ-ਵਸਤੂ

8.2 ਪਲਾਟ—

8.3 ਪਾਤਰ ਉਸਾਰੀ

8.4 ਵਾਰਤਾਲਾਪ-

8.5 ਦੇਸ਼ ਕਾਲ ਜਾਂ ਸਥਾਨਕ ਰੰਗਣ

8.6 ਸ਼ੈਲੀ

8.7 ਉਦੇਸ਼

8.8 ਸਿੱਟਾ

## 8. ਨਵੇਂ ਰਿਸ਼ਤੇ:ਅਧਿਐਨ ਦ੍ਰਿਸ਼ਟੀ

ਪਿਆਰੇ ਵਿਦਿਆਰਥੀਓ ! ਸਵਰਨ ਚੰਦਨ ਪਰਵਾਸੀ ਪੰਜਾਬੀ ਗਲਪ ਸਾਹਿਤ ਵਿੱਚ ਇੱਕ ਸਿਰਕੱਢ ਤੇ ਮਹੱਤਵਪੂਰਨ ਹਸਤਾਖਰ ਹੈ। 'ਨਵੇਂ ਰਿਸ਼ਤੇ' ਸਵਰਨ ਚੰਦਨ ਦਾ ਪ੍ਰਸਿੱਧ ਨਾਵਲ ਹੈ, ਜਿਸਦੀ ਪੰਜਾਬੀ ਗਲਪ ਖੇਤਰ ਵਿੱਚ ਵਿਸ਼ੇਸ਼ ਚਰਚਾ ਹੋਈ ਹੈ। ਇਸ ਨਾਵਲ ਵਿੱਚ ਲੇਖਕ ਨੇ ਪਰਵਾਸੀ ਜੀਵਨ ਦੀਆਂ ਅਨੇਕਾਂ ਸਮੱਸਿਆਵਾਂ ਨੂੰ ਆਪਣੇ ਨਾਵਲ ਵਿੱਚ ਚਿਤਰਿਆ ਹੈ। ਇਸ ਤੋਂ ਪਹਿਲਾਂ ਕਿ ਅਸੀਂ ਇਸ ਨਾਵਲ ਦੇ ਵਿਸ਼ਾ ਵਸਤੂ ਸੰਬੰਧੀ ਚਰਚਾ ਕਰੀਏ ਅਸੀਂ ਵਖਾਂਗੇ ਕਿ ਵਿਸ਼ਾ-ਵਸਤੂ ਕੀ ਹੁੰਦਾ ਹੈ ਤੇ ਨਾਵਲ ਵਿੱਚ ਇਸਦਾ ਕੀ ਮਹੱਤਵ ਹੈ।

8.1 **ਵਿਸ਼ਾ-ਵਸਤੂ**—ਕਿਸੇ ਸਾਹਿਤਕ ਰਚਨਾ ਉੱਪਰ ਪਕੜ ਕਾਇਮ ਕਰਨ ਲਈ ਜਰੂਰੀ ਹੈ ਕਿ ਸਭ ਤੋਂ ਪਹਿਲਾਂ ਉਸਦੇ ਵਸਤੂ ਪੱਖ ਨੂੰ ਪਹਿਚਾਣ ਲਿਆ ਜਾਏ। ਹਰ ਸਾਹਿਤਕਾਰ ਰਚਨਾ ਦੇ ਦੋ ਭਾਗ ਕੀਤੇ ਜਾ ਸਕਦੇ ਹਨ, 'ਕੀ ਕਿਹਾ ਤੇ ਕਿਵੇਂ ਕਿਹਾ ਕੀ ਕਿਹਾ' ਉਸਦਾ ਵਿਸ਼ਾ ਵਸਤੂ ਹੁੰਦਾ ਹੈ ਤੇ ਕਿਵੇਂ ਕਿਹਾ ਉਸਦਾ ਰੂਪ ਜਾਂ ਬਣਤਰ। ਕਿਸੇ ਰਚਨਾ ਦੇ ਵਿਸ਼ੇਗਤ ਅਧਿਐਨ ਵਿੱਚ ਉਸ ਵਿਚਲੀ ਸਮੱਸਿਆ ਤੇ ਲੇਖਕ ਦੀ ਵਿਚਾਰਧਾਰਾ ਆਉਂਦੇ ਹਨ। ਨਾਵਲ ਵਿੱਚ ਵਿਸ਼ੇ ਦਾ ਮਹੱਤਵ ਇਸ ਦੇ ਬਾਕੀ ਤੱਤਾਂ ਨਾਲ ਵਧੇਰੇ ਹੁੰਦਾ ਹੈ। ਅਸਲ ਵਿੱਚ ਵਿਸ਼ਾ ਉਹ ਸਮੱਸਿਆ ਹੁੰਦੀ ਹੈ, ਜਿਸ ਵੱਲ ਧਿਆਨ ਦਿਵਾਉਣ ਲਈ ਨਾਵਲਕਾਰ ਨਾਵਲ ਲਿਖਦਾ ਹੈ। ਪ੍ਰਸਿੱਧ ਵਿਦਵਾਨ ਤੇ ਨਾਵਲਕਾਰ ਆਰਨਲਡ ਬੈਨਟ ਨੇ ਇਕ ਵਾਰੀ ਕਿਹਾ ਸੀ, "ਹਰ ਨਾਵਲ ਇੱਕ ਦਰਜਨ ਸ਼ਬਦਾਂ ਵਿੱਚ ਧਿਆਨ ਕੀਤੀ ਜਾ ਸਕਦੀ ਹੈ। ਇਹ ਇਕ ਦਰਜਨ ਸ਼ਬਦ ਨਾਵਲ ਦਾ ਵਿਸ਼ਾ ਹੁੰਦੇ ਹਨ। ਵਿਸ਼ਾ ਨਾਵਲਕਾਰ ਦਾ ਆਪਣੇ ਪਾਠਕਾਂ ਪ੍ਰਤੀ ਸੰਦੇਸ਼ ਜਾਂ ਉਹ ਉਦੇਸ਼ ਹੈ ਜਿਸ ਨੂੰ ਮੁੱਖ ਰੱਖ ਕੇ ਨਾਵਲਕਾਰ ਰਚਨਾ ਕਰਦਾ ਹੈ।"

ਕਈ ਆਲੋਚਕਾ ਨੇ ਨਾਵਲ ਵਿੱਚ ਵਿਸ਼ੇ ਵਸਤੂ ਨੂੰ ਵਧੇਰੇ ਮਹੱਤਤਾ ਨਹੀਂ ਦਿੱਤੀ, ਪਰ ਅਸੀਂ ਇਸ ਨੂੰ ਨਜਰ ਅੰਦਾਜ ਨਹੀਂ ਕਰ ਸਕਦੇ। ਨਾਵਲ ਦੇ ਵਿਸ਼ੇ ਵਸਤੂ ਦੀ ਗੱਲ ਕਰਦੇ ਹੋਏ ਪ੍ਰੋ. ਨਿਰੰਜਨ ਤਸਨੀਮ ਲਿਖਦੇ ਹਨ ਕਿ "ਇਹ ਗੱਲ ਨਜਰ ਅੰਦਾਜ ਨਹੀਂ ਕੀਤੀ ਜਾਣੀ ਚਾਹੀਦੀ ਕਿ ਨਾਵਲ ਦਾ ਸਭ ਤੋਂ ਮਹੱਤਵਪੂਰਨ ਤੱਤ ਉਸਦਾ ਵਿਸ਼ਾ ਹੈ ਅਤੇ ਜਿੰਨਾ ਚਿਰ ਇਸ ਵਿੱਚ ਜਾਨ ਨਹੀਂ, ਰਚਨਾ ਵਿੱਚ ਨਿੱਘ ਨਹੀਂ ਪੈਦਾ ਹੋ ਸਕੇਗਾ। ਵਿਸ਼ੇ ਦੀ ਨਾਵਲ ਵਿੱਚ ਮਹਾਨਤਾ ਹੈ। ਇਸ ਤੋਂ ਬਿਨਾਂ ਨਾਵਲ ਦੀ ਹੋਂਦ ਨੂੰ ਸਵਿਕਾਰ ਕਰਨਾ ਇਸ ਤਰ੍ਹਾਂ ਹੈ ਜਿਵੇਂ ਰੂਹ ਤੋਂ ਬਿਨਾਂ ਅਸੀਂ ਸਰੀਰ ਨੂੰ ਕਿਆਸ ਕਰ ਲਈਏ।

ਵਿਸ਼ਾ ਭਾਵ ਹੈ, ਕੇਂਦਰੀ ਜਾਂ ਮੁੱਖ ਭਾਵ, ਜਿਸ ਉੱਤੇ ਨਾਵਲ ਦਾ ਢਾਂਚਾ ਉਸਾਰਿਆ ਗਿਆ ਹੈ। ਇਸ ਨੂੰ ਜੇ ਨਾਵਲ ਦੀ ਰੂਹ ਕਿਹਾ ਜਾਵੇ ਤਾਂ ਗਲਤ ਨਹੀਂ ਹੋਵੇਗਾ। ਇਹ ਨਾਵਲਿਸਟ ਦਾ ਤਸੱਵਰ ਹੈ, ਜਿਸਦੇ ਦੁਆਲੇ ਸਾਰੇ ਨਾਵਲ ਨੇ ਘੁੰਮਣਾ ਹੈ। ਨਾਵਲਕਾਰ ਜੀਵਨ ਆਪਣਾ ਵਸਤੂ ਬਣਾਉਂਦਾ ਹੈ। ਇਹ ਗੱਲ ਠੀਕ ਹੈ, ਪਰ ਜੀਵਨ ਈਤਨਾ ਵੱਡਾ ਤੇ ਸਰਬਪੱਖੀ ਹੈ ਕਿ ਕੋਈ ਨਾਵਲਕਾਰ ਭਾਵ ਕਿਤਨਾ ਵੱਡਾ ਕਿਉਂ ਨਾ ਹੋਵੇ, ਸਾਰੇ ਜੀਵਨ ਨੂੰ ਆਪਣੀ ਪਕੜ ਵਿੱਚ ਨਹੀਂ ਲੈ ਸਕਦਾ। ਉਹ ਇਸਦੇ ਜੀਵਨ ਵਿੱਚੋਂ ਕੋਈ ਵਿਸ਼ੇਸ਼ ਖਿਆਲ ਚੁਣ ਲੈਂਦਾ ਹੈ। ਇਹ ਵਿਸ਼ੇਸ਼ ਖਿਆਲ ਨਾਵਲ ਦਾ ਵਿਸ਼ਾ ਹੈ।

ਸਵਰਨ ਚੰਦਨ  ਇੱਕ ਪ੍ਰਵਾਸੀ ਬਰਤਾਨਵੀਂ ਗਲਪਕਾਰ ਹੈ, ਜਿਸ ਦੇ ਨਾਵਲ ਪੰਜਾਬੀ ਸਾਹਿਤ ਵਿੱਚ ਵਿਸ਼ੇ ਪੱਖ ਨਵੇਂ ਸਰੋਕਾਰਾਂ ਨੂੰ ਪੇਸ਼ ਕਰਦੇ ਹਨ। ਉਹ ਪਿਛਲੇ ਕਈ ਸਾਲਾਂ ਤੋਂ ਬਰਤਾਨੀਆ ਵਿੱਚ ਵਸਿਆ ਹੋਣ ਕਰਕੇ ਪੰਜਾਬੀ ਪਰਵਾਸੀਆਂ ਦੀਆਂ ਹਰੇਕ ਤਰ੍ਹਾਂ ਦੀਆਂ ਸਮੱਸਿਆਵਾਂ ਤੋਂ ਭਲੀ-ਭਾਂਤ ਜਾਣੂ ਹੈ। ਉਸ ਨੇ ਇਸ ਨਾਵਲ ਵਿੱਚ ਪਰਵਾਸੀ ਭਾਰਤੀਆਂ ਖਾਸ ਕਰਕੇ ਪੰਜਾਬੀਆਂ ਦੀਆਂ ਸਮੱਸਿਆਵਾਂ ਅਤੇ ਸਥਾਪਤੀ ਲਈ ਕੀਤੇ ਜਾਂਦੇ ਜਾਂਦੇ ਜਤਨਾ ਨੂੰ ਵਿਸ਼ਾ ਵਸਤੂ ਬਣਾਇਆ ਹੈ। ਵੇਖਣ ਵਾਲੀ ਗੱਲ ਇਹ ਹੈ ਕਿ ਉਹ ਹਰ ਸਮੱਸਿਆ ਨੂੰ ਬਹੁਤ ਹੀ ਪਿੱਠ ਦੇ ਅਤੇ ਸ਼ਿੱਦਤ ਨਾਲ ਉਸ ਦਾ ਹਰ ਪੱਖ ਵਿਚਾਰ ਕੇ ਆਪਣੇ ਨਾਵਲਾ ਦਾ ਵਸਤੂ ਬਣਾਉਂਦਾ ਹੈ। ਇਸ ਤੋਂ ਪਹਿਲਾਂ ਵੀ ਯਥਾਰਥਵਾਦੀ ਪਹੁੰਚ ਸਵਰਨ ਚੰਦਨ ਆਪਣੇ ਨਾਵਲਾਂ ਵਿੱਚ ਆਪਣਾ ਚੁੱਕਿਆ ਹੈ ਤੇ ਉਸ ਤੋਂ ਪਿੱਛੋਂ ਹਰਜੀਤ ਅਟਵਾਲ ਨੇ ਪਰਵਾਸੀ ਪੰਜਾਬੀਆਂ ਦੀਆਂ ਸਮੱਸਿਆਵਾਂ ਨੂੰ ਬਹੁਤ ਹੀ ਮਜ਼ਬੂਤੀ ਨਾਲ ਆਪਣੇ ਨਾਵਲਾਂ ਦਾ ਵਿਸ਼ਾ ਬਣਾਇਆ ਹੈ। ਸਵਰਨ ਚੰਦਨ ਦੇ ਨਾਵਲ ਦੇ ਵਿਸ਼ੇ ਜਿੱਥੇ ਪੈਸੇ ਦੀ ਖੱਟੀ ਕਮਾਈ ਲਈ ਪਰਵਾਸੀ ਭਾਰਤੀਆਂ ਵੱਲੋਂ ਕੀਤੀ ਜਾਂਦੀ ਜਦੋਂ- ਜਹਿਦ, ਪਰਵਾਸ ਵਿੱਚ ਤੰਗੀਆਂ-ਤੁਰਸ਼ੀਆਂ ਕੱਟ ਕੇ ਪੈਸੇ ਜੋੜਨ ਦੀ ਲਾਲਸਾ ਭੂ-ਹੇਰਵਾ, ਨਸਲੀ ਵਿਤਕਰਿਆਂ ਦਾ ਸਾਹਮਣਾ, ਸਥਾਪਤੀ ਦੇ ਯਤਨ ਤੇ ਹੱਥ ਕੰਡੇ, ਸਭਿਆਚਾਰਕ ਤਣਾਉ ਆਦਿ ਹਨ, ਉੱਥੇ ਸਭ ਤੋਂ ਵਧੇਰੇ ਪਰਵਾਸੀ ਪੰਜਾਬੀਆਂ ਦੇ ਪੱਛਮੀਕਰਨ ਦੇ ਸਰੋਕਾਰਾਂ, ਰਿਸ਼ਤਿਆਂ ਵਿੱਚ ਪੈਦਾ ਹੋਏ ਤਣਾਉ ਤੇ ਮਨੁੱਖੀ ਰਿਸ਼ਤਿਆਂ ਦੀਆਂ ਗੁੰਝਲਾਂ ਨੂੰ ਬਿਆਨ ਕਰਨ ਵੱਲ ਰੁਚਿਤ ਰਿਹਾ ਹੈ। ਉਹ ਟੁੱਟਦੇ ਰਿਸ਼ਤਿਆਂ ਵਿੱਚ ਪੂਰਬ ਤੋਂ ਪੱਛਮ ਦੀਆਂ ਸੰਸਕ੍ਰਿਤੀਆਂ ਉੱਤੇ ਆਧਾਰਿਤ ਵਿਆਹ ਸੰਸਥਾਵਾਂ ਦੇ ਜੀਵਨ ਮੁੱਲਾਂ ਦੇ ਦਵੰਦ ਨੂੰ ਅਤੇ ਔਰਤ-ਮਰਦ ਦੇ ਸੰਬੰਧਾਂ ਨੂੰ ਸੂਖਮ ਰੂਪ ਵਿੱਚ ਆਪਣੇ ਨਾਵਲਾਂ ਦਾ ਵਿਸ਼ਾ ਬਣਾਉਂਦਾ ਹੈ। ਇਵੇਂ ਉਸ ਦੇ ਨਾਵਲ ਵਿਸ਼ੇ ਪੱਖ ਬਹੁ-ਪਾਸਾਰੀ, ਬਹੁ-ਪਰਤੀ ਅਤੇ ਪਰਵਾਸੀ ਜੀਵਨ ਦੇ ਅਨੇਕਾਂ ਪਸਾਰਾਂ ਨਾਲ ਭਰਪੂਰ ਹੁੰਦੇ ਹਨ।

8.2 **ਪਲਾਟ—** ਕਹਾਣੀ ਦੀਆਂ ਘਟਨਾਵਾਂ ਨੂੰ ਵਿਸ਼ੇਸ਼ ਤਰਤੀਬ ਵਿੱਚ ਪੇਸ਼ ਕਰਨ ਦਾ ਨਾ ਪਲਾਟ ਹੈ। ਪ੍ਰੋ. ਪ੍ਰਮਿੰਦਰ ਸਿੰਘ ਅਤੇ ਪ੍ਰੋ ਕਸੇਲ ਅਨੁਸਾਰ, "ਗੋਂਦ ਕਹਾਣੀ ਦੀਆਂ ਘਟਨਾਵਾਂ ਦਾ ਸੰਵਾਰਿਆ ਹੋਇਆ, ਸਾਧਿਆ ਹੋਇਆ ਤੇ ਕਿਸੇ ਉਦੇਸ਼ ਜਾਂ ਮੰਤਵ ਦੀ ਪੂਰਤੀ ਲਈ ਬਦਲਾਇਆ ਹੋਇਆ ਰੂਪ ਹੈ। ਬਨਾਵਟ ਗੋਂਦ ਦਾ ਪ੍ਰਤੱਖ-ਲੱਛਣ ਹੈ। ਜੀਵਨ ਦੀ ਕੋਈ ਘਟਨਾ ਆਪਣੇ ਆਪ ਵਿੱਚ ਅਜਿਹਾ ਸਾਧਿਆ ਹੋਇਆ ਰੂਪ ਘੱਟ ਹੀ ਰੱਖਦੀ ਹੈ, ਪਰ ਸਾਹਿਤ ਵਿੱਚ ਇਸ ਸਾਧਨਾਂ ਤੇ ਬਨਾਵਟ ਦੀ ਘੱਟ ਹੀ ਲੋੜ ਪੈਂਦੀ ਹੈ, ਕਿਉਂ ਜੋ ਸਾਹਿਤ ਜੀਵਨ ਦੀ ਹੂ-ਬ-ਹੂ ਨਕਲ ਨਹੀਂ, ਇੱਕ ਉਚੇਰੇ ਆਦਰਸ਼ ਵਾਲਾ ਚਿੱਤਰ ਹੈ। ਜਦੋਂ ਘਟਨਾਵਾਂ ਵਿੱਚ ਬਨਾਵਟ ਜਾ ਸਾਧਨਾ ਰਾਹੀਂ ਅਰਥ ਪੈਦਾ ਕੀਤੇ ਜਾਂਦੇ ਹਨ, ਤਾਂ ਉਹ ਗੋਂਦ ਬਣ ਜਾਂਦੀ ਹੈ।

ਨਾਨਕ ਸਿੰਘ ਦੀਆਂ ਨਜ਼ਰਾਂ ਵਿੱਚ, "ਪਲਾਟ ਦਾ ਦਰਜਾ ਨਾਵਲ ਲਈ ਉਸ ਤਰ੍ਹਾਂ ਦਾ ਹੈ ਜਿਵੇਂ ਗੁਲਦਸਤੇ ਲਈ ਇੱਕ ਖੂਬਸੂਰਤ ਫੁੱਲਦਾਨ ਦਾ। ਫੁੱਲ ਕਿੰਨੇ ਹੀ ਵਧੀਆ ਕਿਸਮ ਦੇ ਹੋਣ, ਮਾਲੀ ਕਿੰਨਾ ਹੀ ਸੁਚੱਜਾ ਹੋਵੇ। ਜੋ ਚੰਗੇ ਫੁੱਲਦਾਨ ਦੀ ਥਾਂ ਖੂਹ ਦੀ ਟਿੰਡ ਵਿੱਚ ਉਨ੍ਹਾਂ ਨੂੰ ਸਜਾ ਦੇ ਕਿਸੇ ਮੇਜ 'ਤੇ ਰੱਖ ਦਿੱਤਾ ਜਾਵੇ ਤਾਂ ਉਸਦਾ ਕੀ ਮੁੱਲ ਪਏਗਾ।

ਪ੍ਰੋ. ਸੁਤਿੰਦਰ ਸਿੰਘ ਨਰੂਲਾ ਨੇ ਕਿਹਾ ਹੈ ਕਿ, "ਜਿਹੜਾ ਨਾਵਲਕਾਰ ਆਪਣੀਆਂ ਬਿਆਨ ਕੀਤੀਆਂ ਹੋਈਆਂ ਘਟਨਾਵਾਂ ਦੀ ਨੁਹਾਰ ਨੂੰ ਨਹੀਂ ਸੰਭਾਲ ਸਕਦਾ, ਉਸ ਨੂੰ ਸਫਲਤਾ ਪ੍ਰਾਪਤ ਨਹੀਂ ਹੋ ਸਕਦੀ।"

ਵਿਦਵਾਨਾਂ ਨੇ ਪਲਾਟ ਦੇ ਤਿੰਨ ਗੁਣ ਮੰਨੇ ਹਨ—ਮੌਲਿਕਤਾ, ਰੋਚਕਤਾ ਅਤੇ ਸੁਭਾਵਿਕਤਾ। ਜਿਨ੍ਹਾਂ ਨਾਵਲਾਂ ਵਿੱਚ ਕਥਾ-ਵਸਤੂ ਜਾਂ ਘਟਨਾਵਾਂ ਦੀ ਪ੍ਰਧਾਨਤਾ ਹੁੰਦੀ ਹੈ, ਉਹਨਾਂ ਨੂੰ ਘਟਨਾ ਪ੍ਰਧਾਨ ਨਾਵਲ ਕਿਹਾ ਜਾਂਦਾ ਹੈ।

ਸਵਰਨ ਚੰਦਨ ਨੇ ਇਸ ਨਾਵਲ ਦਾ ਪਲਾਟ ਇਸ ਤਰ੍ਹਾਂ ਬਣਾਇਆ ਕਿ ਹਰ ਕਾਂਡ ਵਿੱਚ ਉਸ ਦੇ ਪਾਤਰ ਖੁਦ ਹੀ ਆਪਣੀ-ਆਪਣੀ ਕਹਾਣੀ ਬਿਆਨ ਕਰਦੇ ਹਨ। ਇਸ ਨਾਵਲ ਦਾ ਪਲਾਟ ਬਹੁਤ ਹੀ ਗੁੰਦਵਾਂ, ਉਤਸੁਕਤਾ ਭਰਪੂਰ ਤੇ ਦਿਲਚਸਪ ਹੈ।

8.3 **ਪਾਤਰ ਉਸਾਰੀ**—ਕਿਸੇ ਰਚਨਾ ਵਿੱਚ ਆਏ ਕਿਰਦਾਰਾਂ ਦੀ ਸੁਭਾਅ ਉਸਾਰੀ ਜਾਂ ਚਰਿੱਤਰ ਚਿਤਰਨ ਅਖਵਾਉਂਦੀ ਹੈ।

ਡਾ. ਸੂਰੀ ਅਨੁਸਾਰ, "ਨਾਵਲਕਾਰ ਆਪਣਾ ਸਾਰਾ ਧਿਆਨ ਉਨ੍ਹਾਂ ਲੋਕਾਂ ਦੀ ਤਸਵੀਰ ਪੇਸ਼ ਕਰਨ ਵਿੱਚ ਲਾਏ, ਜਿਨ੍ਹਾਂ ਬਾਰ ਉਹ ਨਾਵਲ ਲਿਖ ਰਿਹਾ ਹੈ। ਇਹ ਲੋਕ ਉਸ ਦੇ ਨਾਵਲ ਦੇ ਪਾਤਰ ਅਖਵਾਉਂਦੇ ਹਨ।

ਪਾਤਰ ਉਸਾਰੀ ਵਿੱਚ ਪਾਤਰ ਦਾ ਚਿਹਰਾ-ਮੋਹਰਾ ਦਰਸਾਉਣਾ, ਉਸ ਦੇ ਚਰਿੱਤਰ ਨੂੰ ਉਭਾਰਨਾ ਅਤੇ ਉਸ ਦੀਆਂ ਕਿਰਿਆਵਾਂ ਪਿੱਛੇ ਮੌਜੂਦ ਮਾਨਸਿਕਤਾ ਨੂੰ ਪ੍ਰਗਟਾਉਣਾ ਹੈ। ਨਾਵਲ ਵਿੱਚ ਪਾਤਰ ਉਸਾਰੀ ਦਾ ਮਹੱਤਵ ਬਹੁਤ ਜਿਆਦਾ ਹੁੰਦਾ ਹੈ। ਪਾਤਰ, ਨਾਵਲ ਦੀ ਰੀੜ ਦੀ ਹੱਡੀ ਹੁੰਦੇ ਹਨ, ਜਿਸ ਦੇ ਸਹਾਰੇ ਨਾਵਲ ਖੜ੍ਹਾ ਹੁੰਦਾ ਹੈ। ਜੇ ਕਿਸੇ ਨਾਵਲ ਵਿਚਲੀ ਪਾਤਰ-ਉਸਾਰੀ ਚੰਗੀ ਨਾ ਹੋਵੇ ਤਾਂ ਨਾਵਲ ਕਦੀ ਵੀ ਵਧੀਆ ਨਹੀਂ ਹੋ ਸਕਦਾ।

ਡਾ. ਪ੍ਰਤਾਪ ਨਰਾਇਣ ਟੰਡਨ ਨੇ ਸ਼ਬਦਾਂ ਵਿੱਚ, "ਉਪਨਿਆਸ ਅੰਦਰ ਪ੍ਰਤੀਬਿੰਬਤ ਹੋਂਦ ਤੇ ਮਾਨਵ ਜੀਵਨ ਦਾ ਪ੍ਰੀਚੈ ਦੇਣ ਵਿੱਚ ਵੀ ਪਾਤਰ ਉਸਾਰੀ ਸਹਾਈ ਹੁੰਦੀ ਹੈ"।

ਸਵਰਨ ਚੰਦਨ ਦੇ ਇਸ ਨਾਵਲ ਵਿੱਚ ਪਾਤਰ ਉਸਾਰੀ ਕਰਨ ਸਮੇਂ ਲੇਖਕ ਨੇ ਕਈ ਗੱਲਾਂ ਦਾ ਧਿਆਨ ਰੱਖਿਆ ਹੈ—

(ੳ) ਪਾਤਰ, ਪਲਾਟ ਦੇ ਦਿਖਾਈ ਦਿੰਦੇ ਹੈ। ਅਨੁਕੂਲ ਲਏ ਗਏ ਹਨ ਅਤੇ ਪਲਾਟ ਤੇ ਪਾਤਰ ਉਸਾਰੀ ਵਿਚਕਾਰ ਵਿਰੋਧ ਨਹੀਂ ਦਿਖਾਈ ਦਿੰਦਾ।

ਅ) ਪਾਤਰਾਂ ਦਾ ਵਿਉਹਾਰ ਸੁਭਾਵਕ ਹੋਣਾ ਹੈ। ਅਜਿਹਾ ਹੋਣ 'ਤੇ ਹੀ ਪਾਠਕਾਂ ਦੀ ਇਸ ਵਿੱਚ ਦਿਲਚਸਪੀ ਲਗਾਤਾਰ ਬਣੀ ਹੋਈ ਹੈ।

ੳ) ਪਾਤਰ ਆਪੋ ਆਪਣੀ ਸ਼੍ਰੇਣੀ ਦੀ ਪ੍ਰਤੀਨਿਧਤਾ ਕਰਨ ਵਾਲੇ ਹਨ। ਇਸੇ ਲਈ ਇਕ ਵੰਨਗੀ ਦਾ ਇਕ ਪਾਤਰ ਹੀ ਲਿਆ ਗਿਆ ਹੈ।

(ਸ) ਸਮਾਜਿਕ, ਰਾਜਨੀਤਿਕ ਅਤੇ ਯਥਾਰਥਵਾਦੀ ਨਾਵਲ ਵਿੱਚ ਆਮ ਪਾਤਰਾਂ ਦਾ ਆਮ ਜੀਵਨ ਵਿੱਚੋਂ ਲਿਆ ਜਾਣਾ ਜ਼ਰੂਰੀ ਹੈ। ਨਾਵਲਕਾਰ ਉਤਨਾ ਹੀ ਮਹਾਨ ਹੋਵੇਗਾ ਜਿੰਨੀ ਵਧੀਆ ਅਤੇ ਸਫਲ ਉਹ ਪਾਤਰ ਉਸਾਰੀ ਕਰ ਸਕੇਗਾ। ਇਸੇ ਕਾਰਣ ਅੰਗਰੇਜ਼ੀ ਆਲੋਚਕ ਹਡਸਨ ਨੇ ਕਿਹਾ ਹੈ ਕਿ ਅਸੀਂ ਪਾਤਰਾਂ ਨੂੰ ਜਾਣਦੇ ਹਾਂ ਉਨ੍ਹਾਂ ਤੇ ਵਿਸ਼ਵਾਸ ਕਰਦੇ ਹਾਂ ਅਤੇ ਨਾਵਲ ਦੀਆਂ ਸਾਰੀਆਂ ਘਟਨਾਵਾਂ ਨੂੰ ਆਪਣੇ ਨੇੜੇ ਲਿਆ ਕੇ ਇਸ ਤਰ੍ਹਾਂ ਮਹਿਸੂਸ ਕਰਦੇ ਹਾਂ ਕਿ ਉਹ ਲਹੂ ਮਾਸ ਦੇ ਬਣੇ ਮਨੁੱਖ ਜਾਪਣ। ਇਸ ਗੱਲ ਦਾ ਧਿਆਨ ਸਰਵਨ ਚੰਦਨ ਨੇ ਰੱਖਿਆ ਹੈ।

ਪਾਤਰ ਉਸਾਰੀ ਲਈ ਲੇਖਕ ਨੇ ਕਈ ਢੰਗਾਂ ਦੀ ਵਰਤੋਂ ਕੀਤੀ ਹੈ, ਜਿਵੇਂ ਲੇਖਕ ਦੁਆਰਾ, ਪਾਤਰਾਂ ਦੀ ਗੱਲਬਾਤ ਦੁਆਰਾ, ਘਟਨਾ ਦੁਆਰਾ, ਵਾਤਾਬਰਨ ਉਸਾਰੀ ਦੁਆਰਾ, ਮਨੋਵਿਸ਼ਲੇਸ਼ਣ ਵਿਧੀ ਆਦਿ ਦੁਆਰਾ।

**8.4 ਵਾਰਤਾਲਾਪ–** ਭਾਵੇਂ ਨਾਵਲ ਵਿੱਚ ਵਾਰਤਾਲਾਪ ਦੀ ਮਹੱਤਤਾ ਨਾਟਕ ਵਾਂਗ ਨਹੀਂ ਹੁੰਦੀ, ਪਰ ਇਸ ਦੀ ਮਹੱਤਤਾ ਨੂੰ ਖਾਰਜ ਵੀ ਨਹੀਂ ਕੀਤਾ ਜਾ ਸਕਦਾ । ਡਾ. ਸੂਰੀ ਅਨੁਸਾਰ, "ਨਾਵਲ ਵਿੱਚ ਕਾਫੀ ਹੱਦ ਤੱਕ ਨਾਟਕੀ ਢੰਗ ਲਿਆਉਣਾ ਪੈਂਦਾ ਹੈ, ਜਦ ਕਿ ਨਿਰਾ ਕਹਾਣੀ ਨਾ ਹੋ ਕੇ, ਪਾਠਕ ਦੀ ਨਾਟਕ-ਦਰਸੀ ਭੁੱਖ ਵੀ ਦੂਰ ਕਰਨ ਦਾ ਇੱਕ ਸਾਧਨ ਹੈ।"

ਨਾਵਲ ਵਿੱਚ ਵਾਰਤਾਲਾਪ ਦਿਨ ਕੰਮ ਕਰਦੀ ਹੈ -

(ੳ) ਇਹ ਕਹਾਣੀ ਨੂੰ ਬਿਆਨਣ ਵਿੱਚ ਸਹਾਇਤਾ ਕਰਦੀ ਹੈ,

(ਅ) ਪਾਤਰ ਉਸਾਰੀ ਵਿੱਚ ਸਹਾਇਕ ਬਣਦੀ ਹੈ,

(ੲ) ਨਾਵਲਕਾਰ ਦੇ ਵਿਚਾਰ ਨੂੰ ਸਪੱਸ਼ਟ ਕਰਦੀ ਹੈ ।

ਸਵਰਨ ਚੰਦਨ ਨੇ 'ਨਵੇਂ ਰਿਸ਼ਤੇ' ਨਾਵਲ ਵਿੱਚ ਵਾਰਤਾਲਾਪ ਦੀ ਵਰਤੋਂ ਵੀ ਬਹੁਤ ਹੀ ਕਲਾਤਮਕਤਾ ਨਾਲ ਕੀਤੀ ਹੈ। ਲੇਖਕ ਵਾਰਤਾਲਾਪ ਰਾਹੀਂ ਨਾਵਲ ਦੀ ਕਹਾਣੀ ਨੂੰ ਅੱਗੇ ਤੋਰਦਾ ਹੈ। ਹੇਠਲੀ ਵਾਰਤਾਲਾਪ ਵਿੱਚ ਲੇਖਕ ਵਾਰਤਾਲਾਪ ਦੀ ਵਰਤੋਂ ਰਾਹੀਂ ਕਹਾਣੀ ਵਿੱਚ ਟਕਰਾਅ ਨੂੰ ਉਭਾਰਦਾ ਹੈ—

> **"ਤਾਇਆ ਇਉਂ ਫਿਰ ਆਪਣਾ ਦੇਸ ਕਿਹੜਾ ਹੋਊ- ਨਾ ਹੀ ਅੰਗਰੇਜ਼ ਹੀ ਬਣ ਸਕੇ।" ਨਾ ਆਪਾਂ ਇੰਡੀਅਨ ਰਹਿ ਗਏ ਤੇ"।**

ਵੀਰੋ ਤੇ ਪ੍ਰੀਤੂ ਦੀ ਇਸ ਨਾਵਲ ਵਿੱਚਲੀ ਵਿਰੋਧਤਾ ਪਿੱਛੇ ਵਿਕਸਿਤ ਪੂੰਜੀਵਾਦੀ ਮਾਨਿਸਕਤਾ ਦਾ ਪ੍ਰਭਾਵ ਕਾਰਜਸ਼ੀਲ ਰਹਿੰਦਾ ਹੈ। ਜਿਵੇਂ :

> "ਅਪਕਾਰ ਤਾਂ ਇਨ੍ਹਾਂ ਵੀ ਸਾਡੇ ਤੇ ਬੜੇ ਕੀਤੇ ਸੀ—ਅਪਕਾਰਾਂ ਕਰਕੇ ਈ ਤਾਂ ਧੌਸੂ ਨਹੀਂ ਸਿੱਧੀ ਹੋਈ ਹੁਣ ਤਾਈ। ਭਲਾ ਹੋਵੇ ਸਰਵਣ ਦਾ—ਵਲੈਤ ਆਏ ਤੇ ਇਨ੍ਹਾਂ ਦੇ ਜੂਲੇ ਤੋਂ ਛੁਟਕਾਰਾ ਹੋਇਆ ਮਸਾਂ ਕਿਤੇ। ਤੂੰ ਬਾਹਲਾ ਯਈ-ਯਈ ਨਾ ਕਰੀ ਜਾਇਆ ਕਰ ਇਹਦੇ ਅੱਗੇ। ਸਰਦਾਰ ਹੋਊ ਤਾਂ ਪਿੰਡ ਹੋਊਏਥੇ ਸਾਡੀ ਜੁੱਤੀ ਤੋਂ—ਨਾ ਆਪਾਂ ਪਿੰਡ ਜਾਣਾ ਤੇ ਨਾ ਈ ਇਨ੍ਹਾਂ ਦੀਆਂ ਸਰਦਾਰੀਆਂ ਹੁਣ ਵੇਖਈਆਂ।"

ਇਸ ਤਰ੍ਹਾਂ ਵਾਰਤਾਲਾਪ ਰਾਹੀਂ ਲੇਖਕ ਮਨੁੱਖੀ ਭਾਵਨਾਵਾਂ ਦੀ ਤਰਜਮਾਨੀ ਵੀ ਬਹੁਤ ਖ਼ੂਬਸੂਰਤੀ ਨਾਲ ਕਰ ਜਾਂਦਾ ਹੈ। ਲੇਖਕ ਨੇ ਇਸ ਨਾਵਲ ਵਿੱਚ ਵਾਰਤਾਲਾਪ ਦੀ ਵਰਤੋਂ ਵੀ ਸੁੱਚਜੇ ਢੰਗ ਨਾਲ ਕੀਤੀ ਹੈ।

**8.5 ਦੇਸ਼ ਕਾਲ ਜਾਂ ਸਥਾਨਕ ਰੰਗਣ**—ਨਾਵਲਕਾਰ ਆਪਣੇ ਨਾਵਲ ਦੀ ਰਚਨਾ ਸਮੇਂ ਸਮੁੱਚੇ ਬਿਰਤਾਂਤ ਨੂੰ ਕਿਸੇ ਵਿਸ਼ੇਸ਼ ਸਥਾਨ ਅਤੇ ਉੱਥੋਂ ਦੇ ਲੋਕਾਂ ਦੇ ਜੀਵਨ ਨੂੰ ਆਧਾਰ ਬਣਾਉਂਦਾ ਹੈ। ਇੱਕ ਵਿਦਵਾਨ ਦਾ ਵਿਚਾਰ ਹੈ ਕਿ ਪਾਤਰਾਂ ਦੇ ਚਿਤਰਣ ਨੂੰ ਪੂਰਣਤਾ ਅਤੇ ਸੁਭਾਵਿਕਤਾ ਦੇਣ ਲਈ ਦੇਸ਼ ਕਾਲ ਜਾਂ ਵਾਤਾਵਰਣ ਦਾ ਧਿਆਨ ਰੱਖਣਾ ਜ਼ਰੂਰੀ ਹੈ। ਘਟਨਾ ਦਾ ਸਥਾਨ ਤਤਕਾਲੀਨ ਵਿਭਿੰਨ ਪਰਿਸਥਿਤੀਆਂ ਦਾ ਪੂਰਣ ਗਿਆਨ ਨਾਵਲ ਲਈ ਜ਼ਰੂਰੀ ਹੈ।

ਡਾ. ਪ੍ਰਿਤਪਾਲ ਸਿੰਘ ਦੇ ਸ਼ਬਦਾਂ ਵਿੱਚ, "ਸਥਾਨਕ ਰੰਗਣ ਭਾਵੇਂ ਸੈਟਿੰਗ ਦਾ ਹੀ ਇੱਕ ਪੱਖ ਹੈ, ਨਾਵਲ ਵਿੱਚ ਇਸ ਦਾ ਭਾਗ ਇਤਨਾ ਵਿਸ਼ੇਸ਼ ਹੈ ਕਿ ਨਾਵਲ ਕਲਾ ਦਾ ਇਸ ਨੂੰ ਇੱਕ ਵੱਖਰਾ ਅੰਗ ਮੰਨਿਆ ਜਾਂਦਾ ਹੈ"।

ਪਰ ਇਸਦਾ ਇਹ ਅਰਥ ਵੀ ਨਹੀਂ ਕਿ ਨਾਵਲ ਸਿਰਫ ਦ੍ਰਿਸ਼ਟਾਂਤਿਕ ਵੇਰਵੇ ਦੇ ਕੇ ਕੇਵਲ ਸਥਾਨਕ ਵਸਤਾਂ ਦਾ ਚਿਤਰਣ ਹੀ ਕਰਦਾ ਰਹੇ। ਅਜਿਹੀ ਰੁਚੀ ਠੀਕ ਨਹੀਂ, ਕਿਉਂਕਿ ਇਸ ਨਾਲ ਨਾ ਕੇਵਲ ਨਾਵਲ ਦੀ ਸਾਰਥਕਤਾ ਨੂੰ ਧੱਕਾ ਵੱਜਦਾ ਹੈ, ਸਗੋਂ ਪਾਠਕ ਅਕੇਵਾਂ ਵੀ ਮਹਿਸੂਸ ਕਰਦੇ ਹਨ।

'ਨਵੇਂ ਰਿਸ਼ਤੇ' ਨਾਵਲ ਵਿੱਚ ਸਵਰਨ ਚੰਦਨ ਨੇ ਇੰਗਲੈਂਡ ਵਿੱਚ ਰਹਿ ਕੇ ਪਰਵਾਸੀ ਭਾਰਤੀਆਂ ਦੇ ਜੀਵਨ ਨੂੰ ਰੂਪਮਾਨ ਕੀਤਾ ਹੈ। ਇਸ ਨਾਵਲ ਵਿੱਚ ਉਸਨੇ ਦੇਸ਼-ਕਾਲ ਅਤੇ ਵਾਤਾਵਰਣ ਦਾ ਖ਼ਾਸ ਖ਼ਿਆਲ ਰੱਖਿਆ ਹੈ। ਕਈ ਥਾਂ 'ਤੇ ਦੇਸ਼-ਕਾਲ ਸੰਬੰਧੀ ਸਿੱਧੇ ਇਸ਼ਾਰੇ ਵੀ ਮਿਲਦੇ ਹਨ। ਉਦਾਹਰਨ ਵਜੋਂ:

"ਜਦੋਂ ਕਿਸੇ ਦੇਸ਼ ਦੇ ਵਸਨੀਕ ਪ੍ਰਵਾਸੀ ਬਣ ਕੇ ਕਿਤੇ ਦੂਸਰੇ ਮੁਲਕ ਵਿਚ ਜਾ ਵਸਦੇ ਹਨ ਤਾ ਉਹ ਸਦਾ ਆਪਣੇ ਦੇਸ਼ ਆਪਣੀਆ ਕਦਰਾ-ਕੀਮਤਾ ਨਾਲ ਹੀ ਜੁੜੇ ਰਹਿੰਦੇ ਹਨ। ਉਹਨਾਂ ਨੂੰ ਉਹ ਛੱਡ ਹੀ ਨਹੀਂ ਸਕਦੇ। ਬਲਕਿ ਉਹਨਾਂ ਦੇ ਮਨਾਂ ਦੀ ਕਿਸੇ ਨੁੱਕਰ ਵਿਚ ਹਮੇਸ਼ਾਂ ਵਾਪਸ ਪਰਤ ਜਾਣ ਦਾ ਖਿਆਲ ਬਣਿਆ ਰਹਿੰਦਾ ਹੈ। ਉਹਨਾਂ ਨੂੰ ਘਰ ਦਾ ਉਦਰੇਵਾ ਕਦੇ ਨਹੀਂ ਛੱਡਦਾ। ਉਹ ਮਰਦੇ ਦਮ ਤਕ ਇਸ 'ਨਾਸਟੈਲਜੀਏ' ਤੋਂ ਛੁੱਟੀ ਨਹੀਂ ਪਾ ਸਕਦੇ। ਉਹ ਰਹਿੰਦੇ ਤਾਂ ਵੱਖਰੀ ਕਲਚਰ ਵਿਚ ਹਨ ਪਰ ਸੋਚਦੇ ਹਮੇਸ਼ਾ ਆਪਣੀ ਕਲਚਰ ਦੇ ਸੰਬੰਧ ਵਿਚ ਹਨ।"

ਇਉਂ ਦੇਸ਼ ਕਾਲ ਪੱਖੋਂ ਵੀ ਅਸੀਂ ਇਸ ਨਾਵਲ ਨੂੰ ਸਫਲ ਨਾਵਲ ਆਖ ਸਕਦੇ ਹਾਂ।

**8.6 ਸ਼ੈਲੀ**—ਪ੍ਰਗਟਾਅ ਢੰਗ ਨੂੰ ਸ਼ੈਲੀ ਆਖਦੇ ਹਨ। ਨਾਵਲਕਾਰ ਨੂੰ ਨਾਵਲ ਵਧੀਆ ਅਤੇ ਦਿਲਖਿੱਚਵੀਂ ਸ਼ੈਲੀ ਵਿੱਚ ਲਿਖਣਾ ਚਾਹੀਦਾ ਹੈ। ਸ਼ੈਲੀ ਦਾ ਨਿੱਜੀ ਹੋਣਾ ਬਹੁਤ ਜ਼ਰੂਰੀ ਹੈ। ਨਾਵਲ ਕਈ ਤਰ੍ਹਾਂ ਦੀਆਂ ਸ਼ੈਲੀਆਂ ਵਿੱਚ ਲਿਖਿਆ ਜਾ ਸਕਦਾ ਹੈ। ਜਿਵੇਂ ਬਿਆਨੀਆਂ ਸ਼ੈਲੀ, ਆਤਮ-ਕਥਾ-ਸ਼ੈਲੀ, ਡਾਇਰੀ ਸ਼ੈਲੀ, ਨਾਟਕੀ ਸ਼ੈਲੀ, ਪੱਤਰ ਸ਼ੈਲੀ ਆਦਿ। ਭਾਵੇਂ ਸ਼ੈਲੀ ਦੀ ਵਰਤੋਂ ਲੇਖਕ ਦਾ ਨਿੱਜੀ ਮਸਲਾ ਹੈ, ਪਰ ਫੇਰ ਵੀ ਇੰਨਾ ਜ਼ਰੂਰੀ ਹੈ ਕਿ ਉਹ ਉਹਨਾਂ ਵਿਧੀਆਂ ਦੀ ਵਰਤੋਂ ਕਰੋ, ਜਿਨ੍ਹਾਂ ਰਾਹੀਂ ਉਸ ਦੀ ਵਸਤੂ ਦਾ ਯੋਗ ਪ੍ਰਗਟਾਉ ਸੰਭਵ ਹੋ ਸਕੇ। ਇੱਕ ਲੇਖਕ ਦਾ ਵਿਚਾਰ ਹੈ ਕਿ ਸ਼ੈਲੀ ਨਾਵਲਕਾਰ ਦੀ ਆਪਣੀ ਵਸਤੂ ਹੈ। ਜਿੱਥੇ ਇੱਕ ਚੰਗੇ ਨਾਵਲ ਵਿੱਚ ਨਾਵਲਕਾਰ ਦੀ ਆਪਣੀ ਸ਼ਖਸੀਅਤ ਨਹੀਂ ਵੇਖੀ ਜਾ ਸਕਦੀ। ਉਥੇ ਨਾਵਲਕਾਰ ਦੀ ਸ਼ਖਸੀਅਤ ਦੀ ਧਾਰਾ ਨਾਵਲ ਹੇਠ ਵਗਦੀ ਹੈ।

'ਨਵੇਂ ਰਿਸ਼ਤੇ' ਨਾਵਲ ਵਿੱਚ ਨਾਵਲਕਾਰ ਨੇ ਆਤਮਕਥਾਤਮਕ ਸ਼ੈਲੀ ਨੂੰ ਪ੍ਰਮੁੱਖ ਸ਼ੈਲੀ ਵਜੋਂ ਵਰਤਿਆ ਹੈ। ਇਸ ਨਾਵਲ ਵਿੱਚ ਵੱਖੋ-ਵੱਖ ਪਾਤਰ ਆਪਣੇ-ਆਪਣੇ ਦ੍ਰਿਸ਼ਟੀਕੋਣ ਤੋਂ ਨਾਵਲ ਦੀ ਕਥਾ ਨੂੰ ਬਿਆਨ ਕਰਦੇ ਹਨ। ਇਸ ਦੀ ਇੱਕ ਉਦਾਹਰਨ ਵੇਖੀ ਜਾ ਸਕਦੀ ਹੈ:

"ਪ੍ਰੀਤੂ ਦਾ ਜੀਅ ਕਰਦਾ ਉਹ ਰੱਜ ਕੇ ਹੋਵੇ—ਭੁੱਬਾਂ ਮਾਰੇ ਤੇ ਉਹ ਇਕ ਵਾਰੀ ਨਹੀਂ ਕਈ-ਕਈ ਵਾਰੀ ਰੋਇਆ ਸੀ। ਡੁਸਕ-ਡੁਸਕ ਕੇ, ਵਾਹੋਦਾਹੀ ਵੀ ਤੇ ਭੁੱਬਾਂ ਮਾਰ ਕੇ ਵੀ, ਭਾਵੇਂ ਉਸ ਦੀਆਂ ਭੁੱਬਾਂ ਦੀ ਆਵਾਜ਼ ਇਸ ਖੁੱਡਾ ਨੁਮਾ ਕਮਰੇ ਦੀਆਂ ਚਾਰ ਕੰਧਾਂ ਤੋਂ ਬਗ਼ੈਰ ਹੋਰ ਕਿਸੇ ਨਹੀਂ ਸੀ ਸੁਣੀ। ਉਹਦਾ ਜੀਅ ਇਸ ਜੀਊਂਦੇ ਨਰਕ ਚੋਂ ਭੱਜ ਜਾਣ ਨੂੰ ਕਰਦਾ ਸੀ। ਉਹਦਾ ਦਿਲ ਕਰਦਾ ਸੀ ਵਾਪਸ ਆਪਣੇ ਦੇਸ਼, ਆਪਣੇ ਪਿੰਡ ਚਲਾ ਜਾਏ। ਭਾਵੇਂ ਉਥੇ ਸਾਰੀ

ਉਮਰ ਭੁੱਖ ਨੰਗ ਨਾਲ ਹੀ ਘੁਲਦਾ ਰਹੇ ਪਰ ਆਪਣੇ ਵਰਗੇ, ਆਪਣੇ ਲੋਕਾਂ 'ਚ ਰਹੇ—ਲੋਕ ਜੋ ਉਹਦੇ ਹਾਣ ਦੇ ਸਨ, ਉਹਦੇ ਵਾਂਗ ਜੀਉਂਦੇ ਸਨ, ਸੋਚਦੇ ਸਨ ਤੇ ਉਹਦੇ ਵਾਂਗ ਗੱਲਾਂ ਕਰਦੇ ਸਨ। ਉੱਚੀ-ਉੱਚੀ ਹੱਸਦੇ ਸਨ ਤੇ ਭੁੱਬਾਂ ਮਾਰ-ਮਾਰ ਹੋ ਸਕਦੇ ਸਨ। ਕੋਈ ਉਹਨਾਂ ਦੇ ਅੱਥਰੂ ਪੂੰਝ ਸਕਦਾ ਸੀ—ਰੋਂਦਿਆਂ ਨੂੰ ਧਰਵਾਸ ਦੇ ਕੇ ਚੁੱਪ ਕਰਾ ਸਕਦਾ ਸੀ"।

ਇਸ ਤਰ੍ਹਾਂ ਸ਼ੈਲੀ ਪੱਖੋਂ ਵੀ ਇਹ ਨਾਵਲ ਸਫਲ ਨਾਵਲ ਕਿਹਾ ਜਾ ਸਕਦਾ ਹੈ।

8.7 **ਉਦੇਸ਼**—ਹੋਰਨਾ ਸਾਹਿਤਕ ਕਿਰਤਾ ਵਾਂਗ ਨਾਵਲ ਦਾ ਕੋਈ ਨਾ ਕੋਈ ਉਦੇਸ਼ ਹੁੰਦਾ ਹੈ। ਜਿਸ ਤਰ੍ਹਾਂ ਆਤਮਾ ਤੋਂ ਬਿਨਾਂ ਸ਼ਰੀਰ ਬੇਜਾਨ ਅਤੇ ਬੇਅਰਥ ਹੈ, ਉਸੇ ਤਰ੍ਹਾਂ ਉਦੇਸ਼ ਤੋਂ ਬਿਨਾਂ ਰਚਨਾ ਬੇਜਾਨ ਤੇ ਅਤੇ ਨਿਰਾਰਥਕ ਹੈ। ਡਾ. ਸੂਰੀ ਦੀ ਧਾਰਨਾ ਹੈ ਕਿ, "ਉਦੇਸ਼ ਬਿਨਾਂ ਨਾਵਲ ਉਨ੍ਹਾਂ ਹੀ ਬੇਅਰਥ ਹੈ ਜਿੰਨਾ ਜੀਵਨ, ਪਰ ਨਾਵਲ ਵਿੱਚ ਉਦੇਸ਼ ਨੂੰ ਦਰਸਾਉਣ ਦਾ ਢੰਗ ਠੀਕ ਤੇ ਗਲਤ ਹੋ ਸਕਦਾ ਹੈ"।

ਨਾਵਲ ਦਾ ਉਦੇਸ਼ ਜੀਵਨ ਦੀ ਵਿਆਖਿਆ ਕਰਨਾ ਹੁੰਦਾ ਹੈ। ਇਸ ਲਈ ਹਰੇਕ ਨਾਵਲਕਾਰ ਦੇ ਸਾਹਮਣੇ ਜੀਵਨ ਦਾ ਕੋਈ ਨਾ ਕੋਈ ਉਦੇਸ਼ ਜ਼ਰੂਰ ਹੁੰਦਾ ਹੈ ਜਿਸ ਨੂੰ ਉਹ ਨਾਵਲ ਰਾਹੀਂ ਪ੍ਰਗਟਾਉਣਾ ਲੋਚਦਾ ਹੈ। ਨਾਵਲ ਨੂੰ ਜੀਵਨ ਦਾ ਮਹਾਂਕਾਵਿ ਆਖਿਆ ਗਿਆ ਹੈ। ਇਹ ਜੀਵਨ ਦੇ ਉਸ ਉਦੇਸ਼ ਦਾ ਪ੍ਰਗਟਾਉਂ ਕਰਦਾ ਹੈ ਜੋ ਨਾਵਲਕਾਰ ਦੇ ਸਾਹਮਣੇ ਹੁੰਦਾ ਹੈ। ਉਦੇਸ਼ ਨਾਵਲ ਦਾ ਜ਼ਰੂਰੀ ਤੱਤ ਹੈ।

ਆਪਣੇ ਉਦੇਸ਼ ਦੇ ਪ੍ਰਗਟਾਵੇ ਲਈ ਨਾਵਲਕਾਰ ਆਮ ਤੌਰ 'ਤੇ ਦੋ ਵਿਧੀਆਂ ਦੀ ਵਰਤੋਂ ਕਰਦਾ ਹੈ, ਪਹਿਲੀ ਹੈ ਵਿਸ਼ਲੇਸ਼ਣਾਤਮਕ ਵਿਧੀ ਅਤੇ ਦੂਜੀ ਹੈ ਪਰਖ ਵਿਧੀ। ਪਰਖ ਵਿਧੀ ਦੁਆਰਾ ਉਹ ਆਪਣਾ ਜੀਵਨ ਦਰਸ਼ਨ ਪਾਤਰਾਂ ਦੇ ਸੰਵਾਦਾਂ, ਉਹਨਾਂ ਦੀਆਂ ਕਿਰਿਆਵਾਂ ਅਤੇ ਉਹਨਾਂ ਦੀਆਂ ਮਾਨਸਿਕ ਸਥਿਤੀਆਂ ਦੁਆਰਾ ਪ੍ਰਗਟ ਕਰਦਾ ਹੈ। ਵਿਸ਼ਲੇਸ਼ਣਾਤਮਕ ਵਿਧੀ ਦੁਆਰਾ ਉਹ ਖੁਦ ਜੀਵਨ ਸੱਚ ਦਾ ਵਿਸ਼ਲੇਸ਼ਣ ਕਰਕੇ ਪਾਠਕਾਂ ਸਾਹਮਣੇ ਆਪਣੇ ਸਿੱਟੇ ਪੇਸ਼ ਕਰਦਾ ਹੈ। ਸਵਰਨ ਚੰਦਨ ਦੇ ਨਾਵਲ 'ਨਵੇਂ ਰਿਸ਼ਤੇ' ਦਾ ਉਦੇਸ਼ ਪਰਵਾਸੀ ਭਾਰਤੀਆਂ ਦੀ ਸੰਤਾਪਗ੍ਰਸਤ ਜੀਵਨ ਸ਼ੈਲੀ ਨੂੰ ਪੇਸ਼ ਕਰਨਾ ਹੈ। ਤੇ ਆਪਣੇ ਉਦੇਸ਼ ਵਿੱਚ ਉਹ ਪੂਰੀ ਤਰ੍ਹਾਂ ਸਫਲ ਵੀ ਰਹਿੰਦਾ ਹੈ।

8.8 **ਸਿੱਟਾ**-ਸਿੱਟੇ ਵਜੋਂ ਇਹ ਕਿਹਾ ਜਾ ਸਕਦਾ ਹੈ ਕਿ ਨਾਵਲ ਸਾਹਿਤ ਦਾ ਇਕ ਸੁਤੰਤਰ ਰੂਪ ਹੈ। ਇਸ ਦੀ ਆਪਣੀ ਪ੍ਰਕਿਰਤੀ ਹੈ। ਵਿਦਵਾਨਾਂ ਨੇ ਨਾਵਲ ਦੇ ਕੁਝ ਤੱਤ ਸਵੀਕਾਰ ਕੀਤੇ ਹਨ ਜਿਵੇਂ ਵਿਸ਼ਾ, ਕਥਾਨਕ ਜਾਂ ਪਲਾਟ, ਪਾਤਰ ਚਿਤਰਣ, ਬੋਲੀ ਤੇ ਵਾਰਤਾਲਾਪ, ਸ਼ੈਲੀ, ਸੈਟਿੰਗ ਜਾਂ ਦੇਸ਼ ਕਾਲ ਅਤੇ ਉਦੇਸ਼ ਆਦਿ। ਕੋਈ ਨਾਵਲ ਤਦ ਹੀ ਸਫਲ ਹੁੰਦਾ ਹੈ ਜੋ ਉਸ ਵਿੱਚ ਇਨ੍ਹਾਂ ਸਾਰੇ ਤੱਤਾਂ ਦੀ ਪੂਰਤੀ ਕੀਤੀ ਗਈ ਹੋਵੇ। ਸਵਰਨ ਚੰਦਨ ਦਾ ਨਾਵਲ 'ਨਵੇਂ ਰਿਸ਼ਤੇ'ਨਾਵਲ ਦੇ ਇਹਨਾਂ ਤੱਤਾਂ 'ਤੇ ਢੁੱਕਵਾਂ ਹੈ ਤੇ ਅਸੀਂ ਇਸ ਨੂੰ ਇੱਕ ਸਫਲ ਨਾਵਲ ਆਖ ਸਕਦੇ ਹਾਂ।

# ਐੱਮ.ਏ. ਪੰਜਾਬੀ

## ਸਮੈਸਟਰ- ਤੀਸਰਾ

## ਪਰਵਾਸੀ ਪੰਜਾਬੀ ਸਾਹਿਤ

| ਯੂਨਿਟ-9<br><br>ਜਰਨੈਲ ਸਿੰਘ: ਟਾਵਰਜ਼<br>ਟਾਵਰਜ਼: ਵਿਚਾਰਧਾਰਾਈ ਅਧਿਐਨ |
|---|


9. ਟਾਵਰਜ਼: ਵਿਚਾਰਧਾਰਾਈ ਅਧਿਐਨ
9.1 ਕਹਾਣੀ : ਪਰਿਭਾਸ਼ਾ ਅਤੇ ਸਰੂਪ
9.2 ਲੇਖਕ ਬਾਰੇ-
9.3 'ਟਾਵਰਜ਼' ਕਹਾਣੀ ਸੰਗ੍ਰਿਹ ਦਾ ਵਿਚਾਰਧਾਰਾਈ ਅਧਿਐਨ
9.3.1 ਸਭਿਆਚਾਰਕ ਮੇਲ
9.3.2 ਮਾਨਸਿਕਤਾ ਦਾ ਵਖਰੇਵਾਂ
9.3.3 ਪਿਛੋਕੜ
9.3.4 ਪਰਿਵਾਰਕ ਇਕਾਈ ਵਿੱਚ ਟੁੱਟ-ਭੱਜ
9.3.5 ਮੂਲ-ਪਹਿਚਾਣ ਦੀ ਸਥਾਪਤੀ
9.3.6 ਭਵਿੱਖ ਦੀ ਉਸਾਰੀ
9.3.7 ਧਰਮ ਤੇ ਰਾਜਨੀਤੀ
9.3.8 ਧਾਰਮਿਕ ਕੱਟੜਤਾ
9.3.9 ਅਮਰੀਕਾ ਦੀਆਂ ਦੋਹਰੀਆਂ ਨੀਤੀਆਂ
9.3.10 ਆਪਸੀ ਸੰਬੰਧ
9.3.11 ਪ੍ਰਦੂਸ਼ਣ ਦੇ ਰੂਪ
9.3.12 ਪਰਿਵਾਰਕ ਤ੍ਰੇੜਾਂ
9.3.13 ਅਣਵਿਆਹੀਆਂ ਮਾਵਾਂ
9.3.14 ਸਿੱਟਾ

## 9. ਟਾਵਰਜ਼: ਵਿਚਾਰਧਾਰਾਈ ਅਧਿਐਨ

ਪਿਆਰੇ ਵਿਦਿਆਰਥੀਓ ! ਕਹਾਣੀ ਸੰਗ੍ਰਹਿ 'ਟਾਵਰਜ਼' ਨਾਲ ਜਿੱਥੇ ਜਰਨੈਲ ਸਿੰਘ ਸਿੱਧਾ ਵਿਸ਼ਵੀ ਸੋਚ ਨਾਲ ਜੁੜਦਾ ਹੈ ਉੱਥੇ ਇਸ ਸੰਗ੍ਰਹਿ ਦੀਆਂ ਕਹਾਣੀਆਂ ਨਾਲ ਪੰਜਾਬੀ ਕਹਾਣੀ ਇੱਕ ਨਵੇਂ ਸਿਖਰ ਵੱਲ ਵੀ ਵਧਦੀ ਹੈ। ਡਾ. ਜਗਬੀਰ ਸਿੰਘ ਨੇ ਕਹਾਣੀ ਸੰਗ੍ਰਹਿ ਦੇ ਬਿਰਤਾਂਤ ਨੂੰ 'ਗਲੋਬਲ' ਚੇਤਨਾ ਅਤੇ ਮਾਨਵੀ ਸੰਵੇਦਨਾ ਦਾ ਬਿਰਤਾਂਤ ਕਿਹਾ ਹੈ।ਡਾ. ਜਗਬੀਰ ਸਿੰਘ ਦਾ ਕਥਨ ਹੈ ਕਿ ਇਸ ਸੰਗ੍ਰਹਿ ਵਿੱਚ 'ਨਿਰੋਲ ਪ੍ਰਵਾਸ ਨਾਲ ਸਬੰਧਤ ਕਹਾਣੀ ਕੋਈ ਨਹੀਂ .... ਇਨ੍ਹਾਂ ਕਹਾਣੀਆਂ ਦਾ ਕਥਾ ਪ੍ਰਬੰਧ ਅਤੇ ਸਿਰਜਿਤ ਪ੍ਰਵਚਨ ਪਰਵਾਸੀ ਪੰਜਾਬੀ ਕਹਾਣੀ ਵਿੱਚ ਆ ਰਹੀ ਖੜੋਤ ਨੂੰ ਹੀ ਦੂਰ ਨਹੀਂ ਕਰਦਾ ਸਗੋਂ ਪੰਜਾਬੀ ਕਹਾਣੀ ਨੂੰ ਮਾਨਵੀ ਸੰਵੇਦਨਾ ਅਤੇ ਗਲਬਾਲੀ ਚੇਤਨਾ ਤੇ ਸਮਕਾਲੀ ਸਰੋਕਾਰਾਂ ਨਾਲ ਵੀ ਜੋੜ ਦਿੰਦਾ ਹੈ।

ਡਾ. ਮਨਮੋਹਨ ਜਿੱਥੇ ਸਿੰਘ ਦੇ ਅਨੁਭਵ ਦੀ ਪ੍ਰਮਾਣਿਕਤਾ ਦੀ ਗੱਲ ਕਰਦਾ ਹੈ, ਉੱਥੇ ਨਾਲ ਹੀ ਕਹਾਣੀਆਂ ਦੀਆਂ ਜੁਗਤਾਂ ਦਾ ਵਿਸ਼ਲੇਸ਼ਣ ਵੀ ਕਰਦਾ ਹੈ। ਇਸ ਤੋਂ ਬਾਅਦ ਉਸ ਨੂੰ 'ਟਾਵਰਜ਼' ਦੀ ਆਮਦ ਪੰਜਾਬੀ ਕਹਾਣੀ ਪਰਵਾਸੀ ਕਹਾਣੀ ਦੇ ਵਿਕਾਸ ਵਿੱਚ ਵੱਡਾ ਯੋਗਦਾਨ ਸਾਬਤ ਪ੍ਰਤੀਤ ਹੁੰਦੀ ਹੈ।

ਟਾਵਰਜ਼ ਪ੍ਰਸਿੱਧ ਕਹਾਣੀਕਾਰ ਜਰਨੈਲ ਸਿੰਘ ਦਾ ਕਹਾਣੀ ਸੰਗ੍ਰਹਿ ਹੈ ਜਿਸ ਵਿੱਚ ਲੇਖਕ ਦੀਆਂ ਲੰਮੇ ਅਕਾਰ ਦੀਆਂ ਪੰਜ ਕਹਾਣੀਆਂ ਸ਼ਾਮਲ ਹਨ। ਇਹਨਾਂ ਕਹਾਣੀਆਂ ਸੰਬੰਧੀ ਚਰਚਾ ਕਰਨ ਤੋਂ ਪਹਿਲਾਂ ਅਸੀਂ ਵੇਖਾਂਗੇ ਕਿ ਕਹਾਣੀ ਕੀ ਹੁੰਦੀ ਹੈ ਤੇ ਇਸ ਦੇ ਪ੍ਰਮੁੱਖ ਤੱਤ ਕਿਹੜੇ-ਕਿਹੜੇ ਹਨ। ਨਿੱਕੀ ਕਹਾਣੀ ਆਧੁਨਿਕ ਸਾਹਿਤ ਦਾ ਇੱਕ ਪ੍ਰਮੁੱਖ ਰੂਪ ਹੈ। ਭਾਵੇਂ ਭਾਰਤ ਵਿੱਚ ਕਥਾਂ, ਲੋਕ ਕਹਾਣੀ, ਸਾਖੀ, ਅਧਿਐਨ ਆਦਿ ਪ੍ਰਚੱਲਿਤ ਸਨ, ਪਰੰਤੂ ਨਿੱਕੀ ਕਹਾਣੀ ਉੱਤੇ ਪੱਛਮ ਦਾ ਪ੍ਰਭਾਵ ਹੈ। ਅਸੀਂ ਇੱਥੇ 'ਟਾਵਰਜ਼' ਕਹਾਣੀ ਸੰਗ੍ਰਿਹ ਦਾ ਵਿਚਾਰਧਾਰਾਈ ਅੀਧਐਨ ਕਰਨ ਤੋਂ ਪਹਿਲਾਂ ਕਹਾਣੀ ਵਿਧਾ ਬਾਰੇ ਮੁੱਢਲੀ ਜਾਣਕਾਰੀ ਹਾਸਿਲ ਕਰਾਂਗੇ:

### 9.1 ਕਹਾਣੀ : ਪਰਿਭਾਸ਼ਾ ਅਤੇ ਸਰੂਪ

ਪੱਛਮੀ ਵਿਦਵਾਨ ਐਡਗਰ ਐਲਨ ਪੋ ਨੇ ਨਿੱਕੀ ਕਹਾਣੀ ਦੀ ਪਰਿਭਾਸ਼ਾ ਦਿੰਦਿਆਂ ਲਿਖਿਆ ਹੈ, "ਕਹਾਣੀ ਇੱਕ ਅਜਿਹੀ ਨਿੱਕੀ ਰਚਨਾ ਹੈ ਜਿਸਨੂੰ ਇੱਕ ਬੈਠਕ ਵਿੱਚ ਬੈਠ ਕੇ ਪੜ੍ਹਿਆ ਜਾ ਸਕੇ ਅਤੇ ਜੋ ਪਾਠਕਾਂ ਉੱਤੇ ਆਪਣਾ ਤਿੱਖਾ ਪ੍ਰਭਾਵ ਪਾ ਸਕੇ"।

ਐੱਚ. ਜੀ. ਵੈਲਜ ਦਾ ਵਿਚਾਰ ਹੈ, "ਕਹਾਣੀ ਤਾਂ ਉਹ ਹੈ, ਜਿਹੜੀ ਲਗਪਗ 20 ਮਿੰਟਾਂ ਵਿੱਚ ਸਾਹਸ ਤੇ ਕਲਪਨਾ ਨਾਲ ਪੜ੍ਹੀ ਜਾ ਸਕੇ"।

ਸਭ ਤੋਂ ਵਧੀਆ ਪਰਿਭਾਸ਼ਾ ਡਾ. ਸਵਿੰਦਰ ਸਿੰਘ ਉੱਪਲ ਦੀ ਹੈ। ਇਸ ਵਿਦਵਾਨ ਅਨੁਸਾਰ, "ਕਲਾਤਮਕ ਨਿੱਕੀ ਕਹਾਣੀ ਗਲਪ ਦਾ ਉਹ ਨਵੀਨ ਰੂਪ ਹੈ ਜੋ ਕਲਾਤਮਿਕ ਗੱਦ ਰਾਹੀਂ, ਕਿਸ ਇੱਕ

ਮੁੱਖ ਘਟਨਾ ਜਾਂ ਇੱਕ ਮੁੱਖ ਪਾਤਰ ਦਾ ਨਾਟਕੀ ਬਿਆਨ ਸੰਜਮਤਾ ਨਾਲ ਇਸ ਤਰ੍ਹਾਂ ਕਰਦੀ ਹੈ ਕਿ ਉਸ ਦਾ ਪ੍ਰਭਾਵ ਸੰਪੂਰਨ ਤੇ ਇਕਹਿਰਾ ਹੋ ਨਿਬੜਦਾ ਹੈ।"

ਨਿੱਕੀ ਕਹਾਣੀ ਦੇ ਗੁਣ ਜਾਂ ਵਿਸ਼ੇਸ਼ਤਾਵਾਂ ਇਸ ਤਰ੍ਹਾਂ ਹਨ—

(ੳ) ਇਸ ਦਾ ਆਕਾਰ ਨਿੱਕਾ ਹੋਣਾ ਚਾਹੀਦਾ ਹੈ। ਕਿਉਂਕਿ ਇਸ ਵਿੱਚ ਜ਼ਿੰਦਗੀ ਦਾ ਇੱਕ ਵਿਸ਼ੇਸ਼ ਅਨੁਭਵ ਪੇਸ਼ ਕੀਤਾ ਜਾਂਦਾ ਹੈ।

(ਅ) ਪ੍ਰਭਾਵ ਦੀ ਇਕਾਗਰਤਾ ਇਸ ਦਾ ਅਗਲਾ ਗੁਣ ਹੈ।

(ੲ) ਕਿਉਂਕਿ ਕਹਾਣੀ ਇੱਕ ਸਾਹਿਤ ਰੂਪ ਹੈ, ਇਸ ਲਈ ਇਸਨੂੰ ਕਲਾਤਮਕ ਗੁਣਾਂ ਦਾ ਧਾਰਨੀ ਵੀ ਹੋਣਾ ਚਾਹੀਦਾ ਹੈ।

(ਸ) ਕਹਾਣੀ ਵਿੱਚ ਰੌਚਕਤਾ ਵੀ ਜ਼ਰੂਰ ਹੋਣੀ ਚਾਹੀਦੀ ਹੈ। ਇਸ ਦੀ ਰੌਚਕਤਾ ਤੋਂ ਬਿਨਾਂ ਇਹ ਭਾਰੂ ਬਣ ਜਾਵੇਗੀ।

(ਹ) ਕਹਾਣੀ ਵਿੱਚ ਗਤੀਸ਼ੀਲਤਾ ਹੋਣੀ ਵੀ ਜ਼ਰੂਰੀ ਹੈ। ਇਸ ਦੀ ਚਾਲ ਨਾਵਲ ਵਾਂਗ ਸੁਸਤ ਨਹੀਂ ਹੋਣੀ ਚਾਹੀਦੀ, ਸਗੋਂ ਖੋਜ ਹੋਣੀ ਚਾਹੀਦੀ ਹੈ।

ਨਾਨਕ ਸਿੰਘ ਕਹਾਣੀ ਸੁਣਾਉਣ ਜਾਂ ਪੇਸ਼ ਕਰਨ ਵਾਲੇ ਦੇ ਰੂਪ ਵਿੱਚ ਲੇਖਕ ਦੀ ਭੂਮਿਕਾ ਨੂੰ ਮਹੱਤਤਾ ਦਿੰਦਾ ਹੈ। ਕੋਈ ਲੇਖਕ ਚਾਰ ਢੰਗਾਂ ਨਾਲ ਆਪਣੀ ਕਹਾਣੀ ਦੀ ਰਚਨਾ ਕਰ ਸਕਦਾ ਹੈ—

(ੳ) ਕਿਸੇ ਦਾ ਇਤਿਹਾਸ ਲਿਖਣ ਵਾਂਗ (ਅਨਯਪੁਰਖੀ ਬਿਰਤਾਂਤਕਾਰ)

(ਅ) ਹੱਡ-ਬੀਤੀ ਸੁਣਾਉਣ ਵਾਂਗ (ਉੱਤਮ ਪੁਰਖੀ ਬਿਰਤਾਂਤਕਾਰ)

(ੲ) ਲੇਖਕ ਦਾ ਆਪਣੇ-ਆਪ ਨੂੰ ਕਹਾਣੀ ਦਾ ਪਾਤਰ ਬਣਾ ਕੇ ਕਿਸੇ ਹੋਰ ਦੀ ਕਹਾਣੀ ਸੁਣਾਉਣ ਵਾਂਗ (ਬਦਲਵਾਂ ਫੋਕਸੀਕਰਨ)

(ਸ) ਗੱਲ-ਕੱਥ ਅਰਥਾਤ ਇੱਕ ਨਾਟਕ ਵਾਂਗ ਬਿਨਾਂ ਕਿਸੇ ਬਿਰਤਾਂਤ ਦਿੰਦਿਆਂ ਕਹਾਣੀਆਂ ਨੂੰ ਪਰਖਦੇ ਹਾਂ ਤਾਂ ਅਸੀਂ ਵੇਖਦੇ ਹਾਂ ਕਿ ਜਰਨੈਲ ਸਿੰਘ ਦੀ ਕਹਾਣੀ ਕਲਾਤਮਿਕ ਗੇਂਦ ਰਾਹੀਂ ਆਪਣੇ ਵਸਤੂ ਦਾ ਬਿਆਨ ਸੰਜਮਤਾ ਨਾਲ ਕਰਦੀ ਹੈ।

ਇਹ ਕਹਾਣੀਆ ਬਿਰਤਾਂਤ ਪੱਖੋਂ ਲੰਮੇਰੀਆਂ ਹੋਣ ਕਾਰਨ ਕਹਾਣੀ ਦੀ ਪਰੰਪਰਕ ਪਰਿਭਾਸ਼ਾ ਨੂੰ ਉਸ ਦੀ ਗਤੀਸ਼ੀਲਤਾ ਵਿੱਚ ਪੇਸ਼ ਕਰਦੀਆਂ ਹਨ।

**9.2 ਲੇਖਕ ਬਾਰੇ**- ਜਰਨੈਲ ਸਿੰਘ ਸਮਕਾਲੀ ਪੰਜਾਬੀ ਕਹਾਣੀ ਦੇ ਖੇਤਰ ਵਿੱਚ ਇਕ ਸਥਾਪਤ ਕਹਾਣੀਕਾਰ ਹੈ। ਕਿਸੇ ਰਚਨਾਕਾਰ ਦੀ ਸਥਾਪਤੀ ਦੇ ਦੋ ਮੂਲ ਪ੍ਰੇਰਕ ਹਨ। ਇਸ ਦਾ ਸੰਬੰਧ ਰਚਨਾਕਾਰ

ਦੀ ਕਲਾਤਮਕ ਸਮਰੱਥਾ ਨਾਲ ਹੈ ਅਤੇ ਦੂਜੇ ਦਾ ਪ੍ਰਵਾਨਗੀ ਨਾਲ। ਇਹ ਜਰੂਰੀ ਨਹੀਂ ਹੁੰਦਾ ਕਿ ਹਰ ਸਮਰੱਥ ਲੇਖਕ ਹੀ ਪ੍ਰਵਾਨ ਹੋਵੇ ਅਤੇ ਹਰ ਪ੍ਰਵਾਨ ਲੇਖਕ ਵਿੱਚ ਰਚਨਾਤਮਕ ਸਮਰੱਥਾ ਵੀ ਹੋਵੇ। ਕਿਸੇ ਸਾਹਿਤਕ ਪ੍ਰਪੰਰਾ ਵਿੱਚ ਸਥਾਪਿਤ ਹੋਣ ਲਈ ਸਮਰੱਥਾ ਅਤੇ ਪ੍ਰਵਾਨਗੀ ਦੋਹਾਂ ਦੀ ਹੀ ਲੋੜ ਹੁੰਦੀ ਹੈ ਪਰ ਇਨ੍ਹਾਂ ਵਿੱਚੋਂ ਇੱਕ ਪ੍ਰਾਪਤੀ ਵਾਲਾ ਲੇਖਕ ਸਥਾਪਤ ਨਹੀਂ ਹੋ ਸਕਦਾ ਹੁੰਦਾ। ਸਥਾਪਤ ਲੇਖਕ ਸਾਹਿਤਕ ਸਮਾਜ ਅਤੇ ਸਾਹਿਤਕ ਇਤਿਹਾਸ ਵਿੱਚ ਆਪਣੀ ਜਿਕਰਯੋਗ ਪਛਾਣ ਬਣਾਉਣ ਵਿੱਚ ਸਫਲ ਹੁੰਦਾ ਹੈ। ਕਹਿਣ ਤੋਂ ਭਾਵ ਇਹ ਹੈ ਕਿ ਕਿਸੇ ਰਚਨਾਕਾਰ ਦੀ ਸਥਾਪਤੀ ਪਿੱਛੇ ਜਿੱਥੇ ਉਸ ਦੀ ਆਪਣੀ ਕਮਾਈ ਹੋਈ ਸਾਹਿਤਕ-ਕਲਾਤਮਕ ਨਿਪੁੰਨਤਾ ਜਾਂ ਸਮਰੱਥਾ ਹੁੰਦੀ ਹੈ ਉੱਥੇ ਉਸ ਸਾਹਿਤਕ ਸਮਾਜ ਦੀ ਚੇਤਨਾ ਦੀ ਖਾਮੋਸ ਰੂਪ ਵਿੱਚ ਕਾਰਜਸ਼ੀਲ ਹੁੰਦੀ ਹੈ ਜਿਸ ਨੂੰ ਟੁੰਬ ਕੇ ਉਹ ਪ੍ਰਵਾਨਗੀ ਹਾਸਲ ਕਰਦਾ ਹੈ। ਇਸ ਸਥਾਪਤੀ ਸਾਹਿਤਕ ਸਮਾਜ ਦੀ ਸਾਹਿਤਕ ਚੇਤਨਾ ਅਤੇ ਵਿਅਕਤੀਗਤ ਲੇਖਕ ਦੀ ਸਾਹਿਤਕ ਸਮਰੱਥਾ ਦਾ ਮਿਲਣ ਬਿੰਦੂ ਹੈ। ਇਸ ਦ੍ਰਿਸ਼ਟੀ ਤੋਂ ਜਿੱਥੇ ਜਰਨੈਲ ਸਿੰਘ ਦੇ ਇੱਕ ਕਥਾਕਾਰ ਵਜੋਂ ਸਥਾਪਤ ਹੋਣ ਦੇ ਕਾਰਨਾਂ ਦੀ ਤਲਾਸ ਲਈ ਉਸ ਦੀ ਬਿਰਤਾਂਤ ਸਿਰਜਣ ਦੀ ਯੋਗਤਾ ਦੇ ਵਿਭਿੰਨ ਪਹਿਲੂਆਂ ਨੂੰ ਜਾਣਨਾ ਜ਼ਰੂਰੀ ਹੈ, ਉੱਥੇ ਉਸ ਦੀ ਇਸ ਯੋਗੜਾ ਦੇ ਪਿਛੋਕੜ ਵਿੱਚ ਕਾਰਜਸ਼ੀਲ ਪੰਜਾਬੀ ਬਿਰਤਾਂਤ ਚੇਤਨਾ ਦੇ ਸਰੂਪ ਦੀ ਪਛਾਣ ਵੀ ਜਰੂਰੀ ਹੈ।ਇਸ ਦਿਸ਼ਾ ਵਿੱਚ ਚਰਚਾ ਨੂੰ ਕਿਸ ਸਾਰਥਕ ਮੁਕਾਮ ਉੱਤੇ ਲਿਜਾਣ ਲਈ ਇਹ ਵਧੇਰੇ ਯੋਗ ਹੋਵੇਗਾ ਕਿ ਗੱਲ ਉਸ ਦੀ ਬਿਰਤਾਂਤਕ ਤਕਨੀਕ ਤੋਂ ਸ਼ੁਰੂ ਕੀਤੀ ਜਾਵੇ। ਕਿਸੇ ਗਲਪਕਾਰ ਦੀ ਬਿਰਤਾਂਤਕ ਕਕਨੀਕ ਨੂੰ ਜਾਣ ਕੇ ਉਸ ਦੇ ਥੀਮਿਕ ਸਰਕਾਰਾਂ ਅਤੇ ਵਿਚਾਰਧਾਰਾਈ ਪਾਸਾਰਾਂ ਨੂੰ ਵਧੇਰੇ ਨਿੱਗਰ ਤਰੀਕ ਨਾਲ ਗ੍ਰਹਿਣ ਕੀਤਾ ਜਾ ਸਕਦਾ ਹੈ।

**9.3 'ਟਾਵਰਜ਼' ਕਹਾਣੀ ਸੰਗ੍ਰਿਹ ਦਾ ਵਿਚਾਰਧਾਰਾਈ ਅਧਿਐਨ:** ਪਰਵਾਸੀ ਪੰਜਾਬੀ ਸਾਹਿਤ ਦੇ ਕਹਾਣੀ ਖੇਤਰ ਵਿੱਚ ਜਰਨੈਲ ਸਿੰਘ ਇਕ ਸਥਾਪਤ ਹਸਤਾਖ਼ਰ ਹੈ। ਅਜੋਕੇ ਸਮੇਂ ਦਾ ਉਹ ਅਜਿਹਾ ਚਰਚਿਤ ਲੇਖਕ ਹੈ, ਜਿਸ ਨੇ ਪਰਵਾਸੀ ਪੰਜਾਬੀ ਕਹਾਣੀ ਸੰਗ੍ਰਹਿ ਮੈਨੂੰ ਕੀ (1981), ਮਨੁੱਖ ਤੋਂ ਮਨੁੱਖ ( 983) ਸਮੇਂ ਦੇ ਹਾਣੀ 1987 ) ਲੇਖਕ ਦੇ ਪੰਜਾਬੀ ਸਮਾਜ ਨਾਲ ਜੁੜੇ ਅਨੁਭਵਾਂ ਦੀ ਪੇਸ਼ਕਾਰੀ ਕਰਦੇ ਹਨ। ਉਸਦਾ ਚੌਥਾ ਕਹਾਣੀ ਸੰਗ੍ਰਹਿ ਦੇ ਟਾਪੂ (1999) ਜੋ ਕਿ ਪਰਵਾਸੀ ਜੀਵਨ-ਯਥਾਰਥ ਨਾਲ ਤਾਅਲੁੱਕ ਰੱਖਦਾ ਹੈ, ਨੇ ਪੰਜਾਬੀ ਸਾਹਿਤਕ ਤੇ ਅਕਾਦਮਿਕ ਹਲਕਿਆਂ ਵਿੱਚ ਭਰਪੂਰ ਹੁੰਗਾਰਾ ਪ੍ਰਾਪਤ ਕੀਤਾ ਝ ਆਪਣੇ ਪੰਜਵੇਂ ਕਹਾਣੀ ਸੰਗ੍ਰਹਿ ਟਾਵਰਜ਼ (2005) ਦੀਆਂ ਤਿੰਨ ਕਹਾਣੀਆਂ 'ਪਾਣੀ, "ਗੁਆਚੇ ਲੋਕਾਂ ਤੇ ਸੜਕਾਂ ਰਾਹੀਂ ਉਹ ਅੰਤਰਾਸ਼ਟਰੀ ਪੱਧਰ 'ਤੇ ਪਰਵਾਸੀਆਂ ਦੀਆਂ ਸਮੱਸਿਆਵਾਂ ਦੇ ਪ੍ਰਭਾਵੀ ਵਿਡੰਬਨਾ ਨੂੰ ਕਈ ਨਵੇਂ ਪਾਸਾਰ ਪ੍ਰਦਾਨ ਕਰਦਾ ਹੈ। ਉਥੇ ਕਹਾਣੀਆਂ "ਟਾਵਰਜ਼" ਤੇ "ਬਰਫ਼ ਦੇ ਦਰਿਆ" ਰਾਹੀਂ ਸੰਸਾਰ ਪੱਧਰ 'ਤੇ ਵਾਪਰ ਰਹੀਆਂ ਘਟਨਾਵਾਂ ਦੇ ਦੁਖਾਂਤ ਨੂੰ ਸਿਰਜਦਾ ਹੋਇਆ ਵਿਸ਼ਵ ਚੇਤਨਾ ਦਾ ਪ੍ਰਗਟਾਵਾ ਵੀ ਕਰਦਾ ਹੈ।ਡਾ. ਅਕਾਲ ਅੰਮ੍ਰਿਤ ਕੌਰ ਨੇ ਜਰਨੈਲ ਸਿੰਘ ਨੂੰ ਪ੍ਰਵਾਸੀ ਭਾਰਤੀਆਂ ਦੇ ਸਮੱਸਿਆਕਾਰ ਵਜੋਂ ਹੇਠ ਲਿਖੇ ਵਿਚਾਰ ਪ੍ਰਸਤੁਤ ਕੀਤੇ ਹਨ-

**9.3.1 ਸਭਿਆਚਾਰਕ ਮੇਲ-** ਦੋ ਭਿੰਨ ਸਭਿਆਚਾਰਾਂ ਦੇ ਆਪਸੀ ਮਿਲਨ ਬਿੰਦੂ ਵਿਭਿੰਨ ਸਥਿਤੀਆਂ ਉਤਪੰਨ ਹੁੰਦੀਆਂ ਹਨ ਕਿਉਂਕਿ ਸੱਭਿਆਚਾਰੀਕਰਨ ਸੱਭਿਆਚਾਰਕ ਸੰਪਰਕ ਦਾ ਇਹ ਅਮਲ ਬੇਹੱਦ

ਜਟਿਲ ਤੇ ਗੁੰਝਲਦਾਰ ਵਰਤਾਰਾ ਹੈ। ਸੱਭਿਆਚਾਰੀਕਰਨ ਦੇ ਇਸ ਅਮਲ ਵਿੱਚ ਅਨੁਕੂਲੀਕਰਨ, ਵਿਲੀਨੀਕਰਨ, ਤੇ ਸੰਸ਼ਲੇਸ਼ਣ ਜਿਹੀਆਂ ਸਭਿਆਚਾਰਕ ਪ੍ਰਕਿਰਿਆਵਾਂ ਵੀ ਉਜਾਗਰ ਹੁੰਦੀਆਂ ਹਨ। ਭਾਵੇਂ ਕਿ ਵਿਵਹਾਰਕ ਪੱਧਰ 'ਤੇ ਇਹ ਇੰਨੀਆਂ ਸਰਲ ਤੇ ਸਹਿਜ ਨਹੀਂ ਹੁੰਦੀਆਂ ਜਿੰਨੀਆਂ ਕਿ ਸਿਧਾਂਤਕ ਰੂਪ ਵਿੱਚ ਦ੍ਰਿਸ਼ਟੀਗੋਚਰ ਹੁੰਦੀਆਂ ਹਨ। ਪਰਵਾਸੀ ਪੰਜਾਬੀ ਇਸ ਅਮਲ ਵਿੱਚ ਨਿਰੰਤਰ ਤਣਾਅ ਵੀ ਭੋਗਦੇ ਦਿਖਾਈ ਦਿੰਦੇ ਹਨ। ਉਹ ਪਰਵਰਤਿਤ ਮਾਹੌਲ, ਸਥਿਤੀਆ ਅਨੁਕੂਲ ਆਪਣੇ ਆਪ ਨੂੰ ਢਾਲਣ ਦੀ ਕੋਸ਼ਿਸ਼ ਤਾਂ ਕਰਦੇ ਹਨ ਪਰੰਤੂ ਇਹ ਤਬਦੀਲੀ ਇਕਦਮ ਨਹੀਂ ਵਾਪਰ ਸਕਦੀ ਕਿਉਂਕਿ ਸੱਭਿਆਚਾਰਕ ਗੁਰੂਆ ਉਨ੍ਹਾਂ ਨੂੰ ਆਪਣੇ ਸਭਿਆਚਾਰਕ ਪਿਛੋਕੜ ਨਾਲ ਲਗਾਤਾਰ ਜੋੜੀ ਰੱਖਦੀ ਹੈ। ਫਲਸਰੂਪ ਇਹ ਪਰਵਾਸੀ ਮਨੁੱਖ ਆਪਣੀ ਸਭਿਆਚਾਰਕ ਹੋਂਦ ਨੂੰ ਬਚਾਈ ਰੱਖਣ ਲਈ ਨਿਰੰਭਰ ਜਤਨਸ਼ੀਲ ਰਹਿੰਦੇ ਹਨ। ਇਸੇ ਹੀ ਸਥਿਤੀ ਦੀ ਭਾਗੀ ਕਹਾਣੀ 'ਪਾਣੀ ਦੀ ਮੁੱਖ ਪਾਤਰ ਸੁਖਜੀਤ ਕੌਰ ਬਣਦੀ ਦਿਖਾਈ ਗਈ। ਇਸ ਕਹਾਣੀ ਵਿੱਚ ਪੰਜਾਬੀ ਸੱਭਿਆਚਾਰ ਨਾਲ ਸੰਬੰਧਿਤ ਸੱਸ ਸੁਖਜੀਤ ਕੌਰ ਦਾ ਟਕਰਾਉ ਪੱਛਮੀ ਸਭਿਆਚਾਰ ਨਾਲ ਸਬੰਧਿਤ ਨੂੰਹ ਸ਼ੈਰਨ ਨਾਲ ਪੈਦਾ ਹੁੰਦਾ ਹੈ। ਮੁੱਖ ਸਭਿਆਚਾਰ ਅਤੇ ਕੌਣ-ਸਭਿਆਚਾਰ ਨਾਲ ਸਬੰਧਿਤ ਇਨ੍ਹਾਂ ਪੁਰਾਂ ਦੇ ਆਪਸੀ ਟਕਰਾਓ ਵਿਚੋਂ ਸਭਿਆਚਾਰਨ ਤਣਾਓ ਦੀ ਸਿਰਜਨਾ ਹੁੰਦੀ ਹੈ। ਜਿਸਦੀ ਸ਼ਿਕਾਰ ਸੁਖਜੀਤ ਕੌਰ ਕਹਾਣੀ ਵਿੱਚ ਕਈ ਵਾਰ ਹੁੰਦੀ ਦਿਖਾਈ ਦਿੰਦੀ ਹੈ। ਉਸ ਦੀ ਮਾਨਸਕਿਤਾ ਵਿਚਲਾ ਇਹ ਅੰਤਰ ਵਿਰੋਧ ਉਨ੍ਹਾਂ ਦੀਆਂ ਆਦਤਾਂ ਦੇ ਸੰਦਰਭ ਵਿੱਚ ਉਭਰਦਾ ਹੈ। ਸੈਰਨ ਨੂੰ ਸੱਸ ਦੇ ਸਮਾਜਕ ਭਾਈਚਾਰੇ ਨਾਲ ਮੇਲ-ਜੋਲ ਰੱਖਣ ਵਿੱਚ ਕੋਈ ਦਿਲਚਸਪੀ ਨਹੀਂ ਹੈ। ਉਹ ਇਸਨੂੰ ਬੰਗੀਅਤ ਦਾ ਨਾਂ ਦਿੰਦੀ ਹੈ। ਇਸੇ ਤਰਾਂ ਸੁਖਜੀਤ ਨੂੰ ਘਰ ਵਿੱਚ ਪੰਜਾਬੀ ਦੀ ਅਣਹੋਂਦ ਆਪਣੇ ਬੇਪਛਾਣ ਹੋਣ ਨਾਲ ਜੁੜੀ ਪ੍ਰੀਤ ਹੁੰਦੀ ਹੈ। ਉਸ ਦੀ ਪੰਜਾਬੀ ਨੂੰਹ ਦੀ ਅਧੂਰੀ ਰਹਿ ਗਈ ਅਕਾਂਖਿਆ ਬਾਰ-ਬਾਰ ਉਸ ਦੇ ਸਨਮੁੱਖ ਖੜ੍ਹੀ ਹੁੰਦੀ ਹੈ। ਉਸ ਦੀ ਮਾਨਸਿਕਤਾ ਵਿਚਲੀ ਇਹ ਕਸ਼ਮਕਸ਼ ਹਰ ਵੇਲੇ ਅੰਗਰੇਜ ਨੂੰਹ ਦੀ ਤੁਲਨਾ ਇਕ ਪੰਜਾਬੀ ਨੂੰਹ ਨਾਲ ਕਰਦੀ ਦਿਖਾਈ ਦਿੰਦੀ ਹੈ। ਉਹ ਤਸੱਵੁਰ ਕਰਦੀ ਹੈ।

> "ਉਹ ਕਿਹੋ ਜਿਹੇ ਪਲ ਹੁੰਦੇ ਜੋ ਇਸ ਵਕਤ ਉਹ ਨੂੰਹ ਸੱਸ-ਰਲ ਕੇ ਸਗੋਂ, ਪਾਲਕ ਤੇ ਬਰੋਕਲੀ, ਨੂੰ ਛਿਲ-ਚੀਰ ਕੇ ਸਾਗ ਬਣਾ ਰਹੀਆਂ ਹੁੰਦੀਆਂ ਤੇ ਨਾਲ ਦੀ ਨਾਲ ਬੀਤੇ ਹਫਤੇ ਦੀਆਂ ਜਮਾਂ ਹੋਈਆਂ ਗੱਲਾਂ ਵੀ ਸਾਂਝੀਆਂ ਕਰ ਰਹੀਆਂ ਹੁੰਦੀਆਂ।......... ਪਰ ਕਿੱਥੇ ............ ਨਾ ਖਾਣ-ਪੀਣ ਦੀ ਸਾਂਝ ਤੇ ਨਾ ਬੋਲੀ ਦੀ"।

**9.3.2 ਮਾਨਸਿਕਤਾ ਦਾ ਵਖਰੇਵਾਂ –** ਸੁਖਜੀਤ ਦਾ ਸਭਿਆਚਾਰਕ ਅਵਚੇਤਨ ਇਹ ਤਸਲੀਮ ਕਰਨ ਤੋਂ ਇਨਕਾਰੀ ਹੈ ਕਿ ਸ਼ੈਰਨ ਅੰਗਰੇਜ਼ ਹੋਣ ਕਾਰਨ ਇਕ ਵਧੀਆ ਨੂੰਹ ਸਾਬਿਤ ਹੋ ਸਕਦੀ ਹੈ। ਪੂੰਜਵਾਦੀ ਵਿਵਸਥਾ ਦੀ ਪ੍ਰਤਿਨਿਧ ਸੈਰਨ ਦੇ ਵਿਵਹਾਰ ਵਿੱਚ ਭਾਰਤੀ ਸਭਿਆਚਾਰ ਨਾਲ ਸੰਬੰਧਿਤ ਸੱਸ ਨੂੰ ਸੁਆਰਥ ਨਿਕਲਦਾ ਨਜ਼ਰ ਆਉਂਦਾ ਹੈ। ਓਪਨ ਸੁਸਾਇਟੀ ਦੀ ਉਪਜ ਬੈਰਨ ਸੁਖਜੀਤ ਦੇ ਪੰਜਾਬੀ, ਆਗਿਆਕਰੀਂ, ਪ੍ਰੇਮ ਭਾਵ ਵਾਲੀ ਤੇ ਕੰਮਕਾਜ ਵਿੱਚ ਨਿਪੁੰਨ ਨੂੰਹ ਦੇ ਮਾਡਲ 'ਤੇ ਪੂਰੀ ਉਤਰਨ ਤੋਂ

ਅਸਮਰੱਥ ਹੈ। ਸਥਿਤੀ ਦੀ ਵਿਡੰਬਨਾ ਇਹ ਹੈ ਕਿ ਸੁਖਜੀਤ ਤੇ ਸ਼ੈਰਨ ਦੋਵੇਂ ਹੀ ਇਕ-ਦੂਸਰੇ ਦੀ ਮਾਨਸਿਕਤਾ ਨੂੰ ਸਮਝਣ ਤੋਂ ਬੇਮੁੱਖ ਹਨ।

9.3.3 **ਪਿਛੋਕੜ—** ਪਰਿਵਾਰਕ ਇਕਾਈ ਵਿੱਚ ਵਾਪਰ ਰਹੀ ਇਸ ਅੰਦਰੂਨੀ ਟੁੱਟ-ਭੱਜ ਵਿੱਚ ਸੁਖਜੀਤ ਇਕੱਲੀ ਇੱਕ ਪਾਸੇ ਹੈ ਤੇ ਬਾਕੀ ਪਰਿਵਾਰਕ ਮੈਂਬਰ ਦੂਸਰੇ ਪਾਸੇ। ਸੁਖਜੀਤ ਦਾ ਪਤੀ ਬਲਦੇਵ ਆਪਣੀ ਨੂੰਹ ਪ੍ਰਤਿ ਕੋਈ ਗਿਲਾ ਪ੍ਰਗਟ ਕਰਦਾ ਦਿਖਾਈ ਨਹੀਂ ਦਿੰਦਾ। ਉਸ ਦੀ ਅਜਿਹੀ ਸੱਚ ਪਿੱਛੇ ਉਸਦਾ ਪਰਿਵਾਰਕ ਪਿਛੋਕੜ ਕਾਰਜਸ਼ੀਲ ਹੈ। ਲੰਬੇ ਸਮੇਂ ਦੀ ਕੈਨੇਡਾ ਵਿੱਚ ਵੱਸੇ ਦੇ ਮਾਤਾ-ਪਿਤਾ ਕੈਨੇਡੀਅਨ ਸਭਿਆਚਾਰ ਨੂੰ ਹੀ ਅਪਨਾਈ ਨਜ਼ਰ ਆਉਂਦੇ ਹਨ। ਉਨ੍ਹਾਂ ਨੂੰ ਵੱਡੇ ਪੁੱਤਰ ਦੇ ਵੈਸਟ-ਇੰਡੀਅਨ ਕੁੜੀ ਨਾਲ ਵਿਆਹ 'ਤੇ ਕੋਈ ਇਤਰਾਜ ਨਹੀਂ ਹੈ। ਇਸ ਤੋਂ ਵੀ ਅੱਗੇ ਪੱਛਮ ਦੀ ਵਿਅਕਤੀਗਤ ਆਜ਼ਾਦੀ ਦੇ ਧਾਰਨੀ ਹੋਣ ਕਾਰਨ ਇਹੀ ਇੱਛਾ ਕਰਦੇ ਹਨ ਕਿ ਬਲਦੇਵ ਦੇ ਸੁਖਜੀਤ ਅਲੱਗ ਵਿੱਚ ਰਹਿਣ। ਭਾਵੇਂ ਕਿ ਕਹਾਣੀਕਾਰ ਨੇ ਬਲਦੇਵ ਨੂੰ ਪੂਰੀ ਤਰ੍ਹਾਂ ਪੂੰਜੀਵਾਦੀ ਵਿਵਸਥਾ ਦਾ ਧਾਰਨੀ ਨਹੀਂ ਦਿਖਾਇਆ ਪਰੰਤੂ ਉਪਰਕਤ ਕਾਰਨ ਉਸਦੀ ਸ਼ਖਸੀਅਤ ਦੀ ਉਸਾਰੀ ਪ੍ਰਮੁੱਖ ਭੂਮਿਕਾ ਨਿਭਾਉਂਦੇ ਦ੍ਰਿਸ਼ਟੀਗੋਚਰ ਹੁੰਦੇ ਹਨ। ਇਸੇ ਤਰ੍ਹਾਂ ਸੁਖਜੀਤ ਦਾ ਪੁੱਤਰ ਰਾਜੂ ਕਨੇਡੀਅਨ ਧਰਤੀ ਦਾ ਹੀ ਜੰਮਪਾਲ ਹੋਣ ਕਾਰਨ ਸਥਾਨਕ ਵਿਵਸਥਾ ਦਾ ਹੀ ਇਕ ਹਿੱਸਾ ਨਜ਼ਰ ਆਉਂਦਾ ਹੈ।ਯੂਨੀਵਰਸਿਟੀ ਦੀ ਪੜ੍ਹਾਈ ਦੌਰਾਨ ਉਹ ਸਾਹਿਪਾਠਨ ਅੰਗਰੇਜ਼ ਸ਼ੋਰਨ ਨਾਲ ਦੋਸਤੀ ਤੇ ਫਿਰ ਵਿਆਹ ਕਰਵਾ ਲੈਂਦਾ ਹੈ, ਭਾਵੇਂ ਕਿ ਇਸ ਅੰਤਰ-ਨਸਲੀ ਵਿਆਹ ਸੰਬੰਧ ਨੂੰ ਸਵੀਕ੍ਰਿਤ ਦੇਣਾ ਪੰਜਾਬੀ ਸਮੁਦਾਇ ਦੇ ਕੁੱਝ ਲੋਕਾਂ ਦੇ ਪ੍ਰਤਿਕਰਮ ਨੂੰ ਵੀ ਲੇਖਕ ਨੇ ਪ੍ਰਸਤੁਤ ਕੀਤਾ ਹੈ ਜੋ ਇਨ੍ਹਾਂ ਵਿਆਹ-ਸੰਬੰਧਾਂ ਵਿਰੁੱਧ ਟਿੱਪਣੀਆਂ ਕਰਦੇ ਹਨ।

9.3.4 **ਪਰਿਵਾਰਕ ਇਕਾਈ ਵਿੱਚ ਟੁੱਟ-ਭੱਜ—** ਇਸ ਕਹਾਣੀ ਵਿੱਚ ਪੱਛਮੀ ਸਭਿਆਚਾਰ ਤੇ ਪੰਜਾਬੀ ਸਭਿਆਚਾਰ ਨਾਲ ਸੰਬੰਧਿਤ ਧਿਰਾਂ ਦੀ ਸੋਚ ਦੇ ਆਪਸੀ ਟਕਰਾਉ ਦਾ ਆਭਾਸ ਰਚਨਾ ਦੇ ਆਰੰਭ ਤੋਂ ਹੀ ਹੋਣਾ ਸ਼ੁਰੂ ਹੋ ਜਾਂਦਾ ਹੈ। ਫਲਸਰੂਪ ਪਰਿਵਾਰਕ ਇਕਾਈ ਵਿੱਚ ਟੁੱਟ-ਭੱਜ, ਤਨਾਉ ਦੀ ਸਿਰਜਨਾ ਹੁੰਦੀ ਹੈ। ਰਾਜੂ ਤੇ ਉਸ ਦੀ ਪਤਨੀ ਸ਼ੈਰਨ ਚਾਹੁੰਦੇ ਹਨ ਕਿ ਘਰ ਵਿੱਚ ਸਵਿਮਿੰਗ ਪੂਲ ਬਣਵਾਇਆ ਜਾਵੇ ਤਾਂ ਜੋ ਪੱਛਮੀ ਜੀਵਨ-ਜਾਂਚ ਅਨੁਸਾਰ ਜ਼ਿੰਦਗੀ ਦਾ ਭਰਪੂਰ ਮਜਾ ਲਿਆ ਜਾ ਸਕੇ। ਸਵਿਮਿੰਗ-ਪੂਲ ਦੀ ਇਹ ਯੋਜਨਾ ਜਦੋਂ ਸੁਖਜੀਤ ਦੇ ਅੱਗੇ ਪੇਸ਼ ਕੀਤੀ ਜਾਂਦੀ ਹੈ ਤਾਂ ਉਹ ਚਿੰਤਤ ਅਵਸਥਾ ਵਿੱਚ ਪ੍ਰਸ਼ਨ ਉਠਾਉਂਦੀ ਹੈ ਕਿ ਘਰ ਤੇ ਕਾਰਾਂ ਦੀਆਂ ਕਿਸ਼ਤਾਂ ਦੇ ਨਾਲ ਸੱਠ ਹਜ਼ਾਰ ਪੌਂਡ ਹੋਰ ਕਿਸ਼ਤ ਉਤਾਰਨ ਲਈ ਪੈਸੇ ਦਾ ਪ੍ਰਬੰਧ ਕਿਵੇਂ ਹੋਵੇਗਾ । ਪੁੱਤਰ ਦੁਆਰਾ ਦਿੱਤਾ ਗਿਆ ਪ੍ਰਸ਼ਨ ਦਾ ਉੱਤਰ ਸੁਖਜੀਤ ਲਈ ਗਹਿਰਾ ਤਨਾਉ ਤੇ ਸੰਕਟ ਉਤਪੰਨ ਕਰਦਾ ਹੈ। ਉਸਨੂੰ ਦੇਸ਼ ਵਿਚਲੀ ਜਿਹੜੀ ਜ਼ਮੀਨ ਆਪਣੇ ਮਾਂ-ਬਾਪ ਦੀ ਹੋਂਦ ਤੇ ਆਪਣੀ ਸ਼ਨਾਖਤ ਨਾਲ ਜੁੜੀ ਪ੍ਰਤੀਤ ਹੁੰਦੀ ਹੈ, ਨੂੰਹ- ਪੁੱਤ ਲਈ ਕੇਵਲ ਉਹ ਅਜਿਹਾ ਜ਼ਮੀਨ ਦਾ ਟੁਕੜਾ ਹੈ ਜਿਸਨੂੰ ਵੇਚ ਕੇ ਸਵਿਮਿੰਗ ਪੂਲ ਲਈ ਪੈਸਿਆਂ ਦਾ ਪ੍ਰਬੰਧ ਕੀਤਾ ਜਾ ਸਕਦਾ ਹੈ। ਪੁੱਤਰ ਦੁਆਰਾ ਜ਼ਮੀਨ "ਸੇਲ" ਕਰ ਦੇਣ ਦੇ ਮਸ਼ਵਰੇ ਉਪਰੰਤ ਸੁਖਜੀਤ ਦੀ ਮਾਨਿਸਕਤਾ ਨੂੰ ਲੇਖਕ ਨੇ ਬਾਖੂਬੀ ਚਿਤਾਰਿਆ ਹੈ।

"ਸੇਲ ਸ਼ਬਦ ਸੁਖਜੀਤ ਕੌਰ ਦੇ ਸਿਰ 'ਤੇ ਬੰਬ ਵਾਂਗ ਫਟਿਆ......... ।ਉਸਨੂੰ ਇੰਜ ਲੱਗਾ ਜਿਵੇਂ ਉਸਦਾ ਪੁੱਤ ਉਸ ਦੀਆਂ ਜੜ੍ਹਾਂ ਨਾਲ ਜੁੜੀ ਹੋਈ ਮਿੱਟੀ ਨੂੰ ਖਰਚ ਕੇ ਕਿਸੇ ਗਾਰਬੇਜ ਦੇ ਟੋਏ ਵਿੱਚ ਸੁੱਟਣ ਜਾ ਰਿਹਾ ਹੋਵੇ। ਪਲਾਂ ਵਿੱਚ ਹੀ ਉਸ ਦੀਆਂ ਨਸਾਂ 'ਚ ਟੈਨਸ਼ਨ ਆ ਵੜੀ।...... ਇਨ੍ਹਾਂ ਨੂੰ ਤਾਂ ਬੱਸ ਆਪਣੇ ਮਤਲਬ ਹੀ ਦੀਂਹਦੇ ਆ ਅਗਲੇ ਦੀ ਭਾਵੇਂ ਹੋਂਦ ਹੀ ਜਾਂਦੀ ਲੱਗੇ"।

ਪੰਜਾਬੀ ਜੀਵਨ ਵਿੱਚ ਜ਼ਮੀਨ ਇਕ ਮਹੱਤਵਪੂਰਨ ਹਿੱਸਾ ਹੈ। ਇਹ ਉਸਦੀਆਂ ਜੜ੍ਹਾਂ, ਵਜੂਦ, ਪਹਿਚਾਣ, ਤੇ ਰੁਤਬੇ ਨੂੰ ਸਥਾਪਤ ਕਰਨ ਵਾਲਾ ਮਹੱਤਵਪੂਰਨ ਬਿੰਦੂ ਹੈ। ਸੁਖਜੀਤ ਲਈ ਇਸਨੂੰ ਵੇਚਣਾ ਨਾ ਕੇਵਲ ਜਹੀਣ ਹੋਣ ਦਾ ਅਹਿਸਾਸ ਭੋਗਣਾ ਹੈ।

ਬਲਕਿ ਮਾਂ-ਬਾਪ, ਚਾਚੇ ਦੀ ਪਹਿਚਾਣ ਰੁਤਬੇ ਨੂੰ ਖਤਮ ਕਰਕੇ ਉਸ ਭੂਤਕਾਲ ਤੋਂ ਮਹਿਰੂਮ ਹੋਣਾ ਵੀ ਹੈ ਜਿਸਦਾ ਸਿਮਰਨ ਉਸ ਦੇ ਵਜੂਦ ਦਾ ਇਕ ਵਿਸ਼ੇਸ਼ ਅੰਗ ਬਣ ਚੁੱਕਾ ਹੈ। ਅਜਿਹੀ ਪ੍ਰਸਤੁਤੀ ਰਾਹੀ ਹੀ ਪੰਜਾਬੀ ਡਾਇਸਪੋਰਾ ਦੀ ਪੇਸ਼ਕਾਰੀ ਵਿੱਚ ਇਹ ਕਹਾਣੀ ਇਕ ਮਿਸਾਲ ਕਾਇਮ ਕਰਦੀ ਦਿਖਾਈ ਦਿੰਦੀ ਹੈ।

ਇਸ ਕਹਾਣੀ ਰਾਹੀਂ ਲੇਖਕ ਨੇ ਉਸ ਵਰਤਾਰੇ ਨੂੰ ਵੀ ਪੇਸ਼ ਕੀਤਾ ਹੈ ਜਿਸਦੇ ਅੰਤਰਗਤ ਪਰਵਾਸੀਆਂ ਤੋਂ ਤਾਂ ਇਹ ਆਸ ਕੀਤੀ ਜਾਂਦੀ ਹੈ ਕਿ ਉਹ ਸਥਾਨਕ ਮੁੱਖ ਸਭਿਆਚਾਰ ਨੂੰ ਪੂਰੀ ਤਰ੍ਹਾਂ ਅਪਨਾ ਲੈਣ ਪਰੰਤੂ ਮੁੱਖ ਸਭਿਆਚਾਰ ਖੁਦ ਗੌਣ ਸਭਿਆਚਾਰ ਤੋਂ ਪੂਰੀ ਤਰ੍ਹਾਂ ਨਿਰਲੇਪ ਰਹਿਣਾ ਚਾਹੁੰਦਾ ਹੈ। ਸੁਖਜੀਤ ਕੌਰ ਨੂੰ ਸ਼ਿਕਾਇਤ ਹੈ ਕਿ ਇਹ ਪ੍ਰਕਿਰਿਆ ਇਕਪਾਸੜ ਕਿਉਂ ਮੁਖ ਸਭਿਆਚਾਰ ਨਾਲ ਸੰਬੰਧਿਤ ਉਸ ਦੀ ਨੂੰਹ ਸ਼ੈਰਨ ਪੰਜਾਬੀ ਪਰਿਵਾਰ ਵਿੱਚ ਰਹਿੰਦੀ ਹੋਈ ਵੀ ਉਨ੍ਹਾਂ ਦੇ ਸਭਿਆਚਾਰ ਵਿੱਚ ਕੋਈ ਦਿਲਚਸਪੀ ਕਿਉਂ ਨਹੀਂ ਲੈਂਦੀ ਹੈ ਇਸ ਸੰਬੰਧੀ ਉਹ ਕਹਿੰਦੀ ਹੈ।

"ਤੁਸੀ ਗੋਰੇ ਲੋਕ ਸਾਨੂੰ ਇੰਮੀਗਰਾਂਟਾਂ ਨੂੰ ਤਾਂ ਇਹ ਕਹਿੰਦੇ ਆ ਪਾਈ ਅਸੀਂ ਤੁਹਾਡੀ ਕਾਲਚਰ 'ਚ ਭਿੱਜਦੇ ਨਹੀਂ ਪਰ ਤੁਸੀਂ ਸਾਡੇ ਕਲਚਰ, 'ਚ ਕਿੰਨੀ ਕੁ ਦਿਲਚਸਪੀ ਲੈਂਦੇ ਆਂ ਤੈਨੂੰ ਮੈਂ ਪੰਜਾਬੀ ਦੇ ਲਫ਼ਜ਼ ਸਿਖਾ-ਸਿਖਾ ਥੱਕ ਗਈ ਪਰ ਤੂੰ...... ਸੱਤਾਂ ਮਲਨ ਚਾਲੀ ਪੰਜਾਬ ਲਫ਼ਜ਼, ਉਹ ਵੀ ਜਿਹੜੇ ਤੇਰੇ ਕੰਮ ਦੇ ਆ"।

ਇਸ ਕਹਾਣੀ ਵਿੱਚ ਪਹਿਲੇ ਪੜਾਅ ਦੇ ਪਰਵਾਸੀ ਪੰਜਾਬੀਆਂ ਦੁਆਰਾ ਆਰਥਿਕ ਖੁਸ਼ਹਾਲੀ ਹਿੱਤ ਧਾਰਨ ਕੀਤੇ ਗਏ ਪਰਵਾਸ ਨੂੰ ਸੁਖਜੀਤ ਦੇ ਪਿਤਾ ਦੇ ਰੂਪ ਵਿੱਚ ਪ੍ਰਸਤੁਤ ਕੀਤਾ ਗਿਆ ਹੈ। ਉਹ ਪਹਿਲੇ ਪੜਾਅ ਦੇ ਉਸ ਪਰਵਾਸ ਨੂੰ ਪ੍ਰਤਿਬਿੰਬਤ ਕਰਦਾ ਹੈ ਜਿਸ ਅਧੀਨ ਕਮਾਈ ਕਰਕੇ ਵਤਨ ਵਾਪਸ ਪਰਤ ਜਾਣਾ ਹੈ। ਇਨ੍ਹਾਂ ਦੀ ਦੇਸ਼ ਵਿੱਚ ਉਡੀਕ ਕਰ ਰਹੇ ਪਰਿਵਾਰਕ ਮੈਂਬਰਾਂ ਦੀ ਮਾਨਸਿਕਤਾ ਨੂੰ ਸੁਖਜੀਤ ਤੇ ਉਸ ਦੀ ਮਾਂ ਰਾਹੀਂ ਪੇਸ਼ ਗਿਆ ਹੈ।

ਪਾਣੀ ਇਸ ਕਹਾਣੀ ਦਾ ਕੇਂਦਰੀ ਚਿਹਨ ਜਾਂ ਮੈਟਾਫਰ ਹੈ।ਜਿਸ ਤਰ੍ਹਾਂ ਵਿਭਿੰਨ ਸਥਾਨਾਂ ਦਾ ਪਾਣੀ ਨਦੀ, ਨਾਲੇ, ਦਰਿਆ, ਸਮੁੰਦਰ, ਝੀਲਾਂ ਆਦਿ ਸ੍ਰੋਤਾਂ ਦੇ ਰੂਪ ਵਿੱਚ ਇਕੱਠਾ ਹੋ ਜਾਂਦਾ ਹੈ ਇਸੇ ਤਰ੍ਹਾਂ ਵਿਭਿੰਨ, ਧਰਤੀਆਂ, ਦੇਸਾਂ, ਸਥਾਨਾਂ ਦੇ ਵੀ ਪਰਵਾਸ ਧਾਰਨ ਕਰਕੇ ਇਕੱਠੇ ਹੋ ਜਾਂਦੇ ਹਨ। ਸੁਖਜੀਤ ਕੌਰ ਦਾ ਜੀਵਨ ਵੀ ਇਸਦੀ ਇਕ ਉਦਾਹਰਣ ਹੈ। ਉਹ ਜੰਮਪਾਲ ਪੰਜਾਬ ਦੀ ਹੈ ਪਰੰਤੂ ਵਿਆਹ ਉਪਰੰਤ ਸੱਤ ਸਮੁੰਦਰ ਪਾਰ ਕੈਨੇੜਾ ਦੀ ਧਰਤੀ ਦਾ ਅੰਗ ਬਣ ਜਾਂਦੀ ਹੈ। ਇਸ ਤੋਂ ਇਲਾਵਾ ਪਾਣੀ ਮੈਟਾਫਰ ਹੈ ਰਿਸ਼ਤਿਆਂ ਵਿਚਾਲੇ ਆਪਸੀ ਮੋਹ-ਪਿਆਰ, ਅਪਣੱਤ ਦਾ। ਇਸੇ ਕਾਰਨ ਸੁਖਜੀਤ ਸ਼ੈਰਨ ਨੂੰ ਕਹਿੰਦੀ ਹੈ।

> "ਸਾਡੇ ਇੱਥੇ ਸਮੁੰਦਰ ਝੀਲਾਂ ਭਾਵੇਂ ਨਹੀਂ ਹਨ ਪਰ ਧਰਤੀ ਹੇਠ ਬੜਾ ਪਾਣੀ ਏ ......... ਤੇ ਇਵੇਂ ਵੀ...... ਸਮਝ ਲੈ ਪਈ ਸਾਡੇ ਪੰਜਾਬੀਆਂ ਦੀਆਂ ਰੂਹਾਂ ਅੰਦਰ ਵੀ ਬੜਾ ਪਾਣੀ ਏ"।

ਇਸਦੇ ਵਿਪਰੀਤ ਕੈਨੇਡੀਅਨ ਲੋਕਾਂ ਦੀਆਂ ਰੂਹਾਂ ਵਿੱਚ ਉਸਨੂੰ ਪਾਣੀ ਦੀ ਨਰਕਾ ਖੁਸ਼ਕ ਹੀ ਨਜਰ ਆਉਂਦੀ ਹੈ। ਇਹ ਕਹਾਣੀ ਜਿੱਥੇ ਪਾਣੀ ਦੇ ਮੈਟਾਫਰ ਨੂੰ ਲੈ ਆਰੰਭ ਹੁੰਦੀ ਹੈ। ਭਾਵ ਸਵੀਮਿੰਗ ਪੂਲ ਦੀ ਹੋਂਦ ਵੀ ਪਾਣੀ ਨਾਲ ਹੀ ਮੰਤਵ ਹੈ, ਤੋਂ ਇਹ ਸਵਿਮਿੰਗ ਪੂਲ ਇਸ ਬਿਰਤਾਂਤ ਵਿੱਚ ਪਰਿਵਾਰਕ ਰਿਸ਼ਤਿਆਂ ਵਿਚਲੀ ਟੁੱਟ-ਭੱਜ ਤੋ ਤਨਾਉ ਨੂੰ ਉਤਪੰਨ ਹੁੰਦਾ ਦਰਸਾਉਂਦਾ ਹੈ ਉੱਥੇ ਕਹਾਣੀ ਦੇ ਅੰਤ ਵਿਚ ਵੀ ਸੁਖਜੀਤ ਦੇ ਚੁਫੇਰੇ ਭਰੀ ਭੁੱਖੀ ਦਾ ਇਹ ਕਹਿਣਾ, "ਪੰਜਾਬ ਦੀ ਜ਼ਮੀਨ ਬੋਲਿਓ ਪਾਣੀ ਮੁੱਕ ਗਿਆ ਹੈ"। ਪੰਜਾਬ ਵਿੱਚ ਵੀ ਰਿਸ਼ਤਿਆਂ ਦੀ ਖੁਰ ਰਹੀ ਪਹਿਚਾਣ ਨੂੰ ਪਾਣੀ ਦੇ ਮੈਟਾਫਰ ਰਾਹੀਂ ਪ੍ਰਸਤੁਤ ਕਰਦਾ ਹੈ। ਜਿਹੜਾ ਚਾਚਾ ਸਾਰੀ ਉਮਰ ਭਰਾ ਤੇ ਭਤੀਜੀ ਲਈ ਵਫ਼ਾਦਾਰ ਰਹਿੰਦਾ ਹੈ ਉਸ ਦੇ ਪੁੱਤਰ ਦੁਆਰਾ ਅਪਣਿਆਂ ਬੰਦਿਆਂ ਨੂੰ ਕੈਨੇਡਾ ਭੇਜਣ ਦੇ ਚੱਕਰ ਤੇ ਜ਼ਮੀਨ ਜਾਇਦਾਦ ਹੜੱਪਣ ਦੀ ਲਾਲਸਾ ਵੱਲ ਵੀ ਕਹਾਣੀ ਅੰਤ ਵਿੱਚ ਸੰਕੇਤ ਕਰ ਗਈ ਹੈ।

9.3.5 **ਮੂਲ-ਪਹਿਚਾਣ ਦੀ ਸਥਾਪਤੀ—** ਪਰਵਾਸੀ ਪੰਜਾਬੀ ਮਨੁੱਖ ਜਦੋਂ ਆਪਣੀ ਮੂਲ ਪਹਿਚਾਣ ਦੀ ਸਥਾਪਤੀ ਦੇ ਅਮਲ ਵਿੱਚ ਕਾਰਜਸ਼ੀਲ ਹੁੰਦਾ ਹੈ ਤਾਂ ਇੱਕੋ ਸਮੇਂ ਪਰ-ਸਭਿਆਚਾਰ ਤੇ ਅੰਤਰ-ਸਭਿਆਚਾਰਕ ਸਥਿਤੀਆਂ ਵਿੱਚੋਂ ਗੁਜ਼ਰਦਾ ਹੈ। ਕੈਨੇਡੀਅਨ ਪੰਜਾਬੀ ਕਹਾਣੀ ਦੇ ਸੰਦਰਭ ਵਿੱਚ ਇਹ ਅੰਤਰ-ਸਭਿਆਚਾਰ ਸਥਿਤੀ ਹੋਰ ਵੀ ਵਧੇਰੇ ਚੁਣੌਤੀ ਭਰਪੂਰ ਸਰੂਪ ਅਖਤਿਆਰ ਕਰ ਹੈ। ਕਿਉਂਕਿ ਇੱਥੇ ਇਕ ਪਾਸੇ ਬਸਤੀਵਾਦੀ, ਸਾਮਰਾਜੀ ਪਿਛੋਕੜ ਵਾਲਾ ਅਤਿਵਿਕਸਿਤ ਉਦਯੋਗੀ ਪੂੰਜੀਵਾਦੀ ਸਮਾਜ-ਪ੍ਰਬੰਧ ਵਾਲਾ ਦੇਸ਼ ਹੈ ਅਤੇ ਦੂਸਰੇ ਪਾਸੇ ਅਤੀਤ ਵਿੱਚ ਬਸਤੀਵਾਦੀ ਨਿਜ਼ਾਮ ਦੀ ਹੋਣੀ ਨੂੰ ਭੋਗ ਚੁੱਕਾ, ਅਰਧ-ਸਾਮੰਤੀ ਤੇ ਵਿਕਸਿਤ ਪੂੰਜੀਵਾਦੀ ਸਰੂਪ ਵਾਲਾ ਸਮਾਜ ਪ੍ਰਬੰਧ ਹੈ। ਇਨ੍ਹਾਂ ਪਰਿਸਥਿਤੀਆਂ ਵਿਚੋਂ ਗੁਜਰਦਾ ਪਰਵਾਸੀ ਪੰਜਾਬੀ ਮਨੁੱਖ ਜਿੱਥੇ ਇਕ ਪਾਸੇ ਮੁੱਖ ਸਭਿਆਚਾਰ ਵਿੱਚ ਆਪਣੀ ਵਿਲੱਖਣ ਪਹਿਚਾਣ ਦੀ ਸਥਾਪਤੀ ਲਈ ਕਾਰਜਸ਼ੀਲ ਹੈ ਉਥੇ ਦੂਸਰੇ ਪਾਸੇ ਆਪਣੇ ਹੀ ਸਭਿਆਚਾਰਕ ਦਾਇਰੇ, ਪਰਵਾਰਿਕ ਇਕਾਈ ਨਾਲ ਸਬੰਧਿਤ ਮਸਲਿਆਂ ਦੇ ਸਨਮੁੱਖ ਹੈ। ਅਜਿਹੀ ਹੀ ਸਥਿਤੀ ਦਰਪੇਸ਼ ਹੈ ਕਹਾਣੀ "ਗੁਆਚੇ ਲੋਕ" ਦੇ ਪਾਤਰਾਂ ਅੱਗੇ। ਪੱਛਮ ਦੀ ਪੂੰਜੀਵਾਦੀ ਵਿਵਸਥਾ ਨੇ ਕਿਸ

ਕਦਰ ਪਰਿਵਾਰਕ ਇਕਾਈ, ਮਨੁੱਖੀ ਰਿਸ਼ਤਿਆਂ ਤੇ ਨਾਂਹ-ਪੱਖੀ ਪ੍ਰਭਾਵ ਪਾਇਆ, ਦੇ ਸਮੱਸਿਆਕਾਰ ਨੂੰ ਇਹ ਕਹਾਣੀ ਆਪਣਾ ਵਸਤੂ ਬਣਾਉਂਦੀ ਹੈ। ਲੇਖਕ ਨੇ ਇਸ ਕਹਾਣੀ ਵਿੱਚ ਸ਼ਮਸ਼ੇਰ ਸਿੰਘ ਦੀ ਪਰਿਵਾਰਕ ਜ਼ਿੰਦਗੀ ਦੇ ਹਵਾਲੇ ਨਾਲ ਕੈਨੇਡੀਅਨ ਜਿੰਦਗੀ ਦੀਆਂ ਰਾਜਸੀ, ਧਾਰਮਿਕ, ਆਰਥਿਕ ਅਤੇ ਸਭਿਆਚਾਰਕ ਕੁੜੀਆਂ ਵਿਕਸਿਤ ਪੂੰਜੀਵਾਦੀ ਵਿਵਸਥਾ ਦੀਆਂ ਮੂਲ ਆਲਾਮਤਾਂ ਦੇ ਰੂਪ ਵਿੱਚ ਰਿਸ਼ਤਿਆਂ ਦੀ ਖ਼ਤਮ ਹੋ ਰਹੀ ਪਹਿਚਾਣ ਦੀ ਤ੍ਰਾਸਦੀ ਨੂੰ ਬਾਖੂਬੀ ਉਜਾਗਰ ਕੀਤਾ ਗਿਆ ਹੈ।

**9.3.6 ਭਵਿੱਖ ਦੀ ਉਸਾਰੀ—** ਕਹਾਣੀ ਦਾ ਪਾਤਰ ਸ਼ਮਸ਼ੇਰ ਸਿੰਘ ਸਮਾਜ-ਵਿਗਿਆਨੀਆਂ ਦੁਆਰਾ ਦਿੱਤੇ ਗਏ ਸਿਧਾਂਤ ਦੇ ਅੰਤਰਗਤ ਦੇਸ਼ ਵਿੱਚ ਦੋਸਤ ਦੇ ਸੁਆਰਥੀ ਚਰਿੱਤਰ ਤੋਂ ਉਦਾਸੀਨ ਹੋ ਕੇ, ਔਲਾਦ ਦੇ ਭਵਿੱਖ ਦੀ ਉਸਾਰੀ ਹਿੱਤ ਆਰਥਿਕ ਤੌਰ ਤੇ ਪ੍ਰਸਿੱਧ ਹੋਣ ਖਾਤਿਰ ਰਿਫਿਊਜੀ ਕੇਸ ਅਧੀਨ ਪਰਵਾਸ ਧਾਰਨ ਕਰਦਾ ਹੈ। ਪਰਿਵਾਰ ਦੀ ਆਮਦ ਉਪਰੰਤ ਘਟਨਾਕ੍ਰਮ ਸੁਖਦ ਤੇ ਖੁਸ਼ੀ ਭਰਪੂਰ ਹੈ। ਬਿਗਾਨੇ ਦੇਸ਼ ਵਿੱਚ ਹੌਲੀ-ਹੌਲੀ ਤਰੱਕੀ ਕਰ ਰਿਹਾ ਪਰਿਵਾਰ ਇਕ-ਦੂਸਰੇ ਦੇ ਸਾਥ ਵਿੱਚ ਖੁਸ਼ ਹੈ। ਉਨ੍ਹਾਂ ਦੀ ਇਸ ਖੁਸ਼ੀ ਹੈ-

> "ਜਦੋਂ ਉਨ੍ਹਾਂ ਦੋਆਂ ਜਣਿਆਂ ਨੇ ਇਕ ਦੂਜੇ ਦੇ ਹੱਥ ਫੜ ਕੇ, ਥਿੜਕਦੇ ਪੈਰਾਂ ਨਾਲ ਗੋਲ-ਦਾਇਰਾ ਬੰਨਿਆ ਤਾਂ ਸ਼ਮਸ਼ੇਰ ਨੂੰ ਇੰਜ ਮਹਿਸੂਸ ਹੋਇਆ ਜਿਵੇਂ ਉਨ੍ਹਾਂ ਦੀਆਂ ਜੁੜੀਆਂ ਬਾਹਾਂ ਘਰ ਦੇ ਅੰਦਰ ਹੀ ਨਹੀਂ, ਬਾਹਰ ਤੱਕ ਫੈਲ ਗਈਆਂ ਹੋਣ, ਘਰ ਦੇ ਚਾਰ-ਚੁਫੇਰ, ਕਿਸੇ ਕਿਲ ਦੀ ਸੁਰੱਖਿਅਤ ਕੰਧ ਵਾਂਗ"।

**9.3.7 ਧਰਮ ਤੇ ਰਾਜਨੀਤੀ-** ਕੈਨੇਡੀਅਨ ਪੰਜਾਬੀ ਸਮੁਦਾਇ ਵਿੱਚ ਗੁਰਦੁਆਰਿਆਂ ਦੇ ਵਪਾਰੀਕਰਨ ਜਾਤ-ਪਾਤ, ਚੌਧਰਪੁਣੇ, ਹੇਰਾਫੇਰੀ, ਧਰਮ ਦੇ ਨਾਂ 'ਤੇ ਦੂਸ਼ਿਤ ਰਾਜਨੀਤੀ ਆਦਿ ਨੇ ਇਨ੍ਹਾਂ ਧਾਰਮਿਕ ਸੰਸਥਾਵਾਂ ਦੇ ਉਦਾਰਵਾਦੀ, ਧਰਮ-ਨਿਰਪੱਖ ਤੇ ਰਾਸ਼ਟਰਵਾਦੀ ਅਕਸ ਨੂੰ ਹਾਨੀ ਪਹੁੰਚਾਈ ਹੈ। ਅਜਿਹੀਆਂ ਸਥਿਤੀਆਂ ਉਤਪੰਨ ਕਰਨ ਵਿੱਚ ਧਾਰਮਿਕ ਸੰਸਥਾਵਾਂ ਦੇ ਦੋਹਰੇ ਮਿਆਰਾਂ ਵਾਲ ਪ੍ਰਬੰਧਕ ਕਿਵੇਂ ਮੁੱਖ ਭੂਮਿਕਾ ਨਿਭਾਉਂਦੇ ਹਨ। ਨਿਸ਼ਾਨਦੇਹੀ ਗੁਰਦੁਆਰੇ ਦੇ ਫੰਡਾਂ 'ਚ ਘਪਲੇਬਾਜ਼ੀ ਵੱਡੀ ਰਕਮ ਸੁਰਿੰਦਰ ਨਾਲ ਸਾਂਝ ਵਾਲ ਬਿਜ਼ਨਿਸ ਵਿੱਚ ਲਾਉਂਦਾ ਹੈ। ਸੁਰਿੰਦਰ ਦੀ ਇਸ ਬਿਜਨਿਸ ਵਿੱਚ ਭਾਈਵਾਲੀ ਪ੍ਰਧਾਨ ਤੋਂ ਪ੍ਰਭਾਵਿਤ ਹੋਣ ਤੇ ਪ੍ਰਧਾਨ ਦੁਆਰਾ ਉਨ੍ਹਾਂ ਦੇ ਘਰੇਲੂ ਮਾਮਲਿਆਂ ਵਿੱਚ ਦਖਲ-ਅੰਦਾਜ਼ੀ ਪਿਤਾ-ਪੁੱਤਰ ਵਿਚਕਾਰ ਡੂੰਘੀ ਵਿੱਥ ਦੇ ਕਾਰਨ ਬਣਦੇ ਹਨ। ਫਲਸਰੂਪ ਪਰਿਵਾਰ ਇੱਕ ਹੋਰ ਵਾਰ ਟੁੱਟਦਾ ਹੈ ਤੇ ਸ਼ਮਸ਼ੇਰ ਸਿੰਘ ਪਤਨੀ ਸਮੇਤ ਇਸ ਪੁੱਤਰ ਤੋਂ ਵੀ ਅਲੱਗ ਬੇਸਮੈਂਟ ਕਿਰਾਏ 'ਤੇ ਲੈ ਕੇ ਰਹਿਣ ਲੱਗਦਾ ਹੈ। ਉਸਦੀ ਪਤਨੀ ਜਗਬੀਰ ਕੌਰ ਲਗਾਤਾਰ ਪੁੱਤਰ ਤੇ ਪਤੀ ਨਾਲ ਜੁੜੀ ਲਗਭਗ ਹਰ ਸੰਭਵ ਸਮਝੌਤਾ ਕਰਨ ਦੀ ਕੋਸ਼ਿਸ਼ ਕਰਦੀ ਹੈ। ਪਰੰਤੂ ਪਤਨੀ ਦੁਆਰਾ ਔਲਾਦ ਦਾ ਪੱਖ ਲੈਣਾ, ਉਨ੍ਹਾਂ ਦੀਆ ਜ਼ਿੰਮੇਵਾਰੀਆਂ ਵੰਡਾਉਣਾ ਤੇ ਸ਼ਮਸ਼ੇਰ ਸਿੰਘ ਪ੍ਰਤਿ ਵਰਤੀ ਜਾ ਰਹੀ ਲਾਪਰਵਾਹੀ ਕਾਰਨ, ਉਹ ਅੰਗਰੇਜ਼ ਔਰਤ ਜੂਲੀ ਕਾਰਟਰ ਨਾਲ ਸੰਬੰਧ ਸਥਾਪਿਤ ਕਰ ਲੈਂਦਾ ਹੈ। ਉਸਦਾ ਅਜਿਹਾ ਵਿਵਹਾਰ ਉਸਨੂੰ ਪਤਨੀ ਸਮੇਤ ਪੂਰੇ ਪਰਿਵਾਰ ਦੀਆਂ ਨਜ਼ਰਾਂ ਵਿੱਚ ਦੋਸ਼ੀ ਬਣਾ ਦਿੰਦਾ ਹੈ। ਇਸ ਸਾਰੇ ਮਾਨਸਿਕ ਸੰਤਾਪ ਨੂੰ ਭੋਗਦਿਆਂ ਉਹ ਲਿਵਰ ਖਰਾਬ ਹੋ ਜਾਣ ਕਾਰਨ ਸਰੀਰਕ ਤੌਰ 'ਤੇ ਵੀ ਰੋਗੀ ਬਣ ਜਾਂਦਾ ਹੈ।

ਅੰਤਰ ਸਭਿਆਚਾਰਕ ਸੰਬੰਧਾਂ ਦੇ ਅੰਤਰਗਤ ਸਮਸ਼ੇਰ ਸਿੰਘ ਜੇਮਜ ਤੇ ਜੂਲੀ ਦੀ ਆਪਸੀ ਸਾਂਝ ਨੂੰ ਦੇਖਿਆ ਜਾ ਸਕਦਾ ਹੈ। ਜੇਮਜ਼ ਨੂੰ ਲੇਖਕ ਨੇ ਇਕ ਰੋਲ ਮਾਡਲ ਵਜੋਂ ਵਰਤਿਆ ਹੈ। ਅਜਿਹਾ ਇਸਾਨ ਜੋ ਕੇਵਲ ਤੇ ਕੇਵਲ ਦੂਸਰਿਆਂ ਦੀ ਭਲਾਈ ਹਿੱਤ ਹੀ ਸੋਚਦਾ ਹੈ। ਇਕ ਪਾਸੇ ਉਹ ਆਪਣੇ ਕ੍ਰਾਂਤੀਕਾਰੀ ਸੁਭਾਅ ਕਾਰਨ ਦੋਹਰੀ ਨੀਤੀ ਵਾਲੇ ਲੀਡਰਾਂ ਤੇ ਮੈਨੇਜਮੈਂਟ ਨੂੰ ਅੱਖਰਦਾ ਹੈ ਤਾਂ ਦੂਸਰੇ ਪਾਸੇ ਸਾਥੀ ਕਾਮਿਆਂ ਦੀ ਪਸੰਦ ਬਣਦਾ ਹੋਇਆ 'ਰੰਗਮੰਚੀ ਸੰਸਥਾ' ਤੇ ਚਿਲਡਰਨ ਕੇਅਰ ਸੈਂਟਰ ਰਾਹੀਂ ਲੋਕ ਭਲਾਈ ਦੇ ਕੰਮਾਂ ਨਾਲ ਜੁੜਿਆ ਹੋਇਆ ਹੈ। ਮਰਨ ਉਪਰੰਤ ਵੀ ਉਹ ਆਪਣਾ ਲਿਵਰ ਸ਼ਮਸ਼ੇਰ ਸਿੰਘ ਨੂੰ ਦਾਨ ਕਰ ਜਾਂਦਾ ਹੈ। ਸ਼ਮਸ਼ੇਰ ਸਿੰਘ ਨਾਲ ਵਿਚਾਰ-ਵਟਾਂਦਰੇ ਵਿੱਚ ਹੀ ਕਹਾਣੀ ਦਾ ਮੂਲ ਸਰੋਕਾਰ ਵੀ ਉਜਾਗਰ ਹੁੰਦਾ ਹੈ। ਅਜੋਕੇ ਮਨੁੱਖ ਦੀ ਗੁਆਚ ਚੁੱਕੀ ਸ਼ਨਾਖਤ ਬਾਰੇ ਉਹ ਕਹਿੰਦਾ ਹੈ, "ਸੱਚ ਤਾਂ ਉਹ ਜੋ ਆਪਣੇ ਆਪ 'ਚ ਹੋਏ, ਉਹ ਤਾਂ ਗੁਆਚ ਚੁੱਕੇ ......... ਆਪਣੇ ਕੇਂਦਰੀ ਧੁਰੇ ਨਾਲੋਂ ਟੁੱਟ ਚੁੱਕੈ"।

ਸਥਿਤੀ ਦੀ ਵਿਡੰਬਨਾ ਇਹ ਹੈ ਕਿ ਗੁਆਚੇ ਹੋਏ ਇਨ੍ਹਾਂ ਲੋਕਾਂ ਵਿੱਚ ਸ਼ਾਮਲ ਸ਼ਮਸ਼ੇਰ ਸਿੰਘ ਦੇ ਪਰਿਵਾਰਕ ਜੀਅ ਉਸਨੂੰ ਮਨਜਿੰਦਰ ਦੇ ਘਰ ਕੇਵਲ ਇਸ ਲਈ ਲੈ ਕੇ ਜਾਣਾ ਚਾਹੁੰਦੇ ਹਨ ਕਿਉਂਕਿ ਐਮ. ਪੀ ਦੀ ਚੋਣ ਲੜ ਰਹੇ ਇਸ ਪਾਤਰ ਦਾ ਅਕਸ ਪਰਿਵਾਰਕ ਮੁੱਲਾਂ ਦੇ ਮੁੱਦਈ ਮਾਪਿਆ ਦੀ ਸਾਂਭ-ਸੰਭਾਲ ਕਰ ਰਹੇ ਪੁੱਤਰ ਦੇ ਤੌਰ ਤੇ ਉਘਾੜਿਆ ਜਾ ਸਕੇ। ਉਸ ਦੀ ਬਿਮਾਰੀ ਦੀ ਉਨ੍ਹਾਂ ਨੂੰ ਕੋਈ ਚਿੰਤਾ ਨਹੀਂ ਦਿਖਾਈ ਦਿੰਦੀ। ਇਸ ਦੇ ਸਮਵਿੱਥ ਅਜਿਹੀਆਂ ਸੰਸਥਾਵਾਂ ਦੀ ਕਾਰਜਸ਼ੀਲ ਹੈ ਜੋ ਬਿਨਾਂ ਕਿਸੇ ਜਾਣ ਪਹਿਚਾਣ, ਸਾਂਝ, ਰਿਸ਼ਤੇ ਦੇ ਲੋਕਾਂ ਦੀ ਮਦਦ ਕਰਦੀਆਂ ਹਨ। ਅਜਿਹੀ ਹੀ ਇਕ ਲਿਵਰ ਕੇਅਰ ਸੰਸਥਾ ਦੇ ਉਪਰਾਲੇ ਉਸਨੂੰ ਨਵਾਂ ਜੀਵਨ ਪ੍ਰਾਪਤ ਹੁੰਦਾ ਹੈ। ਇਸ ਤਰ੍ਹਾਂ ਲੇਖਕ ਸ਼ਮਸ਼ੇਰ ਸਿੰਘ ਰਾਹੀਂ ਪੂੰਜੀਵਾਦੀ ਵਿਵਸਥਾ ਵਿੱਚ ਰਿਸ਼ਤਿਆਂ ਦੀ ਖੁਰ ਰਹੀ ਪਹਿਚਾਣ ਤੇ ਚਿੰਤਾ ਵਿਅਕਤ ਕਰਦਾ ਹੈ ਜਿਸ ਵਿੱਚ ਘਰ ਤੇ ਪਰਿਵਾਰ ਦੋਹਾਂ ਤੋਂ ਮਹਿਰੂਮ ਹੋ ਕੇ ਜਿਉਣਾ ਵਿਅਕਤੀ ਦੀ ਹੋਣੀ ਹੋ ਨਿਬੜਦਾ ਹੈ। ਇਸਦੇ ਨਾਲ ਹੀ ਕੈਨੇਡੀਅਨ ਪੰਜਾਬ ਸਮੁਦਾਇ ਵਿੱਚ ਬਜਰੂਗ ਪੀੜੀ ਦੀ ਹੋ ਰਹੀ ਅਵਹਲਨਾ ਵੀ ਦ੍ਰਿਸ਼ਟੀਗੋਚਰ ਹੁੰਦੀ ਹੈ। ਪਰਵਾਸੀ ਪੰਜਾਬੀਆਂ ਦੁਆਰਾ ਆਪਣੀ ਸਮੁਦਾਇ ਤੇ ਮੁੱਖ ਸਮਾਜ ਵਿੱਚ ਸਥਾਪਤੀ ਦਾ ਜ਼ਰੀਆ ਕੇਵਲ ਪੂੰਜੀ ਇਕੱਤਰੀਕਰਨ ਨੂੰ ਹੀ ਸਮਝਣ ਦੀ ਭੁੱਲ ਨੂੰ ਉਜਾਗਰ ਕੀਤਾ ਗਿਆ ਹੈ। ਇਸ ਮਨੋਰਥ ਦੀ ਪੂਰਤੀ ਹਿੱਤ ਉਹ ਵੰਕ ਰਚਦੇ, ਹਥਕੰਡੇ, ਅਖੌਤੀ ਸੇਵਾ ਦਾ ਦੂਸ਼ਿਤ ਰਾਜਨੀਤੀ ਵਿੱਚ ਵੀ ਪ੍ਰਵੇਸ਼ ਕਰਦੇ ਦਿਖਾਈ ਦਿੰਦੇ ਹਨ।

ਸਮਾਜ-ਵਿਗਿਆਨ ਦੀ ਦ੍ਰਿਸ਼ਟੀ ਤੋਂ ਦੇਖਿਆਂ ਕੈਨੇਡਾ ਵਿੱਚ ਪਹਿਲੇ ਪੜਾਅ ਦੇ ਪਰਵਾਸੀ ਪੰਜਾਬੀ ਜਿਥੇ, ਅਪਾਰਥੀਡ ਦੇ ਮਾਡਲ ਨੂੰ ਗ੍ਰਹਿਣ ਕਰਦੇ ਹੋਏ ਪੱਛਮੀ ਸਭਿਆਚਾਰ ਦੀ ਮੁੱਖਭਾਗ ਨਾਲੋਂ ਤਕਰੀਬਨ ਅਲਹਿਦਾ ਹੋਣ ਲਈ ਮਜਬੂਰ ਸਨ ਉਥੇ ਅਜੋਕੇ ਸਮੇਂ ਵਿੱਚ ਮੁੱਖ ਧਾਰਾ ਦੇ ਲੋਕਾਂ ਨਾਲ ਵਿਵਹਾਰਕ ਤੇ ਸਮਾਜਿਕ ਸਾਂਝ ਸਥਾਪਿਤ ਕਰਦੇ ਦਿਖਾਈ ਦਿੰਦੇ ਸਨ। ਇਸਦੀ ਮਿਸਾਲ ਸੜਕ" ਕਹਾਣੀ ਦੇ ਪਰਵਾਸੀ ਪੰਜਾਬੀ ਪਾਤਰ ਅਜੀਤ ਤੇ ਮੁੱਖਭਾਗ ਨਾਲ ਸੰਬੰਧੀ ਪਾਤਰ ਜੈਕ ਦੇ ਆਪਸੀ ਸੰਬੰਧਾਂ ਦੇ ਰੂਪ ਵਿੱਚ ਦ੍ਰਿਸ਼ਟੀਗੋਚਰ ਹੁੰਦੀ ਹੈ। ਇਹ ਦੋਵੇਂ ਪਾਤਰ ਹੁੰਦਲ ਐਂਡ ਹੈਰੀਸਨ ਟਰਕਿੰਗ

ਕੰਪਨੀ ਦੇ ਨਾਂ ਹੇਠ ਇੱਕਠੇ ਕਾਰੋਬਾਰ ਕਰਦੇ, ਨਿਭਾਉਂਦੇ ਹੋਏ ਹਰੇਕ ਸੰਘਰਸ਼ ਤੇ ਚੁਣੌਤੀ ਦਾ ਵੀ ਇਕੱਠੇ ਸਾਹਮਣਾ ਕਰਦੇ ਹਨ। ਉਹ ਇਕ ਦੂਸਰੇ ਦੇ ਸਭਿਆਚਾਰ ਦੀ ਇੱਜਤ ਕਰਦੇ, ਉਸਨੂੰ ਸਮਝਣ ਦੀ ਜਗਿਆਸਾ ਰੱਖਦੇ ਅਤੇ ਸੰਕਟਮਈ ਸਥਿਤੀਆਂ ਸਮੇਂ ਇੱਕ-ਦੂਸਰੇ ਨੂੰ ਸਹਾਰਾ ਦਿੰਦੇ ਵੀ ਦ੍ਰਿਸ਼ਟੀਗੋਚਰ ਹੁੰਦੇ ਹਨ। ਇਸ ਸਾਰੇ ਵਰਤਾਰੇ ਵਿੱਚ ਉਨ੍ਹਾਂ ਦੇ ਪਰਿਵਾਰਾਂ ਦੀ ਸਾਂਝ ਤੇ ਸ਼ਮੂਲੀਅਤ ਵੀ ਮਹੱਤਵਪੂਰਨ ਹੈ।

ਇਸੇ ਸੰਦਰਭ ਵਿੱਚ ਹੀ ਸਿੱਖ ਧਰਮ 'ਚ ਸੇਵਾ ਤੇ ਈਸਾਈ ਧਰਮ 'ਚ ਚੈਰਿਟੀ ਦੇ ਸਿਧਾਂਤਾਂ ਵਿੱਚ ਉਨ੍ਹਾਂ ਨੂੰ ਸੁਮੇਲਤਾ ਨਜ਼ਰ ਆਉਂਦੀ ਹੈ। ਜਿਥੋਂ ਗੁਰਬਾਣੀ ਮਤ ਵਿੱਚ ਪ੍ਰੇਮ ਕੀਉ ਤਿਨ ਹੀ ਪ੍ਰਭੁ ਪਾਇਉ ਦਾ ਸੰਕਲਪ ਹੈ ਉਥੇ ਈਸਾਈਮਤ ਵਿੱਚ 'ਲਵ ਇਜ਼ ਗੌਡ' ਦੇ ਸੰਕਲਪ ਸਾਹਮਣੇ ਰੱਖਦੇ ਹਨ। ਇਸੇ ਤਰ੍ਹਾਂ ਵੰਡ-ਛਕੋ' ਦੇ ਸਸਵਿੱਧ ਦੀ ਫੂਡ ਬੈਂਕਾਂ ਦੇ ਮਨੋਰਥ ਨੂੰ ਪ੍ਰਗਟਾਉਂਦੇ ਹਨ।

ਅਜੀਤ ਸਿੰਘ ਦੇ ਪਰਵਾਸ ਧਾਰਨ ਕਰਨ ਦੀ ਪਿੱਠਭੂਮੀ ਵਿੱਚ ਸਕੇ ਭਰਾ ਤੇ ਮਾਪਿਆਂ ਦੇ ਸੁਆਰਥ ਤੇ ਜ਼ਿਆਦਤੀ ਭਰੇ ਵਿਵਹਾਰ ਨੂੰ ਕਾਰਨ ਵਜੋਂ ਦੇਖਿਆ ਜਾ ਸਕਦਾ ਹੈ। ਕੈਨੇਡਾ ਪਹੁੰਚਣ ਉਪਰੰਤ ਤੇ ਫਿਰ ਪਰਿਵਾਰ ਨੂੰ ਵੀ ਸਥਾਪਿਤ ਕਰਨ ਦੇ ਆਹਰ ਵਿੱਚ ਉਸਦਾ ਪੁੱਤ-ਨੂੰਹ ਪੱਛਮੀ ਜੀਵਨ ਸ਼ੈਲੀ ਨੂੰ ਅਪਣਾਉਂਦੇ ਹਨ। ਨਿੱਜੀ ਹਿੱਤਾਂ ਦੇ ਟਕਰਾਉ ਕਾਰਨ ਪਰਿਵਾਰ ਤੋਂ ਬਣਦੇ ਨਵੀਂ ਪੀੜ੍ਹੀ ਦੇ ਸੰਕਟ ਦੀ ਇਹ ਇਕ ਮਿਸਾਲ ਹੈ। ਅਮਰੀਕਨ ਡਰੀਮ ਦੀ ਪੂਰਤੀ ਵਿੱਚ ਉਸਦਾ ਸਾਥ ਛੋਟਾ ਪੁੱਤਰ ਕਰਨ ਦਿੰਦਾ ਹੈ। ਇਸ ਨਾਲ ਕਾਰੋਬਾਰ ਵਿੱਚ ਲਗਾਤਾਰ ਵਾਧਾ ਹੁੰਦਾ ਹੈ। ਪਰੰਤੂ ਤ੍ਰਾਸਦਿਕ ਸਥਿਤੀ ਉਸ ਸਮੇਂ ਉਤਪੰਨ ਹੁੰਦੀ ਹੈ ਜਦੋਂ ਕਰਨ ਇਕ ਸੜਕ ਹਾਦਸੇ ਵਿੱਚ ਬਾਕੀ ਸਾਥੀਆਂ ਨੂੰ ਬਹਾਦਰੀ ਦਾ ਪ੍ਰਗਟਾਵਾ ਕਰਦਾ ਮੌਤ ਦੇ ਮੂੰਹ ਵਿਚੋਂ ਕੱਢ ਲਿਆਉਂਦਾ ਹੈ ਪਰ ਖੁਦ ਇਸਦੀ ਚਪੇਟ ਵਿਚ ਆ ਜਾਂਦਾ ਹੈ। ਕਰਨ ਦੀ ਇਸ ਬਹਾਦਰੀ ਬਦਲੇ ਮਰਨ ਉਪਰੰਤ ਉਸਨੂੰ ਕੈਨੇਡਾ ਸਰਕਾਰ ਮੈਡਲ ਆਫ ਬਰੇਵਰੀ ਨਾਲ ਸਨਮਾਨਿਤ ਕਰਦੀ ਹੈ ਜੋ ਕਿ ਕੈਨੇਡੀਅਨ ਪੰਜਾਬੀ ਸਮੁਦਾਇ ਲਈ ਮਾਣ ਵਾਲੀ ਗੱਲ ਹੈ ਨਿਬੜਦੀ ਹੈ। ਇਸ ਸਮੇਂ ਵੀ ਜੈਕ ਉਨ੍ਹਾਂ ਦੀਆਂ ਭਾਵਨਾਵਾਂ ਵਿੱਚ ਸ਼ਾਮਲ ਹੁੰਦਾ ਕਹਿੰਦਾ ਹੈ—

> "ਆਪਾਂ ਨੂੰ ਮਾਣ ਹੈ ਕਿ ਆਪਣਾ ਕਰਨ ਅੱਜ ਕਨੇਡਾ ਦੇ ਇਤਿਹਾਸ ਦੇ ਪੰਨਿਆਂ 'ਚ ਚਲਾ ਗਿਆ। ਇਸ ਕਹਾਣੀ ਰਾਹੀਂ ਲੇਖਕ ਟਰਕਿੰਗ ਦੇ ਕਾਰੋਬਾਰ ਵਿੱਚ ਸ਼ਾਮਿਲ ਪਰਵਾਸੀ ਪੰਜਾਬੀਆਂ ਦੀਆਂ ਘਾਟਾਂ, ਪ੍ਰਾਪਤੀਆਂ, ਸੰਘਰਸ਼, ਤੇ ਚੁਣੌਤੀਆਂ ਦਾ ਬਾਖੂਬੀ ਚਿਤਰਨ ਕਰਦਾ ਹੈ। ਸੜਕਾਂ' ਮੈਟਾਫਰ ਦੇ ਤੌਰ 'ਤੇ ਪ੍ਰਯੋਗ ਹੋਇਆ ਹੈ ਜੋ ਪੂੰਜੀਵਾਦੀ ਦੀ ਵਿਵਸਥਾ ਵਿੱਚ ਇਕ ਦੂਸਰੇ ਤੋਂ ਅੱਗੇ ਲੰਘਣ ਦੀ ਨਿਰੰਤਰ ਲੱਗੀ ਦੌੜ ਨੂੰ ਦਰਸਾਉਂਦਾ ਹੈ ਤੇ ਇਹ ਦੌੜ ਦੀ ਅਜੋਕੇ ਮਨੁੱਖ ਦੀ ਜ਼ਿੰਦਗੀ ਦਾ ਮਨੋਰਥ ਬਣ ਕੇ ਰਹਿ ਗਈ ਹੈ।

ਰਘਬੀਰ ਸਿੰਘ ਦੇ ਕਥਨ ਅਨੁਸਾਰ ਜਰਨੈਲ ਸਿੰਘ ਦੇ ਸਰੋਕਾਰਾਂ ਦਾ ਘੇਰਾ ਪਰਵਾਸੀ ਪੰਜਾਬੀਆਂ ਦੇ ਸਮਾਚਾਰਾਂ ਤੇ ਸਮੱਸਿਆਵਾਂ ਤੱਕ ਹੀ ਸੀਮਤ ਨਹੀਂ ਰਹਿੰਦਾ ਙ ਮਾਨਵਵਾਦੀ ਦ੍ਰਿਸ਼ਟੀ ਅਤੇ ਸ਼ੁੱਭ-

ਭਾਵੀ ਚਿੰਤਕ ਜਰਨੈਲ ਸਿੰਘ ਨੂੰ ਕੈਨੇਡੀਅਨ ਸਮਾਜ ਅਤੇ ਉਸ ਤੋਂ ਵੀ ਅਗਾਂਹ ਸੰਸਾਰ ਦੇ ਮਸਲਿਆਂ ਨਾਲ ਜੋੜਦੇ ਹਨ। ਇਸਦੀ ਮਿਸਾਲ ਟਾਵਰਜ਼ ਅਤੇ ਬਰਫ਼ ਦੇ ਦਰਿਆ' ਨਾਉਂ ਦੀਆ ਕਹਾਣੀਆ ਹਨ।...... ਉਹ ਮਹਿਜ਼ ਪਰਵਾਸੀ ਨਹੀਂ ਸਗੋਂ ਵਿਸ਼ਵ ਵਾਲੇ ਲੇਖਕ ਵਜੋਂ ਉੱਭਰਦਾ ਹੈ। ਪਰਵਾਸੀ ਪੰਜਾਬੀ ਗਲਪ ਸਾਹਿਤ ਵਿੱਚ ਪਹਿਲੀ ਵਾਰ 11 ਸੰਤਬਰ 2001 ਨੂੰ ਵਾਪਰੀ ਟਰੇਡ ਸੈਂਟਰ ਦੀ ਤਬਾਹੀ ਅਤੇ ਅਮਰੀਕਾ ਦੁਆਰਾ ਇਰਾਕ ਉੱਤੇ ਹਮਲੇ ਨੂੰ ਜਰਨੈਲ ਸਿੰਘ 'ਟਾਵਰਜ਼' ਕਹਾਣੀ ਦਾ ਵਸਤੂ ਬਣਾਉਂਦਾ ਹੈ। ਲੇਖਕ ਇਨ੍ਹਾਂ ਘਟਨਾਵਾਂ ਦੀ ਪਿੱਠਭੂਮੀ ਵਿੱਚ ਕਾਰਸ਼ੀਲ ਵਿਭਿੰਨ ਰਾਜਨੀਤਕ, ਧਾਰਮਿਕ, ਆਰਥਿਕ ਨੀਤੀਆਂ ਤੋਂ ਪਰਦਾ ਉਠਾਉਂਦਾ ਹੋਇਆ ਆਮ ਨਾਗਰਿਕ 'ਤੇ ਇਨ੍ਹਾਂ ਦੇ ਪਾਏ ਮਾਰੂ ਪ੍ਰਭਾਵ ਨੂੰ ਮਾਨਵਵਾਈ ਦ੍ਰਿਸ਼ਟੀਕੋਣ ਤੋਂ 'ਚਿਤਰਦਾ ਹੋਇਆ ਵਿਸ਼ਵ ਸ਼ਾਂਤੀ ਦਾ ਸੁਨੇਹਾ ਦਿੰਦਾ ਵੀ ਦ੍ਰਿਸ਼ਟੀਗਚਰ ਹੁੰਦਾ ਹੈ। ਕਹਾਣੀ ਦੇ ਪਾਤਰ ਵਿਲੀਅਮ ਤੋਂ ਉਸ ਦੀ ਪਤਨੀ ਐਂਜਲਾ ਘੋਰ ਨਿਰਾਸ਼ਾ ਤੇ ਚਿੰਤਾ ਦੀ ਅਵਸਥਾ ਵਿੱਚੋਂ ਗੁਜਰ ਰਹੇ ਹਨ ਕਿਉਂਕਿ ਉਨ੍ਹਾਂ ਦੀ ਹੀ ਸਟੋਮੀ ਹਮਲੇ ਦਾ ਸ਼ਿਕਾਰ ਹੋਈ ਬਿਲਡਿੰਗ ਵਿੱਚ ਹੀ ਮਾਰੀ ਜਾਂਦੀ ਹੈ। ਉਨ੍ਹਾਂ ਦਾ ਪੁੱਤਰ ਡੈਨਿਸ, ਜੋ ਕਹਾਣੀ ਦੇ ਆਰੰਭ ਵਿੱਚ ਇਰਾਕ ਵਿਰੁੱਧ ਅਮਰੀਕਨ ਜੰਗ ਦਾ ਫੌਜੀ ਹੈ, ਲਾਪਤਾ ਦਿਖਾਈ ਦਿੰਦਾ ਹੈ ਅਤੇ ਅੰਤ ਇਸ ਜੰਗ ਵਿੱਚ ਹੀ ਉਸ ਦੀ ਮੌਤ ਦੀ ਸੂਚਨਾ ਵੀ ਪ੍ਰਾਪਤ ਹੋ ਜਾਂਦੀ ਹੈ। ਇਸ ਅਮਰੀਕੀ ਦੰਪਤੀ ਦੁਆਰਾ ਵਿਹੂਣੇ ਹੋ ਜਾਣ ਦੀ ਅਤਿ ਦੁਖਦਾਈ ਮਾਨਸਿਕ ਦਸ਼ਾ ਨੂੰ ਲੇਖਕ ਬਾਖੂਬੀ ਚਿਤਰਿਤ ਕੀਤਾ ਹੈ। ਕਹਾਣੀ ਵਿੱਚ ਹਰ ਸਮੇਂ ਉਹ ਔਲਾਦ ਦੇ ਜੀਵਨ ਵੇਰਵਿਆਂ ਦਾ ਸਿਮਰਨ ਕਰਦੇ ਤੇ ਵਾਸਤਵਿਕਤਾ ਦੇ ਸਨਮੁੱਖ ਹੁੰਦੇ ਹੋਏ ਸੰਤਾਪ ਭੋਗਦੇ ਦਿਖਾਈ ਦਿੰਦੇ ਹਨ।

9.3.8 **ਧਾਰਮਿਕ ਕੱਟੜਤਾ—** ਇਕ ਪਾਸੇ ਤਾਂ ਜਾਰਜ ਬੁਸ਼ ਤੇ ਟੋਨੀ ਬਲੇਅਰ ਇਰਾਕ ਜੰਗ ਦੀ ਜਿੱਤ ਦੇ ਜਸ਼ਨ ਮਨਾ ਰਹੇ ਹਨ ਤੇ ਦੂਸਰੇ ਪਾਸੇ ਇਸ ਜੰਗ ਦੇ ਸ਼ਿਕਾਰ ਨਿਰਦੋਸ਼ ਅਮਰੀਕੀ ਤੇ ਇਰਾਕੀ ਲੋਕ ਆਪਣੀ ਹੋਣੀ ਤੇ ਹੰਝੂ ਵਹਾ ਰਹੇ ਹਨ। ਇਨ੍ਹਾਂ ਤ੍ਰਾਸਦਿਕ ਸਥਿਤੀਆਂ ਦੀ ਪੇਸ਼ਕਾਰੀ ਅਬਾਦਲ ਦੇ ਭਰਾ ਤੇ ਉਸ ਦੇ ਪਰਿਵਾਰਕ ਦੇ ਅੱਠ ਜੀਆਂ ਦੀ ਮੌਤ ਅਤੇ ਹਜ਼ਾਰਾਂ ਉਹ ਬੇਗੁਨਾਹ ਲੋਕ ਜੋ ਟਾਵਰਾਂ ਤੋ ਇਰਾਕ ਵਿੱਚ ਜੰਗ ਦੇ ਸ਼ਿਕਾਰ ਬਣ ਗਏ, ਦੇ ਰੂਪ ਵਿੱਚ ਕੀਤੀ ਗਈ ਹੈ। ਜਿੱਥੇ ਇੱਕ ਪਾਸੇ ਤਾਂ ਟਾਵਰਾਂ ਤੇ ਹਮਲਾ ਅਤਿਵਾਦੀਆਂ ਦਾ ਅਤਿ ਘਿਣਾਉਣਾ ਕਾਰਾ ਦਿਖਾਈ ਦਿੰਦਾ ਹੈ ਉਥੇ ਦੂਸਰੇ ਪਾਸੇ ਅਮਰੀਕਾ ਦੁਆਰਾ ਦੂਸਰੇ ਮੁਲਕਾਂ ਦੀਆਂ ਅੰਦਰੂਨੀ ਤੋਂ ਬਾਹਰੀ ਲੜਾਈਆਂ ਵਿੱਚ ਨਿਭਾਈ ਜਾਣ ਵਾਲੀ ਗਲਤ ਭੂਮਿਕਾ ਵੀ ਸਪੱਸ਼ਟ ਹੁੰਦੀ ਹੈ। ਇਸ ਕਹਾਣੀ ਦੇ ਮਾਧਿਅਮ ਰਾਹੀਂ ਲੇਖਕ ਉਸ ਧਾਰਮਿਕ ਕੱਟੜਤਾ ਦੀ ਵਿਰੋਧਤਾ ਕਰਦਾ ਹੈ ਜੋ ਹਿੰਸਕ ਤੇ ਦਹਿਸ਼ਤੀ ਕਾਰਵਾਈਆਂ ਨੂੰ ਜਨਮ ਦਿੰਦੀ ਹੈ।ਧਰਮ ਦੇ ਅਖੌਤੀ ਰੱਖਿਅਕਾਂ ਦੀ ਵਿਚਾਰਧਾਰਾ ਤੇ ਪ੍ਰਸ਼ਨ ਚਿੰਨ ਲਗਾਉਂਦਾ ਉਹ ਲਿਖਦਾ ਹੈ:

> "ਰੱਖਿਅਕ ਦਾ ਅਦੁੱਤੀ ਸਿਧਾਂਤ ਇਹ ਸੀ ਕਿ ਜੇਕਰ ਬੰਦਾ ਆਪਣੇ ਦੀਨ ਅਤੇ ਨਸਲ ਦੀ ਖ਼ਾਤਰ ਬਰੂਦ ਨਾਲ ਜਾਨ ਉੜਾਵੇ ਜਾਂ ਖੁਦਬਰੂਦ ਬਣੇ ਜਾਂ ਸਮੇਂ ਸਮੇਤ ਹੋਰਨਾਂ ਨੂੰ ਬਰੂਦ ਬਣਾਵੇ ਤਾਂ ਉਹ ਬਹਿਸ਼ਤੀ ਜਾ ਪਹੁੰਚਦੇ . ਆਪਣੇ ਲਈ ਸਦੀਵੀ ਚਾਨਣ ਤੇ ਦੂਜਿਆਂ ਲਈ ਕਦੀ ਨਾ ਮੁੱਕਣ ਵਾਲੀਆਂ ਘੁੱਪ ਹਨੇਰੀਆਂ ਰਾਤਾਂ......"

9.3.9 **ਅਮਰੀਕਾ ਦੀਆਂ ਦੋਹਰੀਆਂ ਨੀਤੀਆਂ-** ਜਰਨੈਲ ਸਿੰਘ ਅਮਰੀਕਾ ਦੀਆਂ ਦੋਹਰੀਆਂ ਨੀਤੀਆਂ ਤੋਂ ਵੀ ਪਰਦਾ ਉਠਾਉਂਦਾ ਹੈ ਕਿ ਇਸ ਪਾਸੇ ਤਾਂ ਅਮਰੀਕਾ ਅਤਿਵਾਦ ਵਿਰੋਧੀ ਹੋਣ ਦਾ ਦੰਭ ਰਚ ਰਿਹਾ ਹੈ ਤੇ ਦੂਸਰੇ ਪਾਸੇ ਅੱਤਵਾਦ ਨੂੰ ਸ਼ਹਿ ਦੇਣ ਵਾਲੇ ਦੇਸ਼ਾਂ ਨੂੰ ਆਪਣਾ ਭਾਈਵਾਲ ਵੀ ਬਣਾਉਂਦਾ ਹੈ। ਇਰਾਕ ਜੰਗ ਅਮਰੀਕਾ ਦੀ ਉਸਦੇ ਤੇਲ-ਭੰਡਾਰ 'ਤੇ ਕਾਬਜ ਹੋਣ ਦੀ ਨੀਤੀ ਦਾ ਖੁਲਾਸਾ ਵੀ ਕਹਾਣੀ ਦਾ ਪਾਤਰ ਅਬਦੁਲ ਹਮੇਦੀ ਕਰਦਾ ਹੈ। ਉਸ ਅਨੁਸਾਰ ਬੇਸ਼ਕ ਅਮਰੀਕਾ ਲੋੜਵੰਦ ਮੁਲਕਾਂ ਦੀ ਮਦਦ ਕਰਦਾ ਹੈ ਪਰੰਤੂ ਉਸਨੂੰ ਮਨਮਰਜ਼ੀ ਕਰਨ ਦਾ ਕੋਈ ਅਧਿਕਾਰ ਨਹੀਂ ਹੈ। ਇਰਾਕ ਵਿੱਚ ਅਮਰੀਕੀ ਨੀਤੀਆਂ 'ਤੇ ਉਹ ਤਿੱਖਾ ਵਿਅੰਗ ਕਰਦਾ ਰਹਿੰਦਾ ਹੈ।

> "ਸਦਾਮ ਦੀ ਹਕੂਮਤ ਖਤਮ ਕਰਨ ਤੇ ਉਥੇ ਦੇ ਲਾਅ ਐਂਡ ਆਰਡਰ ਦੀ ਜ਼ਿੰਮੇਵਾਰੀ ਅਮਰੀਕਾ ਦੀ ਸੀ। ਇਹਦੀਆਂ ਫੌਜਾਂ ਤੇਲ ਦੇ ਖੂਹਾਂ ਦੀ ਰਾਖੀ ਤੇ ਤਾਂ ਡਟ ਗਈਆਂ ਪਰ ਸਾਡੀ ਸਭਿਅਤਾ ਦਾ ਖਜਾਨਾ, ਸਾਡਾ ਅਜਾਇਬ ਘਰ ਸ਼ਰੇਆਮ ਲੁਟਾ ਦਿੱਤਾ। ਉਥੇ ਦੋ ਲੱਖ ਦੇ ਕਰੀਬ ਵਡਮੁੱਲੀਆਂ ਵਸਤਾਂ ਸਨ"।

9.3.10 **ਆਪਸੀ ਸੰਬੰਧ-** ਅਮਰੀਕਾ ਅਤੇ ਪਰਵਾਸੀਆਂ ਸੰਬੰਧਾਂ ਬਾਰੇ ਪ੍ਰਦਰਨ ਦੀ ਸਿਰਜਨਾ ਕਰਦਾ ਲੇਖਕ ਦਰਸਾਉਂਦਾ ਹੈ ਕਿ ਬੇਸ਼ੱਕ ਸਥਾਨਕ ਸਮਾਜ ਦੇ ਵਿਕਾਸ ਵਿੱਚ ਪਰਵਾਸੀ ਜ਼ਿਕਰਯੋਗ ਭੂਮਿਕਾ ਅਦਾ ਕਰ ਰਹੇ ਹਨ ਪਰੰਤੂ ਫਿਰ ਵੀ ਇਨ੍ਹਾਂ ਨੂੰ ਸ਼ੱਕ ਦੀ ਦ੍ਰਿਸ਼ਟੀ ਤੋਂ ਹੀ ਦੇਖਿਆ ਜਾਂਦਾ ਹੈ। ਅਜਿਹੀ ਹੀ ਸੋਚ ਦਾ ਪ੍ਰਦਰਸ਼ਨ ਕਰਦਾ ਇਕ ਪਾਤਰ 11 ਸਤੰਬਰ ਦੀ ਘਟਨਾ ਲਈ ਸਮੁੱਚੇ ਪਰਵਾਸੀਆਂ ਨੂੰ ਜ਼ਿੰਮੇਵਾਰ ਠਹਿਰਾਉਂਦਾ ਪ੍ਰਤੀਤ ਹੁੰਦਾ ਹੈ:

> "ਇਮੀਗਰਟ ਸਾਡੇ ਨਾਲ ਕੰਮ ਕਰਦੇ ਨੇ, ਪਾਰਟੀਆਂ 'ਚ ਸਾਡੇ ਨਾਲ ਖਾਂਦੇ ਪੀਂਦੇ ਨੇ, ਕੁਝ ਸਾਡੇ ਦੋਸਤ ਵੀ ਹੋ ਪਰ ਸਾਨੂੰ ਉਨ੍ਹਾਂ ਬਾਰੇ ਕੁੱਝ ਨਹੀਂ ਪਤਾ ਕਿ ਉਹ ਖੈਰਖਾਹ ਅਮਰੀਕਾ ਦੇ ਹਨ ਜਾਂ ਕਿਸੇ ਹੋਰ ਦੇਸ਼ ਦੇ ......... ਅਗਲਿਆਂ ਨੇ ਸਾਡੇ ਹੀ ਦੇਸ਼ 'ਚ ਟਰੇਨਿੰਗ ਲਈਆਂ, ਸਾਰੇ ਹੀ ਜਹਾਜ਼ਾਂ ਤੇ ਬੰਦਿਆਂ ਨੂੰ ਬੰਬ ਬਣਾਇਐ ......... ਮੈਂ ਸਮਝਦਾ ਏਥੋਂ ਦੀ ਆਜ਼ਾਦੀ ਨੂੰ ਐਬਿਊਜ਼ ਕੀਤਾ ਗਿਆ"।

9.3.11 **ਪ੍ਰਦੂਸ਼ਣ ਦੇ ਰੂਪ—** ਬਰਫ਼ ਤੇ ਦਰਿਆ ਕਹਾਣੀ ਰਾਹੀਂ ਲੇਖਕ ਪ੍ਰਦੂਸ਼ਣ ਰੈਂਕ ਸੰਸਥਾ" ਦੇ ਰੂਪ ਵਿੱਚ ਵਿਕਾਸ ਦੀ ਆੜ ਵਿੱਚ ਉਤਰ-ਵਾਸੀਆਂ ਦੀ ਧਰਤੀ, ਬਰਫ਼, ਹਵਾ, ਜਲਧਾਰਾ ਤੇ ਇਥੋਂ ਤਕ ਕਿ ਉਨ੍ਹਾਂ ਦੇ ਸੱਭਿਆਚਾਰ ਨੂੰ ਵੀ ਪ੍ਰਦੂਸ਼ਿਤ ਕਰਨ ਦੀ ਪ੍ਰਕਿਰਿਆ ਦੀ ਵਿਰੋਧਤਾ ਕਰਦਾ ਹੈ। ਇਸ ਪ੍ਰੋਜੈਕਟ ਸੰਬੰਧੀ ਜਿੱਥੇ ਇਕ ਧਿਰ ਦੀ ਧਾਰਨਾ ਹੈ ਕਿ ਇਸ ਨਾਲ ਇਲਾਕੇ ਦੀ ਆਰਥਿਕਤਾ ਵਿੱਚ ਸੁਧਾਰ ਹੋਵੇਗਾ। ਲੋਕਾਂ ਨੂੰ ਰੁਜ਼ਗਾਰ ਦੇ ਸਾਧਨ ਪ੍ਰਾਪਤ ਹੋਣਗੇ ਉੱਥੇ ਦੂਸਰੀ ਧਿਰ ਜੋ ਇਸ ਪ੍ਰਾਜੈਕਟ ਦੀ ਵਿਰੋਧਤਾ ਕਰਦੀ ਹੈ, ਦੀ ਧਾਰਨਾ ਹੈ ਕਿ ਸਰਦੀਆਂ ਵਾਸਤੇ ਬਰਫ ਦੀਆਂ ਤੇ ਗਰਮੀਆਂ ਵਾਸਤੇ ਪਾਣੀ ਦੀਆਂ ਖੇਡਾਂ ਦੇ ਮਨੋਰੰਜਨ ਕੰਪਲੈਕਸ ਦੀ ਉਸਾਰੀ ਦੇ ਪਿਛੋਕੜ ਵਿੱਚ ਆਰਥਿਕ ਸੁਆਰਥ ਕਾਰਜਸ਼ੀਲ ਹਨ। ਇਨ੍ਹਾਂ ਸੰਬੰਧੀ ਇਸ ਐਕਸ਼ਨ ਕੋਮਟੀ ਦੀ ਸੈਕਟਰੀ ਫਰੋਸੀ ਪਰਦਾ ਉਠਾਉਂਦੀ ਕਹਿੰਦੀ ਹੈ।

"ਇੰਪੀਰੀਆਲ ਇੰਟਰਪ੍ਰਾਈਜ਼ ਕੰਪਨੀ ਦਾ ਅਸਾਨ ਮੰਤਵ ਬਿਜ਼ਨਿਸ ਏ ਬਿਜ਼ਨਿਸ ਵੀ ਸ਼ੁਹਦਾ ਜਿਹਾ। ਖੇਡਾਂ ਇਓਟ ਵਿੱਚ, ਕੰਪਨੀ ਅਮੀਰ ਲੋਕਾਂ ਦੇ ਹੌਲੀਡੇਂਇੰਗ ਵਾਸਤੇ ਆਯਾਸ਼ੀ ਦੇ ਅੱਡੇ ਬਣਾ ਕੇ ਡਾਲਰ ਕੁੱਟਣੇ ਚਾਹੁੰਦੇ ਨੇ। ਇਹ ਜਿਹਾ ਬਿਜ਼ਨਿਸ ਜੇ ਪ੍ਰਦੂਸ਼ਨ ਨਹੀਂ ਖਿਲਾਰੇਗਾ, ਤਾਂ ਹੋਰ ਕੀ ਕਰੇਗਾ ......"।

9.3.12 **ਪਰਿਵਾਰਕ ਤ੍ਰੇੜਾਂ-** ਪੱਛਮੀ ਸਮਾਜ ਵਿੱਚ ਪਰਿਵਾਰਾਂ ਦੇ ਟੁੱਟਣ ਦੀ ਦਰ ਲਗਾਤਾਰ ਵਧਦੀ ਰਹੀ ਹੈ। ਕੇਵਲ ਕੈਨੇਡਾ ਦੀ ਉਦਾਹਰਣ ਹੀ ਦੇਖਣੀ ਹੋਵੇ ਤਾਂ ਤਾਲਾਕ ਦੀ ਗਿਣਤੀ ਜੋ 1958 ਈ. ਵਿੱਚ 11000 ਸੀ 1930 ਈ ਵਿੱਚ 79000 ਤੱਕ ਵਧ ਗਈ। ਪੱਛਮੀ ਸਮਾਜ ਵਿੱਚ ਮਾਂ-ਬਾਪ ਦੀ ਖੇੜਿਤ ਗ੍ਰਹਿਸਥੀ ਦਾ ਦੁਖਾਂਤ ਔਲਾਦ ਨੂੰ ਕਿਵੇਂ ਭੋਗਣਾ ਪੈਂਦਾ ਹੈ, ਦੀ ਮਿਸਾਲ ਕਹਾਣੀ ਸੋਫੀਆ ਤੇ ਫੋਨ ਦੇ ਰੂਪ ਵਿੱਚ ਦੇਖੀ ਜਾ ਸਕਦੀ ਹੈ। ਨੌਂ ਸਾਲ ਦੀ ਸੋਫੀਆ ਦੀ ਮਾਂ ਉਸ ਦੇ ਪਿਤਾ ਨੂੰ ਛੱਡ ਕੇ ਆਪਣੇ ਨਾਲ ਕੰਮ ਕਰਦੇ ਭਾਰਾਲ ਨਾਲ ਵਿਆਹ ਕਰਵਾ ਲੈਂਦੀ ਹੈ। ਆਪਣੇ ਪਿਤਾ ਦੀ ਯਾਦ ਮਤਰਏ ਪਿਤਾ ਤੇ ਭੈਣ- ਭਰਾਵਾਂ ਦੁਆਰਾ ਉਸ ਪਤਿ ਪਿਆਰ ਵਿਹੁਣਾ ਵਿਵਹਾਰ ਉਸ ਦੀ ਸ਼ਖਸੀਅਤ ਵਿੱਚ ਹਮੇਸ਼ਾਂ ਲਈ ਇਕ ਖਿਲਾਅ ਪੈਦਾ ਕਰ ਜਾਂਦਾ ਹੈ। ਇਸਦੇ ਵਿਪਰੀਤ ਸੱਤ ਸਾਲਾਂ ਦੇ ਝੋਨ ਦਾ ਪਿਤਾ ਕਿਸੇ ਖੂਬਸੂਰਤ ਔਰਤ ਨਾਲ ਘਰ ਛੱਡ ਕੇ ਚਲਾ ਜਾਂਦਾ ਹੈ। ਉਸ ਦੀ ਪਰਵਰਿਸ਼ ਦਾਦੀ ਤੇ ਮਾਂ ਕਰਦੀਆਂ ਹਨ। ਉੱਚੇ ਵਿਚਾਰਾਂ ਦੀ ਧਾਰਨੀ, ਪ੍ਰਕਿਰਤੀ ਨਾਲ ਮੋਹ ਰੱਖਣ ਵਾਲੀ ਅਧਿਆਪਕ ਮਾਂ ਦੀ ਐਕਸੀਡੈਂਟ ਵਿੱਚ ਮੌਤ ਉਪਰੰਤ ਉਹ ਮਾਂ-ਪਿਆਰ ਤੋਂ ਵੀ ਮਹਿਰੂਮ ਹੋ ਜਾਂਦਾ ਹੈ। ਕਹਾਣੀ ਦੇ ਇਹ ਦੋਵੇਂ ਪਾਤਰ ਸੌਫੀਆਂ ਤੇ ਬੋਨ ਸਕੂਲ ਸਮੇਂ ਤੋਂ ਹੀ ਇਕ-ਦੂਸਰੇ ਦੇ ਕਰੀਬ ਆ ਜਾਂਦੇ ਹਨ ਪਰੰਤੂ ਆਪਣੇ-ਆਪਣੇ ਪਿਛੋਕੜ ਦੇ ਖਾਲੀਪਨ ਨੂੰ ਚੁੱਕੀ ਫਿਰਦੇ ਇਨ੍ਹਾਂ ਪਾਤਰਾਂ ਵਿਚੋਂ ਅਲਹਿਦਗੀ ਸੋਵੀਆ ਏਨ ਦੇ ਸੱਚੇ ਪਿਆਰ ਨੂੰ ਠੁਕਰਾ ਕੇ ਪੈਸਾ ਤੇ ਪਿਆਰ ਦੀ ਪ੍ਰਾਪਤੀ ਹਿੱਤ ਛੀਨ ਨਾਲ ਪਿਆਰ ਗੰਢ ਲੈਂਦੀ ਹੈ। ਸਥਿਤੀ ਦਾ ਵਿਅੰਗ ਇਹ ਹੈ ਕਿ ਸੋਹੀਆ ਤੇ ਝੋਨ ਦੋਵੇਂ ਹੀ ਆਪਣੇ ਪਿਆਰ ਵਿੱਚ ਅਸਫਲ ਰਹਿੰਦੇ ਹਨ। ਫਿਰ ਪਾਤਰ ਪੱਛਮੀ ਸਮਾਜ ਦੀ ਅਲਹਿਦਗੀ ਵਿੱਚ ਉਨ੍ਹਾਂ ਦੇ ਅੰਦਰ ਪਿਆਰਾ ਤੋਂ ਮਹਿਰੂਮ, ਰਿਸ਼ਤਿਆਂ ਦੀ ਪਰਪੱਕਤਾ ਤੋਂ ਅਣਜਾਣ ਰਹਿੰਦੇ, ਕਠੋਰ ਜੀਵਨ-ਸਥਿਤੀਆਂ ਤੇ ਆਪਣੀ ਹੋਂਦ ਨਾਲ ਜੁੜੇ ਸੁਆਲਾਂ ਨੂੰ ਹੱਲ ਕਰਨ ਤੋਂ ਅਸਮਰੱਥ ਰਹਿੰਦੇ ਅਖੀਰ ਨਸ਼ਿਆਂ ਦਾ ਸਹਾਰਾ ਲੈਂਦੇ ਹਨ ।

9.3.13 **ਅਣਵਿਆਹੀਆਂ ਮਾਵਾਂ-** ਪੱਛਮੀ ਸਮਾਜ ਵਿੱਚ ਅਣਵਿਆਹੀਆਂ ਮਾਂਵਾਂ ਦੀ ਗਿਣਤੀ ਵਿੱਚ ਵੱਡੇ ਪੱਧਰ 'ਤੇ ਵਾਧਾ ਹੋ ਰਿਹਾ ਹੈ। ਇਕੱਲੇ ਵਾਸ਼ਿੰਗਟਨ ਵਿੱਚ 1997 ਦੇ ਅੰਕੜਿਆਂ ਅਨੁਸਾਰ ਵਿਆਹੀਆਂ ਦੀ ਨਿਸਬਤ ਜਿਆਦਾ ਬੱਚੇ ਅਣਵਿਆਹੀਆਂ ਮਾਵਾਂ ਦੁਆਰਾ ਜਨਮੇ ਗਏ। ਇਸ ਸੰਦਰਭ ਵਿੱਚ ਪੱਛਮੀ ਸਮਾਜ ਵਿੱਚ ਔਰਤ ਨੂੰ ਪ੍ਰਾਪਤ ਹੱਕਾਂ ਦੀ ਤਰਜਮਾਨੀ ਇਨ੍ਹਾਂ ਸਿੰਗਲ-ਮਦਰਜ਼ ਨੂੰ ਉਪਲਬਧ ਸਰਕਾਰੀ ਸਹੂਲਤਾਂ ਤੋਂ ਸਹਿਜੇ ਹੀ ਹੋ ਜਾਂਦੀ ਹੈ। ਇਸ ਰਾਹੀਂ ਉਹ ਜ਼ਿੰਦਗੀ ਤੋਂ ਹਾਰਨ ਜਾਂ ਸਮਾਜ ਤੋਂ ਕਿਨਾਰਾ ਕਰਨ ਦੀ ਥਾਂ ਸਰਕਾਰੀ ਸਹਾਇਤਾ ਤੇ ਸਹੂਲਤਾਂ ਦਾ ਲਾਭ ਉਠਾਉਂਦੀਆਂ ਜ਼ਿੰਦਗੀ ਨੂੰ ਨਵੀ ਤਰੱਕੀ ਕਲ ਲੈ ਜਾਂਦੀਆਂ ਹਨ।ਭਾਵੇਂ ਕਿ ਇਸ ਨਾਲ ਜੁੜੇ ਕੁੱਝ ਨਾਂਹ ਪੱਖੀ ਪਹਿਲੂਆਂ ਦੱਸ ਦੀ ਕਹਾਣੀ ਸੰਕੇਤ ਕਰਦੀ ਹੈ। ਪੱਛਮੀ ਔਰਤ ਦੇ ਹੱਕਾਂ ਦੀ ਰਾਖੀ ਸਥਾਨਕ ਕਾਨੂੰਨ ਵਿਵਸਥਾ ਵੀ ਕਰਦੀ ਹੈ।ਇਸਦੀ

ਬਦੌਲਤ ਹੀ ਸੋਫੀਆ ਡੀਨ ਜਿਹੇ ਧੋਖੇਬਾਜ਼ ਪ੍ਰੇਮੀ ਤੇ ਆਪਣੇ ਤੋਂ ਆਪਣੀ ਧੀ ਦੇ ਹੱਡਾ ਦੀ ਪ੍ਰਾਪਤੀ ਲਈ ਅਦਾਲਤ ਜਾਣ ਲਈ ਤੱਤਪਰ ਹੈ। ਇਸ ਕਹਾਣੀ ਦਾ ਸਿਰਲੇਖ ਬਰਫ਼ ਦੇ ਦਰਿਆ ਦੋਨੋਂ ਪਾਤਰਾਂ ਸੋਫ਼ੀਆ ਤੇ ਸੋਨੇ ਦੇ ਵਿਅਕਤੀਤਵ ਦੀ ਪ੍ਰਤੀਕਾਤਮਕ ਰੂਪ ਵਿੱਚ ਤਰਜਮਾਨੀ ਕਰਦਾ ਹੈ। ਜਿਥੇ ਸੰਕਟਮਈ ਸਥਿਤੀਆਂ ਦਾ ਸਾਹਮਣਾ ਕਰਦੀ ਸੋਫੀਆ ਨੂੰ ਆਪਣੀ ਹੋਂਦ ਉਸ ਪਰਫ ਵਰਗੀ ਪ੍ਰਤੀਤ ਹੁੰਦੀ ਹੈ। ਜਿਸ ਨੇ ਇਧਰ-ਉਧਰ ਹਵਾ ਦੇ ਥਪੇੜੇ ਖਾਂਦੀ ਨੇ ਆਪਣਾ ਵਜੂਦ ਗੁਆ ਲੈਣਾ ਹੈ। ਉਥੇ ਆਪਣੇ ਹੱਕਾਂ ਦੀ ਰਾਖੀ ਤੇ ਹੋਈ ਜ਼ਿਆਦਤੀ ਦਾ ਬਦਲਾ ਲੈਣ ਲਈ ਉਹ ਬਰਫ਼ ਦਾ ਤੂਫਾਨ ਬਣ ਜਾਣਾ ਚਾਹੁੰਦੀ ਹੈ। ਸੰਨ ਦਰਿਆ ਵਾਂਗ ਨਿਰੰਤਰ ਵਗਦੇ ਰਹਿਣ ਦਾ ਪ੍ਰਤੀਕ ਹੈ ਅਤੇ ਬਰਫ ਦਾ ਪਾਣੀ ਵਿੱਚ ਤਬਦੀਲ ਹੋ ਕੇ ਦਰਿਆ ਦਾ ਹਿੱਸਾ ਬਣਨਾ ਅਖ਼ੀਰ ਦੋਹਾਂ ਦੇ ਆਪਸੀ ਸੰਬੰਧਾਂ ਦੀ ਘਨਿਸ਼ਠਤਾ ਤੇ ਪ੍ਰਪੱਕਤਾ ਨੂੰ ਦਰਸਾਉਂਦਾ ਹੈ।

9.3.14 **ਸਿੱਟਾ** – ਸਮੁੱਚੀ ਚਰਚਾ ਮਗਰੋਂ ਅਸੀਂ ਡਾ. ਅਕਾਲ ਅੰਮ੍ਰਿਤ ਕੌਰ ਦੇ ਸ਼ਬਦਾਂ ਵਿੱਚ ਆਖ ਸਕਦੇ ਹਾਂ ਕਿ ਇਹ ਕਹਾਣੀਆ ਪੰਜਾਬੀ ਡਾਇਸਪੋਰਾ ਦੀ ਰੂਪ ਵਿਧੀ ਅਤੇ ਸੁਭਾਅ ਨੂੰ ਪਹਿਚਾਨਣ ਦਾ ਸਫਲ ਯਤਨ ਕਰਦੀਆ ਹਨ। ਕਹਾਣੀਕਾਰ ਦੀ ਵਿਸ਼ੇਸ਼ਤਾ ਇਸ ਤੱਥ 'ਚ ਸਹਿਜ ਦੀ ਦ੍ਰਿਸ਼ਟੀਗੋਚਰ ਹੋ ਜਾਂਦੀ ਹੈ ਕਿ ਇਨ੍ਹਾਂ ਕਹਾਣੀਆਂ ਦਾ ਵਸਤੂ ਕੇਵਲ ਪਰਵਾਸੀ ਪੰਜਾਬੀ ਸਮੁਦਾਇ ਨੂੰ ਦਰਪੇਸ਼ ਸਮੱਸਿਆਵਾ ਤਕ ਸੀਮਤ ਨਾ ਰਹਿ ਕੇ ਵਿਸ਼ਵ ਲਈ ਚੁਣੌਤੀ ਬਣੇ ਮਸਲਿਆਂ ਨੂੰ ਵੀ ਉਜਾਗਰ ਕਰਨ ਵੱਲ ਰੁਚਿਤ ਹੈ। ਇਸ ਵਿੱਚ ਹੀ ਲੇਖਕ ਦੀ ਵਿਸ਼ਵ-ਚੇਤਨਾ ਉਭਰਦੀ ਹੈ ਤੇ ਇਹ ਕਹਾਣੀ-ਸੰਗ੍ਰਹਿ ਪਰਵਾਸੀ ਪੰਜਾਬੀ ਗਲਪ ਸਾਹਿਤ ਦੀ ਨਿਸ਼ਚੇ ਹੀ ਇਕ ਪ੍ਰਾਪਤੀ ਹੋ ਨਿਬੜਦਾ ਹੈ।

# ਐੱਮ.ਏ. ਪੰਜਾਬੀ

## ਸਮੈਸਟਰ- ਤੀਸਰਾ

## ਪਰਵਾਸੀ ਪੰਜਾਬੀ ਸਾਹਿਤ

| ਯੂਨਿਟ-10 |
| --- |
| ਟਾਵਰਜ਼: ਅਧਿਐਨ ਦ੍ਰਿਸ਼ਟੀ-1 |


10.1 ਟਾਵਰਜ਼: ਅਧਿਐਨ ਦ੍ਰਿਸ਼ਟੀ-1

10.1.1 ਲੰਮੀ ਕਹਾਣੀ ਦਾ ਸਰੂਪ

10.1.2 ਪ੍ਰਥਮ ਪੁਰਖੀ ਬਿਰਤਾਂਤ

10.1.3 ਬਿਰਤਾਂਤਕ ਵਿਉਂਤ ਦੇ ਹਿੱਸੇ

10.1.4 ਘਟਨਾਵੀ ਕਾਰਜ

10.1.5 ਦੁਆਬੀ ਉਪਭਾਸ਼ਾ

10.1.6 ਅੰਤਰ-ਸੱਭਿਆਚਾਰਕ ਤਣਾਓ

10.1.7 ਥੀਮਕ ਪੱਖ

10.1.8 ਟਕਰਾਉ

10.1.9 ਦ੍ਰਿਸ਼ਟਾਂਤ

10.1.10 ਸਿੱਟਾ

## 10.1 ਟਾਵਰਜ਼: ਅਧਿਐਨ ਦ੍ਰਿਸ਼ਟੀ

ਪਿਆਰੇ ਵਿਦਿਆਰਥੀਓ ! ਜਰਨੈਲ ਸਿੰਘ ਇੱਕ ਅਜਿਹਾ ਕਹਾਣੀਕਾਰ ਹੈ ਜਿਸ ਨੇ ਪਰਵਾਸ ਦੀ ਸਥਿਤੀ ਵਿੱਚ ਜਿਉਂਦੇ ਪੰਜਾਬੀ ਬੰਦੇ ਦੇ ਯਥਾਰਥ ਅਤੇ ਵਿਦੇਸ਼ੀ ਧਰਤੀਆਂ ਦੀ ਹੋਂਦ, ਸਥਿਤੀ ਨੂੰ ਲੰਮੀ ਕਹਾਣੀ ਦੇ ਰੂਪ ਵਿਧਾਈ ਚੌਖਟੇ ਵਿੱਚ ਦੇ ਤਜਰਬੇ ਕੀਤੇ ਹਨ। ਇਹ ਕਹਾਣੀ ਆਪਣੇ ਆਪ ਵਿੱਚ ਇਕ ਰਚਨਾਤਮਕ ਤਜਰਬਾ ਹੁੰਦੀ ਹੈ। ਅਸੀਂ ਉਸਦੇ ਕਹਾਣੀ ਸੰਗ੍ਰਿਹ ਦਾ ਅਧਿਐਨ ਹੇਠ ਲਿਖੇ ਕੇਂਦਰ ਬਿੰਦੂਆਂ ਨੂੰ ਆਧਾਰ ਬਣਾ ਕੇ ਕਰਾਂਗੇ:

**10.1.1 ਲੰਮੀ ਕਹਾਣੀ ਦਾ ਸਰੂਪ-** ਪੰਜਾਬ ਕਹਾਣੀ ਦੇ ਇਤਿਹਾਸ ਵਿੱਚ ਪਿਛਲੇ ਲਗਪਗ ਪੰਦਰਾਂ ਵਰ੍ਹਿਆਂ ਤੋਂ ਲੰਮੀ ਕਹਾਣੀ ਇੱਕ ਵਿਲੱਖਣ ਰੂਪ-ਵਿਧਾ ਦੇ ਤੌਰ 'ਤੇ ਉਭਰੀ ਅਤੇ ਸਥਾਪਤ ਹੋਈ ਹੈ। ਲੰਬੀ ਕਹਾਣੀ ਵਿੱਚ ਕਾਲ ਵਿਉਂਤ ਪੱਖੋਂ ਨਿਰੰਤਰ ਪਿੱਛੇ-ਅੱਗੇ ਤੁਰਦਾ ਬਿਰਤਾਂਤ ਹਰ ਵੇਰਵੇ, ਕਾਰਜ ਘਟਨਾ ਅਤੇ ਬਲ ਨਾਲ ਸੰਘਣਾ ਹੁੰਦਾ ਚਲਾ ਜਾਂਦਾ ਹੈ ਜਿਸ ਵਿੱਚ ਸਥਿਤੀ ਦੀ ਸ਼ਿੱਦਤ ਦੇ ਨਾਲ ਉਸ ਦੇ ਸੰਦਰ ਵੀ ਢੁੱਕਦੇ ਹਨ, ਚਲੇ ਜਾਂਦੇ ਹਨ। ਲੰਮੀ ਕਹਾਣੀ ਵਿੱਚ ਬਿਰਤਾਂਤ ਦੀ ਇਕ ਲੜੀ ਜੋ ਵਰਤਮਾਨ ਮੁਖੀ ਹੁੰਦੀ ਹੈ ਜਿਸ ਨਾਲ ਕਿੰਨੀਆਂ ਹੀ ਹਰ ਲੜੀਆਂ, ਜੋ ਆਮ ਤੌਰ 'ਤੇ ਅਤੀਤ ਦੇ ਅਨੁਭਵਾਂ, ਯਾਦਾਂ, ਘਟਨਾਵਾਂ ਸੋਚ, ਬੋਲਾਂ, ਸਥਿਤੀਆਂ ਦਾ ਸਿਰਜਣ ਕਰਦੀਆਂ ਹਨ, ਵਰਤਮਾਨਮੁਖੀ ਬਿਰਤਾਂਤ ਦੇ ਵੇਰਵਿਆਂ ਨੂੰ ਸੰਘਣਾ ਕਰਦੀਆਂ ਹਨ। ਇੰਝ ਕਹਾਣੀ ਵਿੱਚ ਅਰਥ ਸਿਰਜਣ ਦੀ ਪ੍ਰਕਿਰਿਆ ਜਟਿਲ ਅਤੇ ਬਹੁ-ਅਰਥੀ ਹੁੰਦੀ ਹੈ। ਇਨ੍ਹਾਂ ਗੱਲਾਂ ਕਰਕੇ ਅਜੋਕੇ ਜੀਵਨ ਦੀ ਜਟਿਲਤਾ ਨੂੰ ਗ੍ਰਹਿਣ ਕਰਨ ਪੱਖੋਂ ਲੰਮੀ ਕਹਾਣੀ ਵਧੇਰੇ ਸਮੱਰਥਾ ਵਾਲੀ ਰੂਪ-ਵਿਧਾ ਦੇ ਤੌਰ 'ਤੇ ਉਭਰਦੀ ਹੈ। ਜਰਨੈਲ ਸਿੰਘ ਦੇ ਇੱਕ ਕਹਾਣੀਕਾਰ ਦੇ ਤੌਰ 'ਤੇ ਸਥਾਪਤ ਹੋਣ ਪਿੱਛੇ ਸ਼ਾਇਦ ਇਹ ਇਕ ਪ੍ਰਮੁੱਖ ਕਾਰਨ ਹੈ। ਉਸ ਨੇ ਲੰਮੀ ਕਹਾਣੀ ਨੂੰ ਪਰਵਾਸੀ ਅਨੁਭਵ ਅਤੇ ਸਥਿਤੀ ਦਾ ਬਿਰਤਾਂਤ ਸਿਰਜਣ ਦਾ ਮਾਧਿਅਮ ਬਣਾਇਆ ਅਤੇ ਇਸ ਵਿੱਚ ਲੋੜੀਂਦੀ ਨਿਪੁੰਨਤਾ ਅਤੇ ਯੋਗਤਾ ਦਾ ਪ੍ਰਮਾਣ ਦਿੱਤਾ ਹੈ। ਹੁਣ ਜਰਨੈਲ ਸਿੰਘ ਦੀ ਬਿਰਤਾਂਤ ਸਿਰਜਣ ਯੋਗਤਾ ਦੇ ਪਹਿਲੂਆਂ ਨੂੰ ਸਮਝਣ ਲਈ ਅਸੀਂ ਉਸ ਦੇ ਕਹਾਣੀ ਸੰਗ੍ਰਹਿ ਵਿਚਲੀਆਂ ਕਹਾਣੀਆਂ ਦੀ ਸ਼ਿਲਪਕਾਰੀ ਉੱਪਰ ਵਿਚਾਰ ਕਰਾਂਗੇ। ਜਿਸ ਵਿਚੋਂ ਅਸੀਂ ਉਸ ਦੀਆਂ ਕਹਾਣੀਆਂ ਦੀਆਂ ਥੀਮਕ ਗਹਿਰਾਈਆਂ ਅਤੇ ਵਿਚਾਰਧਰਾਈ ਚੇਤਨਾ ਨੂੰ ਗ੍ਰਹਿਣ ਕਰਨ ਦਾ ਯਤਨ ਵੀ ਕਰਾਂਗੇ।

**10.1.2 ਪ੍ਰਥਮ ਪੁਰਖੀ ਬਿਰਤਾਂਤ-** ਜਰਨੈਲ ਸਿੰਘ ਦੀ ਬਹੁ-ਚਰਚਿਤ ਕਹਾਣੀ 'ਟਾਵਰਜ਼' ਦਾ ਸਮੁੱਚਾ ਕਥਾ ਜਗਤ ਕਹਾਣੀ ਦੇ ਕੇਂਦਰੀ ਪਾਤਰ ਵਿਲੀਅਮ ਦੇ ਪ੍ਰਥਮ ਪੁਰਖੀ ਬਿਰਤਾਤ ਵਿਚ ਆਕਾਰ ਗ੍ਰਹਿਣ ਕਰਦਾ ਹੈ। ਇਸ ਬਿਰਤਾਂਤ ਦਾ ਸਭ ਤੋਂ ਪਹਿਲਾ ਰੌਚਕ ਪੱਖ ਇਹ ਹੈ ਕਿ ਇਕ ਅੰਗਰੇਜ਼ ਭਾਸ਼ੀ ਮੂਲ ਦੇ ਵਿਅਕਤੀ ਬਿੰਬ ਨੂੰ ਉਭਾਰਨ ਵਾਲੇ ਕੇਂਦਰੀ ਪਾਤਰ ਨੂੰ ਪ੍ਰਥਮ ਪੁਰਖੀ ਬਿਰਤਾਂਤਕਾਰ ਵਜੋਂ ਚੁਣਿਆ ਗਿਆ ਹੈ। ਕਹਾਣੀ ਦਾ ਸਮੁੱਚਾ ਬਿਰਤਾਂਤ ਪਰਵਾਸ ਧਾਰਨ ਕਰ ਚੁੱਕੇ ਦੁਆਬੀ ਉਪਭਾਸ਼ਾਈ ਬੁਲਾਰੇ ਦੀ ਉਚਾਰਣੀ ਸ਼ੈਲੀ ਵਿੱਚ ਉੱਸਰਦਾ ਹੈ। ਕਹਾਣੀ ਦੀ ਸ਼ੁਰੂਆਤ ਵਿੱਚ ਕਹਾਣੀ ਦਾ ਪ੍ਰਥਮ ਪੁਰਖੀ ਬਿਰਤਾਂਤਕਾਰ ਕੇਂਦਰੀ ਪਾਤਰ ਉਹ ਸਥਿਤੀ ਦਾ ਗਿਆਨ ਕਰਦਾ ਹੈ। ਜਿਸ ਵਿੱਚ ਉਹ ਅਤੇ ਉਸਦੀ ਪਤਨੀ ਅਮਰੀਕਾ ਦੇ ਵਰਲਡ ਟਰੇਡ ਸੈਂਟਰ ਦੇ ਟਾਵਰ ਨੂੰ ਅੰਤਰਰਾਸ਼ਟਰੀ ਇਮਾਨਾਮੀ ਅਤਿਵਾਦ

'ਸੰਗਠਨਾਂ ਹਮਲੇ ਨਾਲ ਤਬਾਹ ਹੋਣ ਸਮੇਂ ਆਪਣੀ ਧੀ ਸਟੋਮੀ ਨੂੰ ਗਵਾ ਬੈਠਦੇ ਅਤੇ ਇਸ ਘਟਾਨਾ ਕ੍ਰਮ ਪ੍ਰਤਿਕਰਮ ਵਜੋਂ ਅਮਰੀਕਾ ਦੀਆਂ ਫੌਜੀ ਕਾਰਵਾਈਆਂ ਵਿੱਚ ਇਰਾਕ ਵਿਰੋਧੀ ਫੌਜੀ ਮੁਹਿਮ ਵਿੱਚ ਆਪਣੇ ਪੁੱਤਰ ਡੈਨਿਸ ਦੀ ਗੁੰਮਸ਼ੁਦਗੀ ਦੇ ਸੰਤਾਪ ਅਤੇ ਸੰਸੇ ਨੂੰ ਹੰਢਾ ਰਹੇ ਹਨ। ਕਹਾਣੀ ਦੀ ਮੁੱਢਲੀ ਅਤੇ ਵਰਤਮਾਨਮੁਖੀ ਬਿਰਤਾਂਤਿਕ ਲੜੀ ਦਾ ਫੋਕਸ ਵਿਲੀਅਮ ਅਤੇ ਉਸ ਦੀ ਪਤਨੀ ਐਂਜਲਾ।ਇਹ ਹੈ ਕਿ ਉਨ੍ਹਾਂ ਦੀ ਧੀ ਸਟੇਮੀ ਦੇ ਵਰਲਡ ਟਰੇਡ ਸੈਂਟਰ ਉੱਪਰ ਹੋਏ ਅਤਿਵਾਦੀ ਹਮਲੇ ਵਿੱਚ ਹੋਰ ਹਜ਼ਾਰਾਂ ਲੋਕਾਂ ਨਾਲ ਮਾਰੀ ਜਾਂਦੀ ਹੈ। ਇਸ ਹੌਲਨਾਕ ਤਬਾਹੀ ਦੇ ਪ੍ਰਤਿਕਰਮ ਵਜੋਂ ਅਮਰੀਕਾ ਦੀਆਂ ਫੌਜੀ ਮੁਹਿਮਾਂ ਵਿੱਚ ਭਾਗ ਲੈ ਰਿਹਾ ਉਨ੍ਹਾਂ ਦਾ ਪੁੱਤਰ ਡੈਨਿਸ ਈਰਾਕ ਵਿੱਚ ਲਾਪਤਾ ਹੋ ਜਾਂਦਾ ਹੈ। ਇਸ ਬਿਰਤਾਂਤਕ ਲੜੀ ਵਿੱਚ ਦੁਖਾਂ ਦੀ ਲੜੀ ਐਂਜਲਾ ਨੀਂਦ ਵਿੱਚ ਬੁੜਬੁੜਾਉਂਦੀ ਅਤੇ ਉੱਭੜਵਾਹ ਉੱਠਦੀ ਹੈ, ਵਿਲੀਅਮ ਟੈਲੀਵਿਯਨ ਰਿਪੋਰਟਾਂ ਵਿੱਚ ਫੌਜੀ ਮੁਹਿਮਾਂ ਦੇ ਦ੍ਰਿਸ ਦੇਖਦਾ ਅਤੇ ਉਨ੍ਹਾਂ ਵਿੱਚੋਂ ਆਪਣੇ ਪੁੱਤਰ ਬੇਨਿਸ ਨੂੰ ਤਲਾਸ਼ ਕਰਦਾ। ਫਿਰ ਉਹ ਦੁੱਖ ਦੇ ਸੰਘਣੇਪਨ ਨੂੰ ਘਟਾਉਣ ਲਈ ਘਰੋਂ ਬਾਹਰ ਨਿਕਲਦੇ ਹਨ। ਜੋ ਈਰਾਨੀ ਹਨੀਫ ਅਤੇ ਜਮੀਲਾ ਦੀ ਕੱਢੀ ਸ਼ਾਪ 'ਤੇ ਕਾਫ਼ੀ ਪੀਣ ਲਗ ਜਾਂਦੇ ਹਨ।ਉੱਥੇ ਉਨ੍ਹਾਂ ਦੀ ਮੁਲਾਕਾਤ ਈਰਨੀ ਮੂਲ ਦੇ ਅਬਦੁਲ ਹਮਦੀ ਨਾਲ ਹੁੰਦੀ ਹੈ। ਅਮਰੀਕੀ ਹਮਲੇ ਵਿੱਚ ਆਪਣੇ ਭਰਾ ਕੇ ਪਰਿਵਾਰ ਦੀ ਤਬਾਹੀ ਦੇ ਦਰਦ ਨਾਲ ਵਿਨ੍ਹਿਆ ਹਮੇਦੀ ਅਮਰੀਕਾ ਦੀ ਨੀਤੀ ਦਾ ਸਖ਼ਤ ਆਲੋਚਕ ਹੈ ਜਿਸ ਕਰਕੇ ਅਮਰੀਕਾ ਰਾਸ਼ਟਰੀ ਭਗਤੀ ਨਾਲ ਡਰੋ ਵਿਲੀਮਅ ਜੋੜੀ ਘਰ ਵਲ ਜਾਣ ਲਈ ਉੱਠ ਖੜ੍ਹਦੀ ਹੈ। ਪਰ ਜਦੋਂ ਹਮੇਦੀ ਨੂੰ ਪਤਾ ਲੱਗਦਾ ਹੈ ਕਿ ਇਨ੍ਹਾਂ ਦਾ ਪੁੱਤਰ ਡੈਨਿਸ ਲਾਪਤਾ ਹੈ, ਹਮਦਰਦੀ ਭਰੇ ਬੋਲਾਂ ਨਾਲ ਵਿਛੜਦੇ ਹਨ।ਐਂਜਲਾ ਮੀਟਿੰਗ ਵਿੱਚ ਭਾਗ ਲੈਣ ਲਈ ਆ ਰਹੇ ਵਿਲੀਅਮ ਨੂੰ ਅਮਰੀਕੀ ਸਰਕਾਰ ਵੱਲੋਂ ਡੈਨਿਸ ਨੂੰ ਮ੍ਰਿਤਕ ਕਰਾਰ ਦਿੱਤੇ ਜਾਣ ਦੀ ਖ਼ਬਰ ਦਸਦੀ ਹੈ। ਇਹ ਦੁਖਾਂਤਕ ਸਥਿਤੀ ਗਹਿਰ ਵਿੱਚ ਉਸ ਨੂੰ ਡੈਨਿਸ ਦੀ ਗਰਭਵਤੀ ਪਤਨੀ ਦੇ ਬੱਚੇ ਦੇ ਨੇੜੇ ਭਵਿੱਖ ਵਿੱਚ ਜਨਮ ਦੀ ਖਬਰ ਕੁਝ ਰਸ਼ਨੀ ਦਿੰਦੀ ਹੈ।ਇਸ ਪ੍ਰਮੁੱਖ ਲੜੀ ਦਾ ਬਿਰਤਾਂਤ ਕਈ ਟੋਟਿਆਂ ਵਿੱਚ ਪੂਰਾ ਹੁੰਦਾ ਹੈ। ਇਸ ਦਰਮਿਆਨ ਵਿਲੀਅਮ ਦੇ ਪਰਿਵਾਰ ਦੀ ਸਮੁੱਚੀ ਕਹਾਣੀ ਸਾਕਾਰ ਹੁੰਦੀ ਚਲੀ ਜਾਂਦੀ ਹੈ। ਸੁਭਾਵਕ ਅਮਰੀਕੀ ਸਵੈ-ਅਭਿਮਾਨ ਅਤੇ ਰਾਸ਼ਟਰੀ ਭਗਤੀ ਦੀ ਭਾਵਨਾ, ਨਾਲ ਭਰੇ ਇਕ ਪਰਿਵਾਰ ਦਾ ਬਿੰਬ ਇਸ ਕਹਾਣੀ ਵਿੱਚ ਉਭਰਦਾ ਹੈ। ਵਿਲੀਅਮ ਦੀ ਧੀ, ਸਟੇਮੀ, ਵਰਲਡ ਟਰੇਡ ਸੈਂਟਰ ਵਿੱਚ ਆਪਣੀ ਮੁਲਾਜ਼ਮਤ 'ਤੇ ਮਾਣ ਕਰਦੀ ਹੈ ਅਤੇ ਟਾਵਰਾਂ ਦੀ ਮਹਿਮਾ ਗਾਉਂਦੀ ਹੈ। ਡੈਨਿਸ ਵੀ ਅਮਰੀਕੀ ਫੌਜ ਦੇ ਸਿਪਾਹੀ ਵਾਂਗ ਉਸ ਦੀਆਂ ਫੌਜੀ ਮੁਹਿਮਾਂ ਦਾ ਹਿੱਸਾ ਹੋਣ ਤੇ ਗੋਰਵ ਮਹਿਸੂਸ ਕਰਦਾ ਹੈ। ਆਪਣੇ ਧੀ-ਪੁੱਤਰ ਦੀਆਂ ਪ੍ਰਾਪਤੀਆਂ ਤੇ ਵਿਲੀਅਮ ਅਤੇ ਐਂਜਲਾ ਆਨੰਦ-ਪ੍ਰਸੰਨ ਰਹਿੰਦੇ ਹਨ। ਰੋਚਕ ਗੱਲ ਇਹ ਹੈ ਕਿ ਵਿਲੀਅਮ ਜੋੜੇ ਦੀ ਇਹ ਮਨੋਸਥਿਤੀ ਉਦੋਂ ਤਿੜਕਣੀ ਸ਼ੁਰੂ ਹੁੰਦੀ ਹੈ ਜਦੋਂ ਉਨਾਂ ਦਾ ਪੁੱਤਰ ਡੈਨਿਸ ਈਰਾਕ ਵਿੱਚ ਲਾਪਤਾ ਹੋ ਜਾਂਦਾ ਹੈ ਸਟੋਮੀ ਦੇ 'ਮੌਤ ਉਨ੍ਹਾਂ ਨੂੰ ਦੁੱਖ ਤਾਂ ਦਿੰਦੀ ਹੈ ਪਰ ਇਸ ਦੁੱਖ ਦੇ ਹੰਝੂਆਂ ਵਿੱਚੋਂ ਉਨ੍ਹਾਂ ਨੂੰ ਅੰਤਰਰਾਸ਼ਟਰੀ ਰਾਜਨੀਤੀ ਦੇ ਯਥਾਰਥ ਦਾ ਬੋਧ ਹਾਸਲ ਨਹੀਂ ਹੁੰਦਾ। ਡੈਨਿਸ ਦੀ ਗੁੰਮਸ਼ੁਦਗੀ ਦੇ ਦੁਖ ਦੇ ਹੰਝੂਆਂ ਵਿੱਚੋਂ ਹੀ ਉਹ ਬਾਹਰ ਵੱਲ ਦੇਖਣ ਲਈ ਮਜਬੂਰ ਹੁੰਦੇ ਹਨ। ਵਿਲੀਅਮ ਟੈਲੀਵਿਯਜਨ ਉੱਤੇ ਈਰਾਕ ਫਰੰਟ ਤੋਂ ਆਉਂਦੀਆਂ ਰਿਪੋਰਟਾਂ ਉੱਤੇ ਨਜ਼ਰ ਰੱਖਣੀ ਸ਼ੁਰੂ ਕਰਦਾ ਹੈ। ਪਹਿਲੀ ਮਿਲਣੀ ਸਮੇਂ ਅਬਦੁਲ ਹਮੋਦੀ

ਦੇ ਭਰਾ ਦੇ ਮਾਰੇ ਜਾਣ ਉੱਤੇ ਉਪਰਲੇ ਮਨੇ ਦੁੱਖ ਦਾ ਪ੍ਰਗਟਾਵਾ ਕਰਦਾ ਹੋਇਆ ਕਹਿੰਦਾ ਹੈ। ਇਹ ਲੋਕ ਸਿੱਧੇ ਵੀ ਏਦਾਂ ਹੀ ਹੁੰਦੇ ਹਨ। ਪਰ ਡੈਨਿਸ ਦੇ ਲਾਪਤਾ ਹੋਣ ਤੇ ਉਸ ਨੂੰ ਮਾਂ-ਬਾਪ ਅਤੇ ਆਪਣੀਆਂ ਬਾਹਾ ਗਵਾ ਚੁੱਕੇ ਅਲੀ ਅੱਬਾਸ ਨਾਮ ਦੇ ਈਰਾਕੀ ਮੁੰਡੇ ਦੇ ਦੁਖ ਵਿਚੋਂ ਸਮਝ ਆਉਂਦੀ ਹੈ ਕਿ ਹਾਕਮ ਅਤੇ ਧਰਮ ਰੱਖਿਅਕ ਦੋਵੇਂ ਹੀ ਮਨੁੱਖ ਵਿਰੋਧੀ ਹਨ।

10.1.3 **ਬਿਰਤਾਂਤਕ ਵਿਉਂਤ ਦੇ ਹਿੱਸੇ—** ਇਸ ਕਹਾਣੀ ਦੀ ਸਮੁੱਚੀ ਬਿਰਤਾਂਤਕ ਵਿਉਂਤ ਦੇ ਹਿੱਸੇ ਹਨ। ਪਹਿਲਾ ਹਿੱਸਾ ਡੈਨਿਸ ਦੇ ਲਾਪਤਾ ਹੋਣ ਤਕ ਦੇ ਵੇਰਵਿਆਂ ਦਾ ਹੈ ਜਿਸ ਵਿੱਚ ਅਮਰੀਕੀ ਸ਼ਕਤੀ ਦੀ ਮਿੱਥ ਦੇ ਮੋਹ ਅਤੇ ਰਾਸ਼ਟਰਭਗਤੀ ਦੀ ਭਾਵਨਾ ਨਾਲ ਲਬਰੇਜ਼ ਵਿਲੀਅਮ ਪਰਿਵਾਰ ਦਾ ਬਿੰਬ ਹੈ ਅਤੇ ਦੂਜਾ ਡੈਨਿਸ ਦੇ ਲਾਪਤਾ ਹੋਣ ਉਪਰੰਤ ਉਨ੍ਹਾਂ ਦੇ ਦੁਖ ਦੇ ਨਿਰੰਤਰ ਗਹਿਰ ਹੁੰਦੇ ਜਾਣ ਅਤੇ ਅੰਤ ਡੈਨਿਸ ਦੀ ਮੌਤ ਦੀ ਖ਼ਬਰ ਨਾਲ ਸਿਖਰ ਤੇ ਪਹੁੰਚਣ ਤਕ ਦੇ ਵੇਰਵਿਆਂ ਨੂੰ ਸਾਕਾਰ ਕਰਦਾ ਹੈ। ਬਿਰਤਾਂਤ ਦਾ ਪਹਿਲਾ ਹਿੱਸਾ ਦੂਜੇ ਹਿੱਸੇ ਦੇ ਦੁਖਾਂਤਕ ਅਨੁਭਵ ਵਿਚੋਂ ਗੁਜ਼ਰ ਰਹੇ ਪੂਰਬਲੀ ਸਵੈ-ਅਭਿਮਾਨੀ ਮਨੋ-ਸਥਿਤੀ ਦਾ ਕੁਝ ਵਿਸ਼ਲੇਸ਼ਣ ਵੀ ਹੈ। ਇੰਜ ਇਹ ਕਹਾਣੀ ਮੂਲਰੂਪ ਵਿੱਚ ਅਮਰੀਕੀ ਸ਼ਕਤੀ ਦੀ ਮਿੱਥ ਦੇ ਮੋਹ ਨਾਲ ਸ਼ਰਾਬੋਰ ਰਾਸ਼ਟਰ ਭਗਤੀ ਦੇ ਤਿੜਕਣ ਦੀ ਕਹਾਣੀ ਹੈ। ਦੁਖਾਂਤਕ ਨਿੱਜੀ ਅਨੁਭਵ ਵਿਲੀਅਮ ਨੂੰ ਅਜਿਹੇ ਪੜਾਅ 'ਤੇ ਲੈ ਜਾਂਦਾ ਹੈ ਕਿ ਉਹ ਸਮੁੱਚੀ ਸਥਿਤੀ ਨੂੰ ਵਿਸ਼ਲੇਸ਼ਣਾਤਮਿਕ ਦ੍ਰਿਸ਼ਟੀਕੋਣ ਤੋਂ ਪਰਖ-ਪੜਚੋਲ ਸਕੇ। ਨਿੱਜੀ ਅਨੁਭਵ ਤੋਂ ਇਲਾਵਾ ਉਹ ਮੀਡੀਏ ਰਾਹੀਂ ਇਰਾਕ ਦੀ ਤਬਾਹੀ ਦ੍ਰਿਸ਼ ਦੇਖਦਾ ਅਮਰੀਕਾ ਦੀ ਰਾਜਨੀਤੀ ਦੇ ਆਲੋਚਕਾਂ ਦੀ ਰਾਇ ਬਾਰੇ ਜਾਣੂ ਹੁੰਦਾ ਹੈ ਅਤੇ ਆਪਣੇ ਆਲੇ-ਦੁਆਲੇ ਦੇ ਗੈਰ-ਅਮਰੀਕੀਆਂ ਨਾਲ ਸੰਵਾਦ ਵਿੱਚ ਪੈ ਕੇ ਇਸ ਸਥਿਤੀ ਨੂੰ ਪੁੱਜਦਾ ਹੈ। ਚਿਹਨਾਤਮਕ ਤੌਰ ਤੇ ਇਹ ਗੱਲ ਵੀ ਉਭਰਦੀ ਹੈ ਕਿ ਅਮਰੀਕੀ ਬੰਦਾ ਜਾਂ ਬੇਗਾਨਿਆਂ ਦੀ ਹੋਂਦ ਸਥਿਤੀ ਬਾਰੇ ਜਾਣ ਕੇ ਅਤੇ ਉਸ ਨਾਲ ਸੰਵਾਦ ਵਿੱਚ ਪੈ ਕੇ ਹੀ ਸਮੁੱਚੀ ਅੰਤਰਰਾਸ਼ਟਰੀ ਰਾਜਨੀਤੀ ਬਾਰੇ ਕਿਸੇ ਤਾਰਕਿਕ, ਮਨੁੱਖਵਾਦੀ ਅਤੇ ਪ੍ਰਗਤੀਸ਼ੀਲ ਦ੍ਰਿਸ਼ਟੀ ਦਾ ਧਾਰਨੀ ਹੋ ਸਕਦਾ ਹੈ। ਇਸ ਸਭ ਤੋਂ ਬਿਨਾ ਉਹ ਅਮਰੀਕੀ ਸ਼ਕਤੀ ਦੀ ਮਿੱਥ ਦੇ ਖੋਲ ਵਿੱਚ ਬੰਦ ਰਹਿੰਦਾ ਹੈ। ਪਰ ਇਹ ਕਹਾਣੀ ਅਖੀਰ 'ਤੇ ਅਮਰੀਕੀ ਬੰਦੇ ਦੇ ਮਾਨਵਵਾਦੀ ਪ੍ਰਗਤੀਸ਼ਾਲੀ ਰੂਪਾਂਤਰਣ ਦੀ ਸੰਭਾਵਨਾ ਨੂੰ ਲੋੜ ਤੋਂ ਵੱਧ ਗੂੜਾ ਕਰਨ ਦੀ ਕੋਸ਼ਿਸ਼ ਵਿੱਚ ਕੁਝ ਵਧੇਰੇ ਹੀ ਵਿਉਂਤਬੱਧ ਹੋ ਗਈ ਹੈ। ਡੈਨਿਸ ਦੀ ਮੌਤ ਦੀ ਪੀੜ ਵਿਚੋਂ ਗੁਜ਼ਰਦਾ ਵਿਲੀਅਮ ਸਿਰ ਉਪਰ ਜਹਾਜ਼ ਲੰਘਣ ਦੇ ਸ਼ੋਰ ਨਾਲ ਬੇਹੋਸ਼ੀ ਵਿਚੋਂ ਬਾਹਰ ਆਉਂਦਾ ਹੈ ਤੇ ਜਹਾਜ਼ ਬਾਰੇ ਲੋਕਾਂ ਦੀਆਂ ਗੱਲਾਂ ਸੁਣਦਾ ਹੈ ਕਿ ਇਹ ਪ੍ਰੈਜ਼ੀਡੈਂਟ ਦਾ ਜਹਾਜ਼ ਹੈ ਜਿਸ ਵਿੱਚ ਜਾਰਜ ਬੁਬ ਅਤੇ ਟੋਨੀ ਬਲੇਅਰ ਈਰਾਕ ਜੰਗ ਦੀ ਜਿੱਤ ਦੇ ਜਸ਼ਨ ਮਨਾਉਂਦੇ ਰਾਜਧਾਨੀ ਸ਼ਿੰਗਟਨ ਤੋਂ ਨਿਯੁਯਾਰਕ ਆਏ ਹਨ। ਇਸ ਨਾਲ ਉਸ ਦੀਆਂ ਅੱਖਾਂ ਬਲ ਉੱਠਦੀਆਂ ਹਨ ਅਤੇ ਖੁੱਠੀਆਂ ਮੀਚੀਆਂ ਹਨ। ਸਿਰ ਜਹਾਜ਼ਾਂ ਬਾਰੇ ਗੱਲਾਂ ਕਰਦੇ। ਇਨ੍ਹਾਂ ਵਿਚੋਂ ਦਿਲਚਸਪੀ ਲੈਂਦੇ ਕਿ ਫਲਾਂ ਜਹਾਜ਼ ਵਿੱਚ ਕੌਣ ਕਿੱਥੇ ਕੀਹਦੇ ਨਾਲ ਆ ਰਿਹਾ ਹੈ, ਬਾਰੇ ਜਾਣ ਕੇ ਅਮਰੀਕੀ ਲੋਕਾਂ ਦਾ ਅਕਸ ਸੰਭਵਤਾ ਦੀਆਂ ਹੱਦਾਂ ਪਾਰ ਕਰਕੇ ਇੱਛਿਤ ਯਥਾਰਥ ਦੇ ਦਾਇਰੇ ਵਿੱਚ ਜਾ ਵੜਦਾ ਹੈ। ਪਰ ਆਦਰਸ਼ਕ ਸਥਿਤੀ ਮਹਿਦੂਦ ਨਹੀਂ।

**10.1.4 ਘਟਨਾਵੀ ਕਾਰਜ—** ਸਮੁੱਚੀ ਕਹਾਣੀ ਦੇ ਬਿਰਤਾਂਤ ਦਾ ਜਾਇਜ਼ਾ ਲੈਂਦਿਆਂ ਇਕ ਹੋਰ ਤੱਥ ਸਾਹਮਣੇ ਆਉਂਦਾ ਹੈ ਜਿਸ ਦਾ ਸਬੰਧ ਦੇ ਬਿਰਤਾਂਤਕ ਲੜੀਆ ਵਿੱਚ ਘਟਨਾਵੀ ਕਾਰਜ ਦੇ ਅਨੁਪਾਤ ਨਾਲ ਹੈ। ਵਰਤਮਾਨਮੁਖੀ ਬਿਰਤਾਂਤਕ ਲੜੀ ਵਿੱਚ ਬਿਰਤਾਂਤ ਦੀ ਟੇਕ ਤਾਂ ਦਿਖਾਉਣ ਦੀ ਵਿਧੀ ਉਪਰ ਹੈ ਪਰ ਇਸ ਰਾਹੀਂ ਕੁਝ ਦਿਖਾਉਣ ਦੀ ਬਜਾਏ ਸੁਣਾਇਆ ਵਧੇਰੇ ਗਿਆ ਹੈ ਕਿਉਂਕਿ ਇਸ ਵਿੱਚ ਕਾਰਜ ਦੀ ਗੈਰ ਹਾਜ਼ਰੀ ਹੈ ਅਤੇ ਸੰਵਾਦ-ਚਰਚਾ ਦੀ ਬਹੁਲਤਾ ਹੈ। ਅਤੀਤ ਦੇ ਅਨੁਭਵਾਂ ਅਤੇ ਘਟਨਾਵਾਂ ਦੀ ਟੇਕ ਭਾਵੇਂ ਦੱਸਣ ਦੀ ਵਿਧੀ ਤੇ ਵਧੇਰੇ ਹੋ ਜਦਕਿ ਵਿੱਚ ਦਿਖਾਉਣ ਦੀ ਵਿਧੀ ਦੀ ਵਰਤੋਂ ਘਟ ਗਈ ਹੈ ਪਰ ਇਸ ਵਿੱਚ ਘਟਨਾਵੀ ਕਾਰਜ ਸੰਘਣਾ ਹੈ। ਇੱਛਤ ਵਿਲੀਅਮ ਦੀ ਰਾਸ਼ਟਰ ਭਗਤੀ ਅਤੇ ਅਮਰੀਕੀ ਸ਼ਕਤੀ ਦੀ ਮਿੱਥ ਦੇ ਮੋਹ ਨਾਲ ਭਰੀ ਸ਼ਖਸੀਅਤ ਦੀ ਬਿੰਬ ਕਾਰਜ ਦੇ ਵੇਰਵਿਆਂ ਵਿਚੋਂ ਰੂਪ ਧਾਰਨ ਕਾਰਨ ਕਰਕੇ ਵਧੇਰੇ ਸਥੂਲ ਅਤੇ ਹਕੀਕਤ ਦੇ ਨੇੜੇ ਜਾਪਦਾ ਹੈ ਜਦਕਿ ਇਸ ਦੇ ਮੁਕਾਬਲੇ ਉਸ ਦੀ ਸਖ਼ਸੀਅਤ ਦਾ ਮਾਨਵਵਾਦੀ-ਪ੍ਰਗਤੀਸ਼ੀਲ ਰੂਪਾਂਤਰਣ ਮੁਖ ਘਟਨਾ ਤੋਂ ਇਲਾਵਾ ਦੀ ਘਾਟ ਅਤੇ ਸੰਵਾਦ ਦੀ ਬਹੁਤਾਤ ਉੱਤੇ ਅਧਾਰਿਤ ਹੈ। ਇੱਥੋਂ ਤਕ ਕਿ ਉਹ ਇਨ੍ਹਾਂ ਸੰਵਾਦਾਂ ਵਿੱਚ ਇਕੱਲਾ ਅਮਰੀਕੀ ਹੋਣ ਦੇ ਨਾਤੇ ਇਕ ਆਦਰਸ਼ਕ ਜਿਹੀ ਸੰਭਾਵਨਾ ਦੇ ਅਰਥਾਂ ਤੋਂ ਵਧੇਰੇ ਸਾਰਥਕਤਾ ਨਹੀਂ ਉਪਜਾਉਂਦਾ। ਇੰਜ ਵਿਲੀਅਮ ਦੀ ਸ਼ਖਸੀਅਤ ਵਿਚਲਾ ਰੂਪਾਂਤਰਨ ਲੇਖਕ ਦੀ ਆਕਰਸ਼ਕ ਇੱਛਤ ਸਥਿਤੀ ਦੇ ਸਿਰਜਣ ਦੀ ਬਿਰਤੀ ਦੀ ਆਲਾਮਤ ਹੈ। ਇੱਥੋਂ ਤਕ ਵਿਲੀਅਮ ਦਾ ਭਵਿੱਖ ਵਿੱਚ ਵਿਸ਼ਵਾਸ ਐਟਲਾਂਟਿਕ ਦੇ ਅਬੋਲ ਸੁਨੇਹੇ ਵਿੱਚ ਰੂਪ ਧਾਰਦਾ ਹੈ। ਇਸ ਭਵਿੱਖ ਵਿੱਚ ਵਿਸ਼ਵਾਸ ਪ੍ਰੇਰਕ ਕਹਾਣੀ ਵਿਚੋਂ ਹਾਸਲ ਨਹੀਂ ਹੁੰਦਾ। ਇੰਨੀ ਇਹ ਕਹਾਣੀ ਯਥਾਰਥਕ ਸਥਿਤੀ ਦੇ ਬਿੰਬ ਤੋਂ ਜਿਆਦਾ ਇੱਛਤ ਸਥਿਤੀ ਲਈ ਸ਼ੁਭਕਾਮਨਾ ਦੀ ਕਹਾਣੀ ਬਣ ਜਾਂਦੀ ਹੈ।

**10.1.5 ਦੁਆਬੀ ਉਪਭਾਸ਼ਾ-** ਅਮਰੀਕੀ ਮੂਲ ਦੇ ਵਿਅਕਤੀ ਦੇ ਬਿੰਬ ਵਜੋਂ ਵਿਲੀਅਮ ਦੇ ਮੂੰਹੋਂ ਉਚਾਰੀ ਜਾਂਦੀ ਦੁਆਬੀ ਉਪਭਾਸ਼ਾ ਵੀ ਅਜਿਹੀ ਸ਼ੁਭਕਾਮਨਾ ਦਾ ਹੀ ਇਕ ਵਿਸਤਾਰ ਹੈ। ਇਸ ਧਾਰਨਾ ਦਾ ਆਧਾਰ ਇਹ ਅਨੁਮਾਨਿਤ ਤੱਥ ਹੈ ਕਿ ਹਾਲੇ ਤੱਕ ਪੰਜਾਬੀ ਵਿੱਚ ਸ਼ਾਇਦ ਹੀ ਅਜਿਹੀ ਕਹਾਣੀ ਲਿਖੀ ਗਈ ਹੋਵੇ ਜਿਸ ਵਿੱਚ ਪਰਵਾਸੀਆਂ ਦੀ ਤੀਜੀ ਪੀੜ੍ਹੀ ਦੇ ਕਿਸੇ ਪਾਤਰ ਦੇ ਦ੍ਰਿਸ਼ਟੀ ਬਿੰਦੂ ਤੋਂ ਪ੍ਰਥਮ ਪੁਰਖੀ ਬਿਰਤਾਂਤ ਦੀ ਉਸਾਰੀ ਹੋਈ ਹੋਵੇ। ਬੇਗਾਨੀ ਸਥਿਤੀ ਵਿੱਚ ਗੈਰ ਪੰਜਾਬੀ ਭਾਸ਼ਾ ਦਾ ਆਪਣਾ ਇਕ ਵਿਧਾਨ ਹੁੰਦਾ ਹੈ। ਬੇਗਾਨੀ ਪੰਜਾਬੀ ਭਾਸ਼ਾ ਪਾਤਰਾਂ ਦੇ ਸਵਾਦ ਜਦੋਂ ਪੰਜਾਬੀ ਕਿਸੇ ਖਿੱਤੇ ਦੀ ਸਥਾਨਕ ਉਪਭਾਸ਼ਾ ਹੋ ਸਕਦੀ ਹੈ ਕਿ ਨਹੀਂ ਇੱਕ ਟੇਢਾ ਸਵਾਲ ਹੈ।

**10.1.6 ਅੰਤਰ-ਸੱਭਿਆਚਾਰਕ ਤਣਾਓ—** ਕਹਾਣੀ ਸੰਗ੍ਰਹਿ ਟਾਵਰਜ ਦੀ ਦੂਜੀ ਕਹਾਣੀ 'ਪਾਣੀ' ਅੰਤਰ ਸਭਿਆਚਾਰ ਬਣਾਓ ਦਾ ਅਨਯ-ਪੁਰਖੀ ਬਿਰਤਾਂਤ ਹੈ। ਕੈਨੇਡਾ ਵਿੱਚ ਜੰਮੇ ਪਲੇ ਰਾਜੂ ਅਤੇ ਉਸ ਦੀ ਕੈਨੇਡੀਅਨ ਪਤਨੀ ਸੈਰੋਨ ਦੀ ਜੀਵਨ ਸ਼ੈਲੀ ਅਤੇ ਸਰੋਕਾਰ ਸੁਖਜੀਤ ਕੌਰ ਤੋਂ ਵੱਖਰੇ ਹਨ ਜੋ ਹਾਲ ਤਕ ਆਪਣੀ ਮਿੱਟੀ ਅਤੇ ਆਪਣੀ ਜ਼ਮੀਨ ਜਾਇਦਾਦ ਨਾਲ ਜੁੜੀ ਹੋਈ ਹੈ। ਉਸ ਦਾ ਪਤੀ ਬਲਦੇਵ ਪਰਵਾਸੀਆਂ ਦੀ ਦੂਜੀ ਪੀੜ੍ਹੀ ਦਾ ਬੰਦਾ ਹੋਣ ਕਰਕੇ ਪਿੱਛੇ ਨਾਲ ਏਨਾ ਨਹੀਂ ਜੁੜਿਆ ਹੋਇਆ। ਇਸ ਬਿਰਤਾਂਤ ਦੀ ਕੇਂਦਰੀ ਪਾਤਰ ਸੁਖਜੀਤ ਦੀ ਅਜਿਹੀ ਸ਼ਖਸੀਅਤ ਅਤੇ ਮਨੋਸਥਿਤੀ ਬਣਨ ਦੇ ਗਲਪੀ

ਸੁੰਦਰਤਾ ਦੀ ਸਿਰਜਣਾ ਪਿੱਛਲ ਝਾਤ ਦੀ ਜੁਗਤ ਰਾਹੀਂ ਕੀਤੀ ਗਈ ਹੈ। ਪਿਤਾ ਵਲੋਂ ਵਿਦੇਸ਼ਾਂ ਵਿੱਚ ਮਿਹਨਤ ਮਜਦੂਰੀ ਕਰਕੇ ਬਣਾਈ ਜ਼ਮੀਨ ਇਕਲੌਤੀ ਔਲਾਦ ਹੋਣ ਕਰਕੇ ਸੁਖਜੀਤ ਕੌਰ ਦੀ ਵਿਰਾਸਤ ਬਣਦੀ ਹੈ। ਉਸਦਾ ਪਿਤਾ ਖੱਟੀ-ਕਮਾਈ ਕਰਕੇ ਅਤੇ ਆਪਣੀਆਂ ਸਾਰੀਆ ਜ਼ਿੰਮੇਵਾਰੀਆਂ ਨਿਭਾਅ ਕੇ ਆਪਣੀ ਬਾਕੀ ਜ਼ਿੰਦਗੀ ਵਤਨ-ਪਿੰਡ ਵਿੱਚ ਹੀ ਲਈ ਵਿਦੇਸ਼ੋਂ ਵਾਪਸ ਮੁੜ ਆਉਂਦਾ ਹੈ। ਉਹ ਆਪਣੀ ਧੀ ਦੁਆਰਾ ਕੈਨੇਡਾ ਦੇ ਕਾਗਜ਼ ਭੇਜਣ ਦੇ ਬਾਵਜੂਦ ਉਸ ਕੋਲ ਨਹੀਂ ਆਉਂਦਾ। ਇੰਜ ਦੇ ਨਾਲ ਸੁਖਜੀਤ ਦਾ ਆਪਣੀ ਮਿੱਟੀ ਨਾਲ ਮੋਹ ਨਿਆਂ ਉੱਚਿਤ ਸਿੱਧ ਹੋ ਜਾਂਦਾ ਹੈ। ਦੂਜੇ ਪਾਸੇ ਰਾਜੂ ਅਤੇ ਸ਼ੈਰਨ ਜ਼ਮੀਨ ਵੇਚ ਕੇ ਘਰ ਵਿੱਚ ਸਵਿਮਿੰਗ ਪੂਲ ਬਣਾਉਣਾ ਚਾਹੁੰਦੇ ਹਨ। ਜਿੱਥੋਂ ਉਹ ਮੌਜ ਮਸਤੀ ਕਰ ਸਕਣ। ਕਹਾਣੀਕਾਰ ਕਥਾ ਬਿਰਤਾਂਤ ਨੂੰ ਸਿਰਜਦਿਆਂ ਸੁਖਜੀਤ ਕੌਰ ਦੇ ਜ਼ਮੀਨ ਜਾਇਦਾਦ ਪ੍ਰਤਿ ਮੋਹ ਨੂੰ ਮਿੱਟੀ ਤ ਮੋਹ ਦੇ ਰੂਪ ਵਿੱਚ ਉਤਰਦਾ ਪਾਣੀਆਂ ਵਿੱਚ ਆਨੰਦ ਲੈਣ ਦੇ ਮੁਤਾਲਾਸ਼ੀ ਰਾਜੂ ਅਤੇ ਸ਼ੈਰਨ ਨੂੰ ਮੋਹ ਦੇ ਪਾਣੀ ਤੋਂ ਸੱਖਣੇ ਵਿਅਕਤੀਆਂ ਵਜੋਂ ਸਿਰਜਦਾ ਹੈ। ਸੁਖਜੀਤ ਕੌਰ ਦੇ ਮਹਾ-ਭੰਗ ਦੀ ਸਥਿਤੀ ਦੀ ਸਿਰਜਣਾ ਕਰਨ ਲਈ ਉਹ ਉਸ ਦੇ ਚਾਚੇ ਦੇ ਪੁੱਤ ਭਰਾ ਉੱਪੀ ਦੇ ਕਿਰਦਾਰ ਦੀ ਸਿਰਜਣਾ ਕਰਦਿਆਂ ਉਸ ਦੀ ਸ਼ਖ਼ਸੀਅਤ ਦੇ ਨਾਂਹ-ਪੱਖੀ ਪਹਿਲੂਆਂ ਨੂੰ ਉਭਾਰਨ ਲੱਗਦਾ ਹੈ। ਅੰਤ ਵਿੱਚ ਭੂਪੀ ਵਲੋਂ ਜ਼ਮੀਨ ਵੇਚ ਕੇ ਕੋਈ ਤਾਂ ਜੁਗਾੜ ਕਰਨ ਲਈ ਮੰਗੀ ਗਈ ਇਜਾਜ਼ਤ ਸੁਖਜੀਤ ਕੌਰ ਨੂੰ ਇਹ ਸੋਚਣ ਲਈ ਮਜਬੂਰ ਕਰਦੀ ਹੈ ਕਿ ਪੰਜਾਬ ਵਿੱਚ ਵੀ ਰਿਸ਼ਤਿਆਂ ਵਿਚੋਂ ਮੋਹ ਮੁੱਕਦਾ ਜਾ ਰਿਹਾ ਹੈ। ਇੰਜ ਸੁਖਜੀਤ ਕੌਰ ਉਸ ਸਥਿਤੀ ਨੂੰ ਪਹੁੰਚ ਜਾਂਦੀ ਹੈ ਜਿੱਥੇ ਉਹ ਆਪਣੀ ਮਿੱਟੀ ਆਪਣੀ ਜ਼ਮੀਨ ਨਾਲ ਮੋਹ ਨਾਲ ਵਿਚੋਂ ਨਿਕਲ ਕੇ ਕੈਨੇਡਾ ਦੀ ਜੀਵਨ ਸ਼ੈਲੀ ਅਤੇ ਸੱਭਿਆਚਾਰ ਨਾਲ ਜੁੜਨ ਬਾਰੇ ਸੋਚ ਸਕੇ। ਕਹਾਣੀ ਵਿੱਚ ਸੁਖਜੀਤ ਕੌਰ ਅਤੇ ਸ਼ੈਰਨ ਦੇ ਰਿਸ਼ਤੇ ਵਿਚਲੀਆਂ ਸੰਭਾਵਨਾਵਾਂ ਨੂੰ ਖੁੱਲ੍ਹਾ ਰੱਖਿਆ ਗਿਆ ਹੈ। ਉਹ ਸ਼ੋਰਨ ਨਾਲ ਤਣਾਉ ਵਿੱਚ ਤਾਂ ਹੈ ਪਰ ਮੁਕੰਮਲ ਟਕਰਾਉ ਦੀ ਅਵਸਥਾ ਪੈਦਾ ਨਹੀਂ ਹੁੰਦੀ। ਉਸ ਦੀ ਤੁਲਨਾ ਵਿੱਚ ਭਾਰਤੀ ਨੂੰਹਾਂ ਕੋਈ ਵਧੇਰੇ ਸਾਥ ਨਹੀਂ ਦਿੰਦੀਆਂ ਕਹਾਣੀਕਾਰ ਅੰਤਰ-ਸਭਿਆਚਾਰ ਤਣਾਉ ਨੂੰ ਹੱਲ ਕਰਨ ਦਾ ਇਕ ਮਸ਼ਵਰਾ ਪੈਦਾ ਕਰਦਾ ਹੈ ਕਿ ਪਰਵਾਸ ਵਿੱਚ ਵਸਦੇ ਪੰਜਾਬੀਆਂ ਨੂੰ ਆਪਣੀਆਂ ਪਿਛਲੀ ਜ਼ਮੀਨ ਜਾਇਦਾਦ ਨਾਲ ਮੋਹ ਤਿਆਗ ਕੇ ਉੱਥੋਂ ਦੀ ਜੀਵਨ ਸ਼ੈਲੀ ਅਤੇ ਸਭਿਆਚਾਰ ਨਾਲ ਢੁੱਕਵਾਂ ਸੁਮੇਲ ਪੈਦਾ ਕਰਨਾ ਚਾਹੀਦਾ ਹੈ। ਜੋ ਉਹਨਾਂ ਤਣਾਉਂ ਰਹਿਤ ਜ਼ਿੰਦਗੀ ਬਤੀਤ ਕਰਨੀ ਹੈ।

**10.1.7 ਥੀਮਕ ਪੱਖ—** ਇਸ ਸੰਗ੍ਰਹਿ ਦੀ ਤੀਜੀ ਕਹਾਣੀ 'ਗਵਾਚੇ ਲੋਕ' ਥੀਮ ਦੇ ਪੱਧਰ 'ਤੇ ਪਰਵਾਸੀ ਪੰਜਾਬੀਆਂ ਦੇ ਪਰਿਵਾਰਾਂ ਵਿੱਚ ਰਿਸ਼ਤਿਆਂ ਦੇ ਮੋਹ ਦੇ ਖ਼ਤਮ ਹੋਣ ਅਤੇ ਉੱਥੋਂ ਦੀ ਸਥਿਤੀ ਵਿੱਚ ਸਫ਼ਲ ਹੋਣ ਲਈ ਨੈਤਿਕਤਾ ਅਤੇ ਸਭਿਆ ਦੇ ਤਕਾਜਿਆਂ ਤੋਂ ਮੂੰਹ ਮੋੜ ਲੈਣ ਵਾਲੇ ਪੰਜਾਬੀ ਪਰਵਾਸੀਆਂ ਦਾ ਬਿਰਤਾਂਤ ਹੈ। ਅਨਯ ਪੁਰਖ ਵਿੱਚ ਸਿਰਜੇ ਗਏ ਬਿਰਤਾਂਤ ਨੂੰ ਇਸ ਦੇ ਕੇਂਦਰੀ ਪਾਤਰ ਸ਼ਮਸ਼ੇਰ ਸਿੰਘ ਦੇ ਦ੍ਰਿਸ਼ਟੀ ਬਿੰਦੂ ਤੋਂ ਉਸਾਰਿਆ ਗਿਆ ਹੈ। ਬਿਰਤਾਂਤਕਾਰ ਸਮੁੱਚੇ ਬਿਰਤਾਂਤ ਨੂੰ ਸ਼ਮਸ਼ੇਰ ਸਿੰਘ ਦੇ ਸਰਕਾਰਾਂ, ਵਿਚਾਰਾਂ ਅਤੇ ਹਿੱਤਾਂ ਦੇ ਅਤਿ ਨੇੜੇ ਹੋ ਕੇ ਸਿਰਜਦਾ ਹੈ। ਇਸ ਨਾਲ ਸੁਮਸ਼ੇਰ ਸਿੰਘ ਦੇ ਜੀਵਨ ਸੰਘਰਸ਼ ਕੁਰਬਾਨੀਆਂ, ਮੁਸ਼ਕਤਾਂ, ਉਚੇਰੀਆਂ ਨੈਤਿਕ ਕਦਰਾ ਕੀਮਤਾਂ ਅਤੇ ਉੱਚੇ ਸੁੱਚੇ ਵਿਚਾਰਾਂ ਵਾਲੀ ਸ਼ਖਸੀਅਤ ਦਾ ਬਿੰਬ ਨਿਰੰਤਰ ਵਿਰਾਟ ਤੇ ਵਿਰਾਟ ਭਰ ਹੁੰਦਾ ਚਲਾ ਜਾਂਦਾ

ਹੈ। ਸਮਸ਼ੇਰ ਸਿੰਘ ਦੇ ਸਮਾਨਾਂਤਰ ਉਸ ਦੇ ਪੁੱਤਰ ਉਸਨੂੰ ਕੋਈ ਅਹਿਮੀਅਤ ਨਾ ਦੇ ਕੇ ਆਪਣੇ ਕੌਮੀ ਧੰਦੀਂ ਰੁੱਝ ਜਾਂਦੇ ਹਨ, ਹੋਰ ਸਫਲ ਹੋਣ ਲਈ ਹਰ ਢੰਗ ਵਰਤਦੇ ਹਨ। ਅਤੇ ਪਤਨੀ ਸ਼ਮਸ਼ੇਰ ਸਿੰਘ ਦੀ ਬਜਾਏ ਆਪਣੀ ਅਲਾਦ ਨੂੰ ਪਹਿਲ ਦਿੰਦੀ ਹੈ ਜਿਸ ਦੇ ਸਿੱਟੇ ਵਜੋਂ ਸ਼ਮਸ਼ੇਰ ਸਿੰਘ ਦੀ ਮੱਦਦ ਲਈ ਜੋ ਕੋਈ ਬਹੁੜਤਾ ਹੈ ਤਾਂ ਉਹ ਹਨ ਮੂਲੀ ਅਤੇ ਜੰਮਜ। ਜਮਜ਼ ਤਾਂ ਆਪਣਾ ਲਿਵਰ ਦਾਨ ਕਰਕੇ ਸ਼ਮਸ਼ੇਰ ਨੂੰ ਜ਼ਿੰਦਗੀ ਬਖ਼ਸ਼ਦਾ ਹੈ। ਇੰਜ ਇਹ ਕਹਾਣੀ ਦਰਸਾਉਂਦੀ ਹੈ ਕਿ ਇਕ ਪਰਵਾਸੀ ਬੰਦ ਨੂੰ ਆਪਣੇ ਤਾਂ ਸਾਰੇ ਛੱਡ ਜਾਂਦੇ ਹਨ ਅਤੇ ਬੇਗਾਨੇ ਹੋ ਜਾਂਦੇ ਹਨ ਪਰ ਬੇਗਾਨੇ ਜਾਂ ਕੈਨੇਡੀਅਨ ਮੂਲ ਦੇ ਬੰਦੇ ਉਸ ਦੀ ਬਾਂਹ ਫੜ ਕੇ ਆਪਣੇ ਹੋ ਜਾਂਦੇ ਹਨ। ਇੰਝ ਇਹ ਕਹਾਣੀ ਆਪਣਿਆਂ ਦੇ ਮੋਹ ਦੀ ਮਿੱਥ ਨੂੰ ਤੋੜ ਕੇ ਸਥਾਨਕ ਲੋਕਾਂ ਦੀ ਖੂਬਸੂਰਤੀ, ਅਤੇ ਈਮਾਨਦਾਰ ਸ਼ਖ਼ਸੀਅਤ ਨੂੰ ਉਭਾਰਦੀ ਹੈ। ਇਸ ਕਹਾਣੀ ਦਾ ਮੂਲ ਸਰਕਾਰ ਕੈਨੇਡਾ ਦੇ ਮੂਲ ਨਿਵਾਸੀਆਂ ਪ੍ਰਤਿ ਬਣੇ ਸਾਡੇ ਰਵੱਈਏ ਨੂੰ ਬਦਲਦਾ ਹੈ ਜਿਸ ਕਰਕੇ ਸਾਰੇ ਪਰਵਾਸੀ ਉੱਥੋਂ ਦੇ ਲੋਕਾਂ ਤੇ ਨਿਖੜੇ ਹੋਏ ਹਨ ਅਤੇ ਅਸੀਂ ਉਨ੍ਹਾਂ ਨੂੰ ਹਮਸ਼ਾ ਪੰਜਾਬੀਆਂ ਦੇ ਵਿਰੋਧੀ/ਮੁਕਾਬਲੇ ਵਿੱਚ ਰੱਖ ਕੇ ਹੀ ਦੇਖਦੇ ਹਾਂ। ਪਰ ਇਸ ਸਭ ਦੀ ਟੇਕ ਜਿਸ ਕਿਸਮ ਦੀ ਬਿਰਤਾਤਿਰਕ ਵਿਉਂਤ ਉੱਪਰ ਹੈ। ਉਸ ਦੀਆਂ ਆਪਣੀਆਂ ਕੁਝ ਸਮੱਸਿਆਵਾਂ ਹਨ। ਬਿਰਤਾਂਤਕਾਰ ਦਾ ਦ੍ਰਿਸ਼ਟੀ ਬਿੰਦੂ ਇਸ ਕੇਂਦਰ ਕੇਂਦਰੀ ਪਾਤਰ ਸ਼ਮਸ਼ੇਰ ਸਿੱਧ ਕਰਨ ਲਈ ਜਾ ਤਾਂ ਰਚਨਾ ਦੇ ਅੰਦਰ ਪ੍ਰਕ ਸੁੰਦਰਤਾ ਦੀ ਸਿਰਜਣਾ ਕਰਦਾ ਚਲਾ ਜਾਂਦਾ ਹੈ ਅਤੇ ਕਿਸੇ ਕਿਸਮ ਦਾ ਸੰਦੇਹ ਪੈਦਾ ਹੀ ਨਹੀਂ ਹੋਣ ਦਿੰਦਾ। ਇੱਥੋਂ ਤਕ ਉਸ ਦੇ ਜੀਵਨ ਵਿੱਚ ਅਜਿਹੇ ਬਿਰਤਾਂਤ ਦੀਆਂ ਸੰਭਾਵਨਾਵਾਂ ਖਾਰਜ ਕਰ ਦਿੰਦਾ ਹੈ। ਜਿਹੜੇ ਉਸ ਦੀ ਸ਼ਖ਼ਸੀਅਤ ਦੀ ਦ੍ਰਿੜ੍ਹਤਾ ਦੀਆਂ ਸੰਭਾਵਨਾਵਾਂ ਨੂੰ ਭੰਗ ਕਰ ਸਕਦੇ ਹਨ। ਮੇਰੀ ਜਾਚੇ ਸ਼ਮਸਰ ਸਿੰਘ ਦੇ ਨੈਤਿਕ ਆਦਰਸ਼ਾਂ, ਮੋਹਵਾਨਤਾ ਅਤੇ ਕਦਰਾ ਕੀਮਤਾਂ ਦਾ ਨਾ ਕੋਈ ਅਤੀਤ ਨਜ਼ਰ ਆਉਂਦਾ ਹੈ ਅਤੇ ਨਾ ਹੀ ਭਵਿੱਖ ਙ ਉਹ ਵੀ ਸਫ਼ਲ ਹੋਣ ਲਈ ਆਪਣੇ ਮਾਂ ਬਾਪ ਨੂੰ ਛੱਡ ਕੇ ਪਰਦੇਸ ਆ ਟਿਕਿਆ ਅਤੇ ਮੁੜ ਉਨ੍ਹਾਂ ਦੀ ਬਾਤ ਨਹੀਂ ਪੁੱਛੀ। ਉਸ ਦੇ ਬਾਪ ਨਾਲ ਸੰਬੰਧਿਤ ਕੋਈ ਬਿਰਤਾਂਤਕ ਵੇਰਵਾ ਕਹਾਣੀ ਵਿੱਚ ਨਹੀਂ ਆਉਂਦਾ। ਉਹ ਆਪਣੇ ਦੋਸਤ ਨਿਰਮਲ ਦੇ ਸਥਾਨਕ ਰਾਜਨੀਤੀ ਨਾਲ ਸਮਝੌਤੇ ਤੋਂ ਨਿਰਾਸ਼ ਹੋ ਕੇ ਆਪਣੀ ਪਤਨੀ ਦੀ ਗੱਲ ਮੰਨ ਕੇ ਜੀਵਨ ਆਦਰਸ਼ਾਂ ਨੂੰ ਤਿਆਗ ਕੇ ਵਿਦੇਸ਼ ਆ ਜਾਂਦਾ ਹੈ। ਇੰਝ ਉਸ ਦੀ ਔਲਾਦ ਆਪਣੀਆਂ ਪਤਨੀਆਂ ਨਾਲ ਵਧੇਰੇ ਜੁੜ ਕੇ ਸਫਲਤਾ ਦੀਆਂ ਪੁਲਾਂਘਾ ਪੁੱਟਣ ਲਈ ਉਸ ਨੂੰ ਛੱਡ ਜਾਂਦੀ ਹੈ ਤਾਂ ਉਸ ਦੀ ਪੀੜ ਨਿਰੋਲ ਵਿਅਕਤੀਗਤ ਭਾਂਤ ਦੀ ਬਣ ਜਾਂਦੀ ਹੈ। ਜਿਸ ਦੀਆਂ ਜੜਾਂ ਉਸਦੀ ਖਾਣ-ਸੌਣ ਸਮੇਂ ਦੀ ਪਰਵਾਹ ਨਾ ਕਰਕੇ ਔਲਾਦ ਦੀ ਔਖ ਕਟਾਉਣ ਨੂੰ ਪਹਿਲ ਦਿੰਦੀ ਹੈ ਤਾਂ ਉਸਨੂੰ ਆਪਣਾ ਨਿੱਜ ਵਧੇਰੇ ਅਹਿਮੀਅਤ ਵਾਲਾ ਲੱਗਦਾ ਹੈ। ਕੁਲ ਮਿਲਾ ਕੇ ਉਸ ਦਾ ਮੋਹ ਅਤੇ ਨੈਤਿਕਤਾ ਦੇ ਸਰੋਕਾਰ' ਉਸਦੇ ਵਿਅਕਤੀਗਤ ਔਹ ਦੇ ਪ੍ਰਗਟਾਵੇ ਤੋਂ ਵਡੇਰੇ ਅਰਥ ਨਹੀਂ ਸਿਰਜਦੇ । ਅਸਲ ਵਿੱਚ ਕਹਾਣੀਕਾਰ ਆਪਣਿਆਂ ਦੇ ਬਗਾਨੇ ਹੋਣ ਦੇ ਬਿਰਤਾਂਤ ਨੂੰ ਸਿਰਜਦਿਆਂ ਕਿੰਨੇ ਹੀ ਹੋਰ ਬਿਰਤਾਂਤਾ ਨੂੰ ਕਰਦਾ ਚਲਾ ਜਾਂਦਾ ਹੈ ਅਤੇ ਪੁੱਤਰਾਂ ਨੂੰਹਾਂ ਦੇ ਬਿਰਤਾਂਤ ਸੁੰਗੜਦੇ ਚਲੇ ਜਾਂਦੇ ਹਨ। ਉਸ ਦਾ ਮੰਤਵ ਇਹ ਬਿਰਤਾਂਤਾਂ ਨੂੰ ਸੁੰਗੜ ਕੇ ਬੇਗਾਨਿਆਂ ਦੇ ਆਪਣੇ ਹੋਣ ਦੇ ਸੰਖੇਪ ਬਿਰਤਾਂਤ ਨੂੰ ਵਧੇਰੇ ਵਿਰਾਟ ਅਤੇ ਗੌਰਵਸ਼ਾਲੀ ਬਣਾਉਂਦਾ ਹੈ। ਮੇਰੀ ਜਾਚੇ ਕੈਨੇਡਾ ਦੇ ਸਥਾਨਕ ਲੋਕਾਂ ਦੇ ਆਪਣੇਪਨ ਨੂੰ ਉਭਾਰਨ ਲਈ ਇਹ ਜ਼ਰੂਰੀ ਨਹੀਂ ਸੀ ਕਿ

ਆਪਣਿਆਂ ਨੂੰ ਬੇਗਾਨੇ ਕੀਤਾ ਜਾਂਦਾ। ਪੰਜਾਬੀ ਸਮੂਹਕ ਅਵਚੇਤਨ ਵਿੱਚ ਬੈਠੀ ਆਪਣੇ ਬੇਗਾਨ ਦੀ ਪਰਪਕ ਵੰਡ ਇੱਥੇ ਵੀ ਆਪਣਾ ਅਸਰ ਦਿਖਾਉਂਦੀ ਹੈ ਕਿ ਸਾਡਾ ਪ੍ਰਬੁੱਧ ਕਹਾਣੀਕਾਰ ਇਸਨੂੰ ਮਹਿਜ ਉਲਟਾ ਤਾਂ ਦਿੰਦਾ ਹੈ ਪਰ ਹੋਰ ਦਿਸ਼ਾ ਵਿਸਤਾਰ ਜਾਂ ਡੂੰਘਾਈ ਪ੍ਰਦਾਨ ਨਹੀਂ ਕਰਦਾ। ਅਜਿਹੀਆਂ ਟਿੱਪਣੀਆਂ ਸਥਿਤੀਆਂ ਦੀ ਸਿਰਜਣਾ ਲਈ ਕਰਨੀ ਪੈਂਦੀ ਹੈ। ਕੈਨੇਡਾ ਦੇ ਸਥਾਨਕ ਪਰਿਵੇਸ਼ ਅਤੇ ਲੋਕਾਂ ਵਿੱਚ ਆਸਥਾ ਬਣਾਉਣੀ ਜਰੂਰੀ ਹੈ ਅਤੇ ਕਹਾਣੀਕਾਰ ਉਸ ਸਥਿਤੀ ਨੂੰ ਅੱਪੜ ਗਿਆ ਹੈ ਕਿ ਅਤੀਤ ਦੇ ਮੋਹ ਅਤੇ ਹੋਰਵੇ ਤੋਂ ਅਗਾਂਹ ਲੰਘ ਕੇ ਉੱਥੋਂ ਦੇ ਜੀਵਨ ਦੀ ਵਿਸ਼ੇਸ਼ ਸਥਿਤੀ ਦਾ ਬਿਰਤਾਂਤ ਸਿਰਜੇ ਪਰ ਅਜਿਹਾ ਕਰਦਿਆਂ ਮਾਤ-ਭੂਮੀ, ਅਤੀਤ ਜਾਂ ਆਪਣਿਆਂ ਨੂੰ ਨੁਕਸਾਨ ਦੀ ਮੁੱਦਰਾ ਬਹੁਤੀ ਸਾਰਥਕ ਨਹੀਂ।ਇੰਝ ਇਸ ਕਹਾਣੀ ਵਿੱਚ ਵੀ ਇਛਿੱਤ ਆਦਰਸ਼ਕ ਸਥਿਤੀ ਦੀ ਕਾਲਪਨਿਕ ਪ੍ਰਾਪਤੀ ਵਸਤੂ ਸਥਿਤੀ ਦੇ ਬੋਧ ਨੂੰ ਮੱਧਮ ਕਰ ਦਿੰਦੀ ਹੈ।

10.1.8 **ਟਕਰਾਉ-** ਸੰਗ੍ਰਹਿ ਦੀ ਅਗਲੀ ਕਹਾਣੀ 'ਬਰਫ ਦੇ ਦਰਿਆ' ਆਪਣੇ ਕਿਸਮ ਦੀ ਹੀ ਕਹਾਣੀ ਹੈ। ਕੈਨੇਡਾ ਦੇ ਮੂਲ - ਨਿਵਾਸੀਆਂ ਦੇ ਜੀਵਨ ਦਾ ਪ੍ਰਥਮ-ਪੁਰਖੀ ਬਿਰਤਾਂਤ ਪਿਆਰ ਅਤੇ ਰਾਜਨੀਤੀ ਦੇ ਸੁੰਦਰਤਾ ਦਾ ਰਚਕ ਮਿਸ਼ਰਣ ਕਰਦਾ ਹੋਇਆ ਕਈ ਜ਼ਿਕਰਯੋਗ ਅੰਤਰ-ਦ੍ਰਿਸ਼ਟੀਆਂ ਸੰਚਾਰਦਾ ਹੈ। ਸੋਫ਼ੀਆ ਇਸ ਬਿਰਤਾਤ ਦੀ ਕੇਂਦਰੀ ਪਾਤਰ ਵੀ ਹੈ ਅਤੇ ਬਲਾਤਕਾਰ ਵੀ। ਸੋਫ਼ੀਆ ਪਹਿਲਾਂ ਬੈਂਕ ਦੀ ਮੁਹੱਬਤ ਵਿੱਚ ਗ੍ਰਿਫ਼ਤਾਰ ਹੁੰਦੀ ਹੈ ਜੋ ਈਮਾਨਦਾਰ, ਸਿੱਧਾ, ਸਾਦਾ, ਪੇਂਡੂ ਪਿਛਕੜ ਅਤੇ ਤਕੜੇ ਜੁੱਸੇ ਵਾਲਾ ਖਿਡਾਰੀ ਮੁੰਡਾ ਹੈ ਜਿਸ ਵਿੱਚ ਕੁਦਰਤ ਵਰਗੀ ਨਿਰਫੁੱਲਤਾ ਹੈ। ਸੋਫ਼ੀਆ ਕੁਦਰਤ ਦੇ ਸਹਿਜ ਸਹੁਜ ਦੇ ਸਮਰੱਥਾ ਦੀ ਸਾਕਾਰ ਸੂਰਤ ਸੋਭ ਦੀ ਮੁਕਾਬਲੇ ਸ਼ਹਿਰੀ ਜਾਇਸਤਗੀ ਦੇ ਮੁਜੱਸਮੇ ਤੇਜ ਤਰਾਰ ਅਮੀਰ ਮੁੰਡੇ ਡੀਨ ਸਤਰਜ ਵੱਲ ਖਿੱਚੀ ਚਲੀ ਜਾਂਦੀ ਹੈ ਜੋ ਅੰਤ ਉਸ ਦੀ ਦੇਹ ਦਾ ਸਵਾਦ ਲੈ ਕੇ ਕਰਕੇ ਗਰਭਵਤੀ ਕਰਕੇ ਛੱਡ ਜਾਂਦਾ ਹੈ।ਸਨ ਤੋਂ ਸਦੀਆ ਆਪ ਆਪਣੇ ਥਾਈਂ ਧੁਖ ਤੇ ਬੇਵਫਾਈ ਦੀ ਪੀੜ ਨਾ ਸਹਿੰਦੇ ਹੋਏ ਰਾਹੋਂ ਕੁਰਾਹੇ ਪੈ ਕੇ ਨਸਖਰੀ ਦੇ ਸ਼ਿਕਾਰ ਹੋ ਜਾਂਦੇ ਹਨ। ਪਰ ਬਾਅਦ ਵਿੱਚ ਇਤਫਾਕ ਨਾਲ ਨਸ਼ਾ ਛਡਾਉ ਕੇਂਦਰ ਵਿੱਚ ਇਕੱਠੇ ਕੇ ਮੁੜ ਇਕ ਦੂਜੇ ਦੇ ਨੇੜੇ ਆਉਂਦੇ ਹੈ। ਇੰਝ ਕੁਦਰਤ ਨੂੰ ਆਪਣੇ ਕਾਰੋਬਾਰੀ ਹਿਤਾਂ ਲਈ ਵਰਤਣ ਦਾ ਮਨਸੂਬਾ ਲੈ ਕੇ ਉਨ੍ਹਾਂ ਦੇ ਜੀਵਨ ਵਿੱਚ ਮੁੜ ਪਰਤੇ ਸੋਡਰਜ਼ ਨਾਲ ਉਹਨਾਂ ਦਾ ਟਕਰਾਉ ਡੂੰਘੇ ਅਰਥ ਉਪਜਾਉਂਦਾ ਹੈ। ਇਹ ਕਹਾਣੀ ਪਿੰਡ, ਕੁਦਰਤ ਦੇ ਸੋਸ਼ਣ ਅਤੇ ਬੇਵਫਾਈ ਦੇ ਅਰਥਾਂ ਵਾਲੀ ਦੂਜੀ ਇਕਾਈ ਨਾਲ ਟਕਰਾਉ ਵਿੱਚ ਦਿਖਾਉਂਦੀ ਹੈ। ਸੋਫੀਆ ਇਨ੍ਹਾਂ ਦੋਹਾਂ ਦੇ ਦਰਮਿਆਨ ਡੋਲਦੀ ਇਕ ਸੰਤੁਲਨ ਬਣਾਉਣ ਦੇ ਆਹਰ ਵਿੱਚ ਨਜ਼ਰ ਆਉਂਦੀ ਹੈ। ਉਸ ਵਿੱਚ ਕੁਦਰਤ ਵਰਗਾ ਸਹਿਜ ਅਤੇ ਠਰੰਮਾ ਹਾਲੇ ਮੁਕੰਮਲ ਰੂਪ ਵਿੱਚ ਪ੍ਰਵੇਸ਼ ਨਹੀਂ ਕੀਤਾ। ਇਸੇ ਲਈ ਉਹ ਕੁਦਰਤ ਦੇ ਸ਼ੋਸ਼ਣ ਅਤੇ ਸਭਿਆਚਾਰਕ ਪ੍ਰਦੂਸ਼ਣ ਵਿਰੋਧ ਵਿੱਚ ਲੜੀ ਜਾ ਰਹੀ ਲੰਮੀ ਲੜਾਈ ਦੀਆਂ ਸੰਭਾਵਨਾਵਾਂ ਤੋਂ ਆਵਾਜ਼ਾਰ ਨਿਰਾਸ਼ ਹੋ ਕੇ ਸੌਂਡਰਜ਼ ਤੋਂ ਤਟਫੱਟ ਬਦਲਾ ਲੈਣ ਦੀ ਮੂੰਹ-ਜ਼ੋਰ ਨਿੱਜੀ ਭਾਵਨਾ ਦੇ ਵੇਗ ਵਿੱਚ ਵਹਿਣਾ ਚਾਹੁੰਦੀ ਹੈ।

10.1.9 **ਦ੍ਰਿਸ਼ਟਾਂਤ -** ਸੰਗ੍ਰਹਿ ਦੀ ਆਖਰੀ ਕਹਾਣੀ 'ਸੜਕਾਂ' ਵਿੱਚ ਪਰਵਾਸੀਆਂ ਅੰਦਰ ਉੱਪਰੀ ਧਰਤੀ ਕੈਨੇਡਾ ਪ੍ਰਤੀ ਜਾਗ ਰਹੀ ਰਾਸ਼ਟਰ ਭਗਤੀ ਦੀ ਭਾਵਨਾ ਦਾ ਦ੍ਰਿਸ਼ਟਾਂਤ ਸਿਰਜਿਆ ਗਿਆ ਹੈ।

ਇਸ ਬਿਰਤਾਂਤ ਨੂੰ ਸੰਘਣਾ ਅਤੇ ਦੀਰਘ ਅਰਥਾਂ ਵਾਲਾ ਬਣਾਉਣ ਲਈ ਮੌਜ ਮਸਤੀ ਅਤੇ ਖਾਉ-ਹੰਡਾਊ ਜੀਵਨ ਸ਼ੈਲੀ ਦੀ ਤੁਲਨਾ ਵਿੱਚ ਮਿਹਨਤ ਨਾਲ ਕੰਮ ਕਰਕੇ ਆਪਣੇ ਅਤੇ ਪਰਿਵਾਰ ਦੇ ਮਕਸਦ ਨੂੰ ਪ੍ਰਾਪਤ ਕਰਨ ਨੂੰ ਇਕ ਅਜਿਹੇ ਪ੍ਰਤੀਮਾਨ ਦੇ ਤੌਰ 'ਤੇ ਸਥਾਪਿਤ ਕੀਤਾ ਗਿਆ ਹੈ ਕਿ ਜਿਸ ਨਾਲ ਰਾਸ਼ਟਰੀ ਨਿਰਮਾਣ ਵਿੱਚ ਹਿੱਸੇਦਾਰ ਬਣਿਆ ਜਾ ਸਕਦਾ ਹੈ। ਅਜੀਤ ਸਿੰਘ ਮੂਲ ਕੈਨੇਡਾ ਨਿਵਾਸੀ ਜੈਕ ਨਾਲ ਸਾਂਝਾ ਕਾਰੋਬਾਰ ਕਰਕੇ ਇਮਾਨਦਾਰੀ ਅਤੇ ਮਿਹਨਤ ਨਾਲ ਕੰਮ ਕਰਕੇ ਖੁਸ਼ਹਾਲੀ ਪ੍ਰਾਪਤ ਕਰਨ ਦਾ ਪ੍ਰਤੀਮਾਨ ਸਥਾਪਿਤ ਕਰਦਾ ਹੈ। ਉਸਦਾ ਇਕ ਪੁੱਤਰ ਜਿੱਥੇ ਫਾਲਤੂ ਖਰਚ ਕਰਨ ਵਾਲੀ ਆਪਣੀ ਪਤਨੀ ਮੀਨੂੰ ਦੇ ਆਖੇ ਲੱਗ ਕੇ ਪਰਿਵਾਰ ਜੀ ਸਾਂਝੀ ਤਰੱਕੀ ਦੇ ਰਾਹ ਵਿੱਚ ਰੋੜਾ ਬਣਦਾ ਹੈ ਉੱਥੇ ਦੂਜਾ ਪੁੱਤਰ ਕਰਨ ਪਿਤਾ ਦੇ ਪ੍ਰਤਿਮਾਨਾਂ ਅਨੁਸਾਰ ਵਿਚਰਦਾ ਸਿਰੜ ਅਤੇ ਈਮਾਨਦਾਰੀ ਨਾਲ ਮੁਸ਼ੱਕਤ ਕਰਦਾ ਇੱਕ ਸੜਕ ਦੁਰਘਟਨਾ ਵਿੱਚ ਕੈਨੇਡਾ ਦੇ ਮੂਲ ਨਿਵਾਸੀਆਂ ਦੀ ਜਾਨ ਬਚਾਉਣ ਲਈ ਆਪਣੀ ਕੁਰਬਾਨੀ ਦੇ ਦਿੰਦਾ ਹੈ। ਉਸ ਦਾ ਨਾਂ ਉਸਦੇ ਇਸ ਪਾਕਰਮ ਕਾਰਣ ਕੈਨੇਡਾ ਦੇ ਇਤਿਹਾਸ ਵਿੱਚ ਸੁਨਹਿਰੀ ਪੰਨਿਆਂ 'ਤੇ ਉਕਰਿਆ ਜਾਂਦਾ ਹੈ। ਪਰਉਪਕਾਰ ਦੇ ਪੱਖੋਂ ਅਜੀਤ ਦਾ ਪਰਿਵਾਰ ਜੈਕ ਨਾਲੋਂ ਵੀ ਦੋ ਕਦਮ ਅੱਗੇ ਸਾਬਤ ਹੁੰਦਾ ਹੈ। ਜੇਕ ਨੂੰ ਦੁਰਘਟਨਾਗ੍ਰਸਤ ਟਰੱਕ ਵਿੱਚੋਂ ਕੱਢਦਾ ਹੈ। ਇੰਝ ਇਹ ਕਹਾਣੀ ਪਰਵਾਸੀਆਂ ਅੰਦਰ ਕੈਨੇਡਾ ਪ੍ਰਤੀ ਪ੍ਰਬਲ ਹੋ ਰਹੀ ਰਾਸ਼ਟਰ ਭਗਤੀ ਦੀ ਭਾਵਨਾ ਦਾ ਬਿਰਤਾਂਤਿਕ ਬਿੰਬ ਉਸਾਰਦੀ ਹੋਈ ਕੈਨੇਡਾ ਨਿਰਮਾਣ ਵਿੱਚ ਉਨ੍ਹਾਂ ਦੇ ਯੋਗਦਾਨ ਅਤੇ ਕੁਰਬਾਨੀਆਂ ਨੂੰ ਚਿਤਾਰਦੀ ਹੈ। ਕੈਨੇਡਾ ਸਰਕਾਰ ਵਲੋਂ ਸਮਾਨਿਤ ਕਰਨਾ ਅਜਿਹਾ ਹੁੰਗਾਰਾ ਹੈ ਜਿਸ ਨਾਲ ਪਰਵਾਸੀ ਜੀਵਨ- ਸਥਿਤੀ ਅੰਤਰ-ਵਿਰੋਧਾਂ ਦੇ ਹੱਲ ਹੋਣ ਦੀ ਸੰਭਾਵਨਾ ਵੱਲ ਸੰਕੇਤ ਪ੍ਰਾਪਤ ਹੁੰਦਾ ਹੈ।

10.1.10 **ਸਿੱਟਾ-** ਜਰਨੈਲ ਸਿੰਘ ਦੀਆਂ ਕਹਾਣੀਆਂ ਪਰਵਾਸ ਦੀਆਂ ਰਹਿਮਤਾਂ ਦੇ ਭਾਵਬਧ ਨੂੰ ਰੂਪਾਂਤਰਿਤ ਕਰਕੇ ਪਰਵਾਸ ਦੀਆਂ ਨਿਆਮਤਾਂ ਦੇ ਭਾਵਬੰਧ ਨੂੰ ਉਪਜਾਉਣ ਦਾ ਰਚਨਾਤਮਕ ਕਾਰਜ ਨਿਭਾਉਂਦੀਆਂ ਹੋਈਆਂ ਪ੍ਰਤੀਤ ਹੁੰਦੀਆਂ ਹਨ। ਬਸ਼ਰਤੇ ਪੰਜਾਬੀ ਬੰਦਾ ਖਾਊ ਹੰਢਾਉ ਬਿਰਤੀ ਦੀ ਥਾਂ ਈਮਾਨਦਾਰ ਮੁਸ਼ੱਕਤ ਕਰਦੇ ਹੋਏ ਆਪਣੀ ਖੁਸ਼ਹਾਲੀ ਨੂੰ ਕੈਨੇਡਾ ਦੇ ਰਾਸ਼ਟਰ ਨਿਰਮਾਣ ਦਾ ਇੱਕ ਹਿੱਸਾ ਮੰਨ ਕੇ ਚੱਲ ਅਤੇ ਇਸ ਮੰਤਵ ਲਈ ਕੋਈ ਵੀ ਕੁਰਬਾਨੀ ਦੇਣ ਨੂੰ ਤਿਆਰ ਇੰਝ ਉਹ ਪਰਵਾਸ ਦੇ ਦੁਖਾਂਤ ਤੋਂ ਮੁਕਤ ਹੋ ਕੇ ਰਜ਼ੀ ਰੋਟੀ ਅਤੇ ਸੁਖ ਸਹੂਲਤਾਂ ਦੇਣ ਵਾਲੀ ਵਿਦੇਸ਼ੀ ਤੋਂ ਨਾਲ ਜੀਉਣ ਨਾਤਾ ਬਣਾ ਕੇ ਗੌਰਵਸ਼ਾਲੀ ਪੜਾਵ ਸਥਾਪਿਤ ਕਰ ਸਕਦਾ ਹੈ।

# ਐੱਮ.ਏ. ਪੰਜਾਬੀ

## ਸਮੈਸਟਰ- ਤੀਸਰਾ

## ਪਰਵਾਸੀ ਪੰਜਾਬੀ ਸਾਹਿਤ

| |
|---|
| ਯੂਨਿਟ-10<br><br>ਟਾਵਰਜ਼: ਅਧਿਐਨ ਦ੍ਰਿਸ਼ਟੀ-2 |

10.2 ਟਾਵਰਜ਼: ਅਧਿਐਨ ਦ੍ਰਿਸ਼ਟੀ-2

10.2.1 ਕਹਾਣੀ ਸੰਗ੍ਰਿਹ ਦੀ ਵਿਸ਼ੇਸ਼ਤਾ

10.2.2 ਟਾਵਰਜ਼ ਦੇ ਪ੍ਰਮੁੱਖ ਭਾਗ

10.2.3 ਪਾਣੀ

10.2.4 ਗੁਆਚੇ ਲੋਕ

10.2.5 ਸੜਕਾਂ

10.2.6 ਬਰਫ਼ ਦੇ ਦਰਿਆ

10.2.7 ਟਾਵਰਜ਼

10.2.8 ਸਵਾਲਾਂ ਦੇ ਸਰੋਕਾਰ

10.2.9 ਸਿੱਟਾ

## 10.2 **ਟਾਵਰਜ਼: ਅਧਿਐਨ ਦ੍ਰਿਸ਼ਟੀ**-2

ਪਿਆਰੇ ਵਿਦਿਆਰਥੀਓ ! ‘ਟਾਵਰਜ਼’ ਕਥਾ ਸੰਗ੍ਰਹਿ ਵਿੱਚ ਜਰਨੈਲ ਸਿੰਘ ਦੀਆ ਲੰਮੇ ਆਕਾਰ ਵਾਲੀਆਂ ਪੰਜ ਕਹਾਣੀਆਂ, ਪਾਣੀ, ਗੁਆਚੇ ਲੋਕ ਬਰਫ ਦੇ ਦਰਿਆ ਅਤੇ ਸੜਕਾਂ ਸ਼ਾਮਲ ਹਨ। ਇਸ ਸੰਗ੍ਰਹਿ 'ਚ ਟਾਵਰਜ਼" ਇਕ ਅਜਿਹੀ ਕਹਾਣੀ ਹੈ ਜਿਹੜੀਆਂ ਪਰਵਾਸੀਆਂ ਦੇ ਅਪਣਾਏ ਹੋਏ ਮੁਲਕ ਵਿੱਚ ਸੱਭਿਆਚਾਰ ਅਤੇ ਦੋਹਰੀ ਨਾਗਰਿਕਤਾ ਦੇ ਜੋੜ ਦੀ ਕਹਾਣੀ ਨਹੀਂ, ਸਗੋਂ ਇਸ ਵਿੱਚ ਪਰਿਵੇਸ਼ ਅਤੇ ਦੋਹਰੀ ਨਾਗਰਿਕਤਾ ਨੂੰ ਆਪਣੇ ਅਨੁਭਵ ਵਿੱਚ ਸਮੇਂ ਦੇ ਪੇਸ਼ ਕਰਨ ਦੀ ਦ੍ਰਿਸ਼ਟੀ ਵੀ ਪਰਵਾਸੀ ਜੀਵਨ ਦੀ ਕਿਸ ਸਥਿਤੀ ਨਾਲ ਸੰਬੰਧਿਤ ਨਹੀਂ ਸਗੋਂ ਇਹ ਬਾਹਰੀ ਜਗਤ 'ਚ ਸਮਕਾਲੀ ਤਾਕਤਾਂ ਅਤੇ ਅਧੀਨ ਬਸਤੀਆ ਨਾਲ ਵਾਪਰੇ ਖ਼ਤਰਨਾਕ ਆਲਮੀ ਵਰਤਾਰ 'ਚ ਗੁੰਮ ਗੁਆਚ ਗਈ ਮਨੁੱਖ ਸੰਵੇਦਨਾ ਦੇ ਵਿਸ਼ਲੇਸ਼ਣ ਦੀ ਕਹਾਣੀ ਹੈ।

10.2.1 **ਕਹਾਣੀ ਸੰਗ੍ਰਿਹ ਦੀ ਵਿਸ਼ੇਸ਼ਤਾ:** ਜਰਨੈਲ ਸਿੰਘ ਦੇ ਇਸ ਕਥਾ ਸੰਗ੍ਰਹਿ ਦੀ ਇਹ ਵਿਸ਼ੇਸ਼ਤਾ ਹੈ ਕਿ ਪਰਵਾਸੀ ਜੀਵਨ ਵਿੱਚ ਪਿਤਰੀ ਮੋਹ, ਆਪਣੀ ਮੂਲ ਸੰਸਕ੍ਰਿਤੀ ਯਾਦਾਂ ਅਤੇ ਸੁਪਨਿਆਂ ਦੇ ਸੰਸਾਰ ਵਿੱਚ "ਗੁਆਚੇ ਲੋਕ ਆਪਣੇ ਹਮਲੈਂਡ ਪਰਤਣ ਲਈ ਹੀ ਨਹੀਂ ਤਾਂਘਦੇ ਸਗੋਂ ਉਹ ਅਪਣਾਏ ਹੋਏ ਮੁਲਕ ਦੀਆਂ ਸੜਕਾਂ ਤੇ ਦੌੜਦੇ, ਆਪਣੇ ਵੱਡੇ ਵੱਡੇ ਘਰਾਂ ਦੇ ਪਿਛਵਾੜਿਆਂ 'ਚ ਸਵੀਮਿੰਗ ਪੂਲ ਦੀ ਤਾਮੀਰ ਕਰਕੇ ਵਰਲਡ ਟਰੇਡ ਸੈਂਟਰ 'ਤੇ ਹੋਏ ਆਤੰਕਵਾਦੀ ਹਮਲੇ ਦੇ ਦੁਖਾਂਤਕ ਪ੍ਰਭਾਵਾਂ ਨੂੰ ਰਾਜਸੀ ਦ੍ਰਿਸ਼ਟੀਕੋਣ ਤੋਂ ਵੇਖਣ ਵੱਲ ਰੁਚਿਤ ਹਨ। ਇਹ ਹੀ ਨਹੀ ਉਥੋਂ ਦੀ ਰਾਜਸੀ-ਧਾਰਮਿਕ ਤੇ ਵਿਸ਼ੇਸ਼ ਤੌਰ 'ਤੇ ਵਪਾਰਕ ਅੰਦਰਿਆਂ ਵਿੱਚ ਆਪਣੀ ਹਿੱਸੇਦਾਰੀ ਲਈ ਸੰਘਰਸ਼ ਕਰਦੇ ਅਪਣਾਏ ਹੋਏ ਮੁਲਕ ਨਾਲ ਆਪਣੇ ਸੰਬੰਧਾਂ ਨੂੰ ਆਰਥਿਕ ਦ੍ਰਿਸ਼ਟੀਕੋਣ ਤੋਂ ਪੱਕਾ-ਪੀਢਾ ਕਰਨ ਲਈ ਯਤਨਸ਼ੀਲ ਹਨ।

10.2.2 **ਟਾਵਰਜ਼ ਦੇ ਪ੍ਰਮੁੱਖ ਭਾਗ:** ਜਰਨੈਲ ਸਿੰਘ ਦੇ ਇਸ ਕਥਾ ਸੰਗ੍ਰਹਿ ਨੂੰ ਅਸਾ ਤਿੰਨ ਭਾਗਾਂ ਵਿੱਚ ਵੰਡ ਕੇ ਗੱਲ ਕਰਨ ਦਾ ਯਤਨ ਕਰਾਂਗੇ। ਪਹਿਲੇ ਹਿਸੇ ਵਿੱਚ ‘ਗੁਆਚੇ ਲੋਕ’, ‘ਪਾਣੀ’ ਅਤੇ ‘ਸੜਕਾਂ’ ਦੇ ਮੁੱਖ ਪਾਤਰ ਸ਼ਮਸ਼ੇਰ ਸਿੰਘ ਉਰਫ਼ ਸੈਮ ਸੁਖਜੀਤ ਕੌਰ ਅਤੇ ਅਜੀਤ ਸਿੰਘ ਆਪਣੇ ਅਰਧ ਸੰਮਤੀ ਅਤੇ ਪੂੰਜੀਵਾਦੀ ਚਰਿੱਤਰ ਨੂੰ ਆਪਣੇ ਪਿਤਰੀ ਮੋਹ ਅਤੇ ਮੂਲ ਸੰਸਕ੍ਰਿਤੀ ਦੇ ਪ੍ਰਸੰਗ 'ਚ ਪੇਸ਼ ਕਰਦੇ ਹਨ ਤੇ ਆਪਣੀ ਮਾਤ ਭੂਮੀ ਨਾਲ ਜ਼ਮੀਨੀ ਅਧਿਕਾਰਾਂ ਕਾਰਣ ਤਾਕਤ ਦੇ ਰਿਸ਼ਤੇ ਰਾਹੀਂ ਅਪਣਾਏ ਹੋਏ ਮੁਲਕ ਦੀਆਂ ਸਥਿਤੀਆਂ ਨਾਲ ਇਕਸੁਰ ਹੋਣ ਦਾ ਯਤਨ ਕਰਦੇ ਹਨ। ਇਹਨਾਂ ਕਹਾਣੀਆਂ ਵਿੱਚ ਕਥਾਕਾਰ ਨੇ ਬਹੁਤ ਹੀ ਕਲਾਤਮਿਕ ਢੰਗ ਨਾਲ ਸੁਖਜੀਤ ਕੌਰ ਦੇ ਚਾਚੇ ਦੇ ਪੁੱਤਰ ਭੂਪੀ ਦੇ ਚਰਿੱਤਰ ਰਾਹੀਂ ਪੰਜਾਬ ਦੇ ਅੰਦਰ ਧਰਤੀ ਹੇਠਲੇ ਪਾਣੀ ਦੇ ਮੁੱਕ ਜਾਣ ਦੀ ਗੱਲ ਕਰਕੇ, ਖੁਰ ਰਹੇ ਰਿਸ਼ਤਿਆਂ ਦੇ ਮੂੰਹ ਦੀ ਗੱਲ ਕੀਤੀ ਹੈ ਤੇ ਪੰਜਾਬੀ ਸਭਿਆਚਾਰ, ਅਰਥ ਚਾਰ ਨੂੰ ਵੀ ਪੂੰਜੀਵਾਦੀ ਆਰਥਕ ਪ੍ਰਕਿਰਿਆ 'ਚ ਚਲਦਾ ਵਿਖਾਇਆ ਹੈ। ਇਸ ਪ੍ਰਕਾਰ ਸਾਡੀ ਸੰਸਕ੍ਰਿਤੀ ਦੇ ਮੂਲ ਸਰਤਾਂ ਅਤੇ ਆਰਥਕ ਵਸੀਲਿਆਂ ਦਾ ਪੱਛਮੀ ਜੀਵਨ ਦੇ ਉਪਭੋਗੀ ਕਲਚਰ ਦਾ ਇੱਕ ਹਿੱਸਾ ਬਣਨ 'ਤੇ ਪੈਦਾ ਹੋਏ ਮਾਨਸਿਕ ਦੁਖਾਂਤ ਦਾ ਚਿਤਰਨ ਸੁਖਜੀਤ ਦੀ ਮਨੋਸਥਿਤੀ ਰਾਹੀਂ ਹੀ ਨਜ਼ਰ ਨਹੀਂ ਆਉਂਦਾ ਸਗੋਂ ‘ਗੁਆਚੇ ਲੋਕ’ ਵਿੱਚ ਇਹ ਸੰਤਾਪ ਸ਼ਮਸ਼ੇਰ ਸਿੰਘ ਵੀ ਭਗਦਾ ਹੈ।

10.2.3 **ਪਾਣੀ**: "ਪਾਣੀ" ਕਹਾਣੀ ਵਿੱਚ ਸੁਖਜੀਤ ਦੀ ਨੂੰਹ ਸ਼ੇਰਰਨ ਜਦੋਂ ਸਵਿਮਿੰਗ ਪੂਲ ਬਣਾਉਣ ਦੀ ਗੱਲ ਕਰਦੀ ਹੈ ਤੇ ਨਾਲ ਹੀ ਪਿੰਡ ਵਾਲੀ ਜ਼ਮੀਨ ਵੇਚ ਕੇ ਸਾਰਾ ਪੈਸਾ ਸਵਿਮਿੰਗ ਪੂਲ 'ਤੇ ਹੀ ਖ਼ਰਚ ਕਰਨ ਨੂੰ ਤਰਜੀਹ ਦਿੰਦੀ ਹੈ ਤਾਂ ਸੁਖਜੀਤ ਕੌਰ ਨੂੰ ਆਪਣੀ ਨੂੰਹ ਇਕ ਰਿਸ਼ਤਾ ਨਾ ਹੋ ਕੇ ਇੱਕ ਦੰਭ ਜਾਪਦੀ ਹੈ। ਉਸ ਨੂੰ ਮਹਿਸੂਸ ਹੋਣ ਲੱਗ ਪੈਂਦਾ ਹੈ 'ਜਿਵੇਂ ਵੱਡੇ ਵੱਡੇ ਜਬਾੜਿਆਂ ਤੇ ਲੰਬੂਤਰੀ ਗਰਦਨ ਵਾਲੀ ਮਸ਼ੀਨ ਉਸ ਦੇ ਬੈਕਯਾਰਡ ਨੂੰ ਪੁੱਟ ਰਹੀ ਹੋਵੇ। ਜਿਵੇਂ ਬਣ ਰਹੇ ਸਵਿਮਿੰਗ ਪੂਲ ਦੀਆਂ ਨੀਹਾਂ ਹਨ ਉਸਦੇ ਪੁਰਖਿਆਂ ਦੀ ਜ਼ਮੀਰ ਦੱਬੀ ਜਾ ਰਹੀ ਹੋਵੇ, ਜਿਵੇਂ ਉਨ੍ਹਾਂ ਦੀਆਂ ਮੋਟਰਾਂ ਦਾ ਪਾਣੀ ਸੂਤ ਸਵਿਮਿੰਗ ਪੂਲ ਦੇ ਢਿੱਡ 'ਚ ਪਾਇਆ ਜਾ ਰਿਹਾ ਹੋਵੇ। ਸੁਖਜੀਤ ਦੀ ਮਨੋਸਥਿਤੀ ਨੂੰ ਇਹ ਪਹਿਲਾ ਝਟਕਾ ਨਹੀਂ। ਇਸ ਤੋਂ ਪਹਿਲਾਂ ਜਦੋਂ ਉਸਦੇ ਪੁੱਤਰ ਰਾਜੂ ਨੇ ਬੈਰਨ ਨਾਲ ਵਿਆਹ ਕਰਾਉਣ ਦਾ ਫੈਸਲਾ ਕੀਤਾ ਤਾਂ ਸੁਖਜੀਤ ਦੀਆਂ ਅੱਖਾਂ ਵਿਚਲਾ ਪਾਣੀ ਤਾਂ ਉਦੋਂ ਹੀ ਸੁਕਣਾ ਆਰੰਭ ਹੋ ਗਿਆ ਸੀ। ਕਥਾਕਾਰ ਨੇ ਸੁਖਜੀਤ ਦੇ ਅੰਦਰਲੇ ਦਰਦ ਨੂੰ ਬਿਆਨ ਕਰਨ ਲਈ ਪਾਣੀ ਨਾਲ ਸਬੰਧਿਤ ਪ੍ਰਤੀਕ ਨੂੰ ਬੜੇ ਹੀ ਕਲਾਤਮਿਕ ਢੰਗ ਨਾਲ ਵਰਤਿਆ ਹੈ। ਰਾਜੂ ਤੇ ਸ਼ੈਰਨ ਦੇ ਵਿਆਹ ਦੇ ਫੈਸਲੇ ਨਾਲ ਸੁਖਜੀਤ ਤੋਂ ਬਲਦੇਵ ਸਿੰਘ ਦੀ ਸਥਿਤੀ ਅਜਿਹੇ ਪਰਿਵਾਰ ਵਾਂਗ ਬਣ ਗਈ ਸੀ, ਜਿਨ੍ਹਾਂ ਦੇ ਪਰਿਵਾਰ ਦਾ ਸਮੁੰਦਰ 'ਚ ਸਫ਼ਰ ਕਰ ਰਹੀ ਚੰਗੀ ਭਲੀ ਕੰਬਿਨ ਕਰੂਜਰ ਵਾਰਨਿੰਗ ਲਾਈਟ ਦੇਣ ਲੱਗ ਪਈ ਹੋਵੇ।

10.2.4 **ਗੁਆਚੇ ਲੋਕ**: ਇਸੇ ਕਹਾਣੀ ਸੰਗ੍ਰਿਹ ਵਿੱਚ 'ਗੁਆਚੇ ਲੋਕ' ਦਾ ਸ਼ਮਸ਼ੇਰ ਸਿੰਘ ਆਪਣੇ ਪੁੱਤਰਾਂ - ਨੂੰਹਾਂ ਅਤੇ ਪਤਨੀ ਤੋਂ ਵੱਖ ਹੋਇਆ ਇਕਲਾਪੇ ਦੇ ਸੰਕਟ ਨੂੰ ਭੋਗਦਾ ਸਭ ਕੁੱਝ ਖੁਰ ਜਾਣ ਦੇ ਪਛਤਾਵੇ ਦੀ ਅੱਗ ਨਾਲ ਸੜਦਾ ਹੈ। ਇਥੇ ਸੰਕਟ ਸੁਖਜੀਤ ਵਾਂਗ ਹੀ ਆਪਣੀ ਮਾਤ ਭੂਮੀ ਤੇ ਮੂਲ ਸੰਸਕ੍ਰਿਤੀ ਨਾਲੋਂ ਟੁੱਟਣ ਦਾ ਨਹੀਂ, ਸਗੋਂ ਇਸ ਤੋਂ ਵੀ ਜ਼ਿਆਦਾ ਅਪਣਾਏ ਮੁਲਕ 'ਚ ਉਸਦੇ ਪਰਿਵਾਰ ਦਾ ਨਵੀਆਂ ਕਦਰਾਂ ਕੀਮਤਾਂ ਅਨੁਸਾਰ ਪਰਨਾਏ ਜਾਣਾ ਹੈ। ਕਥਾਕਾਰ ਨੇ ਸ਼ਮਸ਼ੇਰ ਸਿੰਘ ਦੇ ਅਤੀਤ - ਮੁੱਖ ਵਰਤਾਰਿਆਂ, ਘਟਨਾਵਾਂ, ਯਾਦਾਂ ਸੁਪਨਿਆਂ ਆਦਿਕ ਰਾਹੀਂ ਉਸਦੇ ਪਾਸਟ ਨੂੰ ਕੁਰੇਦ ਕੇ ਕਹਾਣੀ ਨੂੰ ਬਹੁ-ਪਰਤੀ ਆਯਾਮ ਦੇਣ ਦਾ ਯਤਨ ਕੀਤਾ ਹੈ ਦਰਅਸਲ ਇਹ ਕਹਾਣੀ ਪਿੱਛਲ ਮੁਖੀ ਬਾਤ ਦੇ ਰੂਪ ਸ਼ਮਸ਼ੇਰ ਸਿੰਘ ਦੇ ਸਵੈ-ਜੀਵਨੀ ਪਰਕ- ਯਾਦਗਾਰੀ ਪਲਾਂ ਨੂੰ ਉਹਨਾਂ ਸਥਿਤੀਆਂ ਨਾਲ ਜੋੜਦੀ ਹੈ ਜਿਨ੍ਹਾਂ ਦਾ ਸਿੱਧਾ ਸਬੰਧ ਪੱਛਮੀ ਜੀਵਨ ਦੀਆਂ ਕਦਰਾਂ ਕੀਮਤਾਂ ਅਨੁਸਾਰ ਜਿਉਣ ਤੇ ਉਹਨਾਂ ਨੂੰ ਅਪਨਾਉਣ ਦਾ ਹੈ। ਵਿਡਬੰਨਾ ਇਹ ਹੈ ਕਿ ਜਿਸ ਸੰਸਕ੍ਰਿਤੀ ਨੂੰ ਸ਼ਮਸ਼ੇਰ ਸਿੰਘ ਹਮਲਾਵਰ ਦੇ ਰੂਪ 'ਚ ਵੇਖਦਾ ਹੈ, ਉਸ ਸੰਸਕ੍ਰਿਤੀ ਵਿੱਚ ਹੀ ਜੇਮਜ਼ ਵਰਗੇ ਲੋਕ ਵੀ ਹਨ ਜਿਸ ਨੇ ਮਰਨ ਉਪਰੰਤ ਟ੍ਰਾਂਸਪਲਾਂਟ ਸੈਂਟਰ ਨੂੰ ਆਪਣਾ ਲਿਵਰ ਕਰਕੇ ਸ਼ਮਸ਼ੇਰ ਸਿੰਘ, ਸੁਖਜੀਤ ਕੌਰ, ਬਲਦੇਵ ਸਿੰਘ ਉਸ ਦੇ ਭਰਾ ਮੁਖਤਿਆਰ ਸਿੰਘ ਦੀ ਚਰਿਤਰਗਤ ਪਛਾਣ ਰਾਹੀਂ ਪਰਵਾਸ ਬਦਲਦੇ ਰਿਸ਼ਤੇ ਦੀ ਗੱਲ ਬਹੁਤ ਹੀ ਕਲਾਤਮਿਕ ਢੰਗ ਨਾਲ ਕੀਤੀ ਹੈ। ਇਹਨਾਂ ਲਈ ਪਰਵਾਸ ਕਦੇ ਵੀ ਨਾ ਮੁਕਣ ਵਾਲਾ ਵਿਰਲਾਪੀ ਸੰਤਾਪ ਹੈ ਕਿਉਂਕਿ ਇਹਨਾਂ ਦਾ ਰਿਸ਼ਤਾ ਮਾਤਭੂਮੀ, ਸੰਸਕ੍ਰਿਤੀ ਅਤੇ ਇਤਿਹਾਸ ਨਾਲ ਅਤਿਅੰਤ ਲਗਾਉ ਵਾਲਾ ਹੈ ਜਦੋਂ ਕਿ ਸ਼ਮਸ਼ੇਰ ਸਿੰਘ ਦੇ ਪੁੱਤਰਾਂ ਸੁਖਜੀਤ ਦੇ ਪਰਵਾਰਾਂ ਦੇ ਬਾਕੀ ਮੈਂਬਰਾਂ ਦਾ ਅਪਣਾਏ ਮੁਲਕ ਨਾਲ ਰਿਸ਼ਤਾ ਬਦਲਾਉ ਵਾਲਾ ਹੈ ਭਾਵ ਆਪਣੀ ਪਛਾਣ ਨੂੰ ਉਥੋਂ ਦੇ ਰਾਜਨੀਤਿਕ ਜੀਵਨ ਵਿੱਚ

ਸੁਖਜੀਤ ਤੇ ਸ਼ਮਸ਼ੇਰ ਸਿੰਘ ਵਰਗੇ ਪਾਤਰ ਮਹਿਜ ਇਕ ਧਿਰ ਬਣੇ ਹੋਏ ਹਨ, ਪ੍ਰੰਤੂ ਉਹ ਇੱਕ ਬਦਲ, ਦੇ ਰੂਪ 'ਚ ਅਭਿਵਿਅਕਤ ਨਹੀਂ ਹੋ ਰਹੇ ਜਦਕਿ ਉਹਨਾਂ ਦੀ ਔਲਾਦ, ਅਧੀਨਤਾ ਵਾਲੇ ਮਾਡਲ ਨੂੰ ਤਿਆਗ ਕੇ ਉਥੋਂ ਦੀ ਸੰਸਕ੍ਰਿਤੀ ਨੂੰ ਅਪਣਾ ਕੇ ਆਰਥਕ ਤੌਰ ਤੇ ਸ਼ਕਤੀਸ਼ਾਲੀ ਧਿਰ ਵਜੋਂ ਉਭਰਦੀ ਨਜਰ ਪੈਂਦੀ ਹੈ। ਇਹ ਤੀਸਰੀ ਧਿਰ ਬੇਸ਼ਕ ਮਨੁੱਖੀ ਕਦਰਾਂ ਕੀਮਤਾਂ ਤੋਂ ਬੇਮੁੱਖ ਹੋ ਰਹੀ ਹੈ, ਪੇਂਡੂ ਇਸ ਤਬਦੀਲੀ ਨੂੰ ਕਥਾਕਾਰ ਨੇ ਬਹੁਤ ਹੀ ਬਾਰੀਕਬੀਨੀ ਅਤੇ ਸੰਜਮ ਨਾਲ ਇਸ ਕਦਰ ਚਿਤਰਿਆ ਹੈ ਕਿ ਪੀੜੀ-ਪਾੜੇ ਰਾਹੀਂ ਆ ਰਹੀ ਤਬਦੀਲੀ ਵੀ ਸਪਸ਼ਟ ਨਜ਼ਰ ਆਉਣ ਲੱਗ ਪਈ ਹੈ।

> "ਮਨਜਿੰਦਰ ਰਾਜੀ ਦਾ ਐਮ. ਪੀ. ਬਣਨਾ ਸਾਡੇ ਲਈ ਹੀ, ਨਹੀਂ ਸਗੋਂ ਭਾਰਤੀ ਕਮਿਊਨਿਟੀ ਵਾਸਤੇ ਬੜੇ ਮਾਣ ਵਾਲੀ ਗੱਲ ਹੋਵੇਗੀ। ਤੁਸੀ ਭਾਜੀ ਦੇ ਘਰ ਜਾਣ ਲਈ ਮੰਨ ਜਾਉ । ਡੰਡੀ ! ਪਾਲੀਜ਼ ! ਤੁਹਾਡੇ ਉਥੇ ਰਹਿਣ ਨਾਲ ਭਾਜੀ ਦੀ ਪੁਜ਼ੀਸ਼ਨ ਹੋਰ ਵੀ ਸਟਰੋਂਗ ਹੋ ਜਾਏਗੀ । ਉਹ ਲੋਕਾਂ 'ਚ ਕਹਿ ਸਕਣਗੇ ਕਿ ਮੈਂ ਫੈਮਿਲੀ ਵੈਲਯੂਜ ਦਾ ਮੁੱਦਈ ਹਾਂ। ਮਾਪਿਆਂ ਦੀ ਸੇਵਾ ਕਰਦਾ ਪੁੱਤ ਦੀ ਸਾਂਭ-ਸੰਭਾਲ ਕਰ ਰਿਹਾ। ਸੈਂਡੀ ਨਾਲ ਵਿਗਾੜ ਦਾ ਕਾਰਨ ਵੀ ਉਹ ਇਹੀ ਦੱਸਣਗ ਪਈ ਉਹ ਫੈਮਿਲੀ ਵੇਲਯੂਜ ਨੂੰ ਨਕਾਰਦੀ ਹੈ।"

**10.2.5 ਸੜਕਾਂ**: ਇਸ ਸੰਗ੍ਰਹਿ ਦੀ 'ਸੜਕਾਂ' ਅਜਿਹੀ ਇੱਕ ਹੋਰ ਮੁਸਕਤ ਪ੍ਰਤੀਕਾਤਮਕ ਕਹਾਣੀ ਹੈ ਜਿਹੜੀ ਅਜੀਤ ਸਿੰਘ ਦ ਚਰਿੱਤਰ ਰਾਹੀਂ ਆਪਣੀ ਮਾਤ-ਭੂਮੀ, ਸੰਸਕ੍ਰਿਤੀ ਅਤੇ ਪਿਤਰੀ ਆਧਾਰ ਨੂੰ ਮੂਲ ਸਵੇਨਾ ਦੇ ਰੂਪ 'ਚ ਪ੍ਰਗਟ ਕਰਦੀ ਹੋਈ ਦੇ ਸੱਭਿਆਤਾਵਾਂ ਦੇ ਦਰਮਿਆਨ ਸੰਵਾਦ ਦੀ ਇਕ ਤੀਸਰੀ ਧਿਰ ਨੂੰ ਪ੍ਰਵਾਨ ਹੁੰਦੇ ਵਿਖਾਉਂਦੀ ਹੈ। ਅਜੀਤ ਸਿੰਘ ਨੇ ਆਪਣੇ ਭਰਾ ਵੱਲ ਬੇਮੁੱਖ ਹੋਣ ਤੇ ਕੈਨੇਡਾ ਪਰਵਾਸ ਕਰਨ ਤੱਕ ਦੀ ਇਕ ਅਜਿਹੀ ਤਬਦੀਲੀ ਹੈ। ਜਿਸ ਦਾ ਵਿਆਪਕ ਆਧਾਰ ਇਕ ਡਰਾਇਵਰ ਤੇ ਮਾਲਕ ਬਣ ਕੇ 'ਹੁੰਲ ਐਂਡ ਹੈਰਮਿਨ ਟਰਕਿੰਗ ਕੰਪਨੀ' ਦੇ ਰੂਪ 'ਚ ਬਣਦਾ ਹੈ। ਇਹ ਕਹਾਣੀ ਮੂਲ ਸਭਿਆਚਾਰ ਤੋਂ ਵਿਯੋਗ ਤੇ ਪਰਵਾਸੀ ਜੀਵਨ ਬਿਖਰਾਉ ਦੀ ਕਹਾਣੀ ਨਹੀਂ ਸਗੋਂ ਪਰਵਾਸੀ ਮੁਲਕਾਂ ਵਿੱਚ ਅਧੀਨਗੀ ਦੇ ਰਿਸ਼ਤੇ ਨੂੰ ਸ਼ਕਤੀਸ਼ਾਲੀ ਆਧਾਰ ਦੇਣ ਦੇ ਗਲਪੀ ਬਿਰਤਾਂਤ ਉੱਪਰ ਟਿਕੀ ਹੋਈ ਕਹਾਣੀ ਹੈ। ਦੋਵਾਂ ਸੰਸਕ੍ਰਿਤੀਆਂ ਦੇ ਮੇਲ ਨੂੰ ਸੜਕਾਂ ਦੇ ਪ੍ਰਤੀਕ ਰਾਹੀਂ ਸਿਰਜਦੀ ਇਹ ਕਹਾਣੀ ਉਹਨਾਂ ਕਥਾਕਾਰਾਂ ਲਈ ਵੀ ਇਕ ਚੁਣੌਤੀ ਹੈ ਜਿਹੜੇ ਪਰਵਾਸ ਦੇ ਪੰਜਾਬ ਸਾਲਾਂ ਤੋਂ ਵੱਧ ਸਮਾਂ ਗੁਜ਼ਰ ਜਾਣ 'ਤੇ ਅਜੇ ਵੀ ਮਾਤ ਭੂਮੀ ਦੀਆਂ ਯਾਦਾਂ ਸਿਮ੍ਰਤੀਆਂ 'ਚ ਗੁਆਚੇ ਕਹਾਣੀਆਂ ਲਿਖ ਰਹੇ ਹਨ। ਦਰਅਸਲ ਇਹ ਕਹਾਣੀ ਜਰਨੈਲ ਸਿੰਘ ਦੀ ਸੁਚੇਤ ਕਥਾਕਾਰੀ ਦਾ ਪ੍ਰਮਾਣ ਦਿੰਦੀ ਹੈ ਜਿਸ ਵਿੱਚ ਉਸ ਨੇ ਦਿਸਦੀ ਚੇਤਨਾ ਨਾਲ ਲੈਸ ਟਾਵਰਜ਼" ਅਤੇ ਪੱਛਮੀ ਸੰਸਕ੍ਰਿਤੀ, ਬਿਜਲਈ ਵਰਤਾਏ ਪਰਿਆਵਰਣ ਨੂੰ ਖਤਰੇ ਦੇ ਰੂਪ 'ਚ ਪੇਸ਼ ਕਰਕੇ ਮਨੁੱਖੀ ਜ਼ਿੰਦਗੀ ਦੇ ਦੁਖਾਂਤ ਨੂੰ ਉਭਾਰਿਆ ਹੈ

ਸੜਕਾਂ ਵਿੱਚ ਕਥਾ ਨਾਇਕ ਅਜੀਤ ਸਿੰਘ ਹਾਈਵੇ ਕਯੂ ਈ ਡਬਲਯੂ, ਵੈਸਟ ਉੱਤੇ ਬਿਨਾ ਟਰੇਲਰ ਟਰੱਕ ਦੌੜਾਈ ਜਾ ਰਿਹਾ, ਆਪਣੇ ਅਤੀਤ ਦੀਆਂ ਕੰਨੀਆਂ ਨੂੰ ਵੀ ਇੱਕ ਇੱਕ ਕਰਕੇ ਫਲਦਾਜਾ ਰਿਹਾ ਹੈ। ਉਸਦਾ ਅਤੀਤ ਬਿਨਾ ਸੰਘਰਸ਼ ਤੋਂ ਕੁੱਝ ਵੀ ਨਹੀਂ ਕਾਲਜ ਛੱਡ ਕੇ ਟੈਕਸੀ

ਚਲਾਉਣਾ, ਮੁੜ ਕਨੇਡਾ ਆ ਕੇ ਟਰੱਕਿੰਗ ਕੰਪਨੀ ਬਣਾਉਣ ਕੱਪ, ਉਸਨੇ ਕੈਨੇਡੀਅਨ ਸੰਸਕ੍ਰਿਤੀ ਨੂੰ ਕਾਰੋਬਾਰੀ ਬੰਦ ਦੇ ਰੂਪ 'ਚ ਅਪਣਾਇਆ ਹੈ। ਇਸ ਕਾਰੋਬਾਰ ਵਿੱਚ ਜੈੱਕ ਤੇ ਉਸਦਾ ਪਰਿਵਾਰ ਉਸ ਦਾ ਬਰਾਬਰ ਦਾ ਭਾਈਵਾਲ ਬਣਦਾ ਹੈ।ਉਸ ਦੀ ਅਣਥੱਕ ਮਿਹਨਤ ਤੇ ਕਾਰੋਬਾਰੀ ਰੁਚੀਆਂ ਕਾਰਨ ਉਸਨੂੰ ਮਿਸੀਸਾਗਾ ਵਰਕਰਜ਼ ਐਸੋਸੀਏਸ਼ਨ ਦਾ ਮੀਤ-ਪ੍ਰਧਾਨ ਚੁਣਨਾ ਕੇ ਮੁੜ ਇਕ ਦੁਰਘਟਨਾ ਵਿੱਚ ਉਸ ਦੇ ਪੁੱਤਰ ਕਰਨ ਦਾ ਸ਼ੌਕ ਅਤੇ ਗੈਂਗ ਨੂੰ ਬਚਾਉਂਦੇ ਹੋਏ ਗੰਭੀਰ ਰੂਪ 'ਚ ਜ਼ਖ਼ਮੀ ਹੋਕੇ ਮੌਤ ਨੂੰ ਪਿਆਰ ਹੋ ਜਾਣਾ, ਕੁੱਝ ਅਜਿਹੀਆਂ ਘਟਨਾਵਾਂ ਹਨ ਜਿਨ੍ਹਾਂ ਨਾਲ ਉਸਦਾ ਕੱਦ ਨੇਡੀਅਨ ਭਾਈਚਾਰ 'ਚ ਕੋਈ ਉੱਚਾ ਹੋ ਗਿਆ ਸੀ। ਇਸ ਤਰਾ ਆਕਾਰ ਨੇ ਸੜਕਾਂ ਦੇ ਪ੍ਰਤੀਕ ਰਾਹੀਂ ਅੰਤਰ-ਪਾਰ ਸਭਿਆਚਾਰਕ ਵਰਤਾਰੇ ਵਿਚ ਉਭਰਦੀ ਇਸ ਤੀਸਰੀ ਧਿਰ ਨੂੰ ਜੰਕ ਦੇ ਪਲਾਂ ਰਾਹੀਂ ਵਿਸ਼ਾਲ ਅਰਥ ਪ੍ਰਦਾਨ ਕੀਤੇ ਹਨ ਅਜੀਤ ਜਿਸ ਤਰ੍ਹਾਂ ਅਣਜਾਣੀਆਂ ਸੜਕਾਂ ਤੇ ਦੂਰ ਬੰਦਿਆਂ ਦੇ ਵੀ ਮੇਲ ਹੋ ਜਾਂਦੇ ਨੇ।

10.2.6 **ਬਰਫ਼ ਦੇ ਦਰਿਆ**: 'ਬਰਫ ਤੇ ਦਰਿਆ' ਇਸ ਸੰਗ੍ਰਹਿ ਦੀ ਅਜਿਹੀ ਕਹਾਣੀ ਹੈ ਜਿਸ ਵਿੱਚ ਲੋਕੇਸ਼ਨ ਵੀ ਬਾਹਰ ਦੀ ਹੈ ਤੇ ਪਾਤਰ ਵੀ। ਬਿਨਾਂ ਸ਼ੱਕ ਅਜਿਹੀ ਕਹਾਣੀ ਦਾ ਉਦੇਸ਼ ਆਪਣੀ ਭਾਸ਼ਾ ਰਾਹੀਂ ਬਾਹਰਲੇ ਸਮਾਜ ਸਭਿਆਚਾਰਕ ਤੇ ਬਿਜਨਸੀ ਰੁਚੀਆਂ ਨੂੰ ਸਮਝਣ ਤੇ ਮੁੜ ਉਹਨਾਂ ਵਿੱਚ ਅਸੀਮੀਲੇਟ ਹੋਣ ਦੀ ਪ੍ਰਕਿਰਿਆ ਹੀ ਹੋ ਸਕਦੀ ਹੈ। ਬੇਸ਼ਕ ਕਹਾਣੀ ਦਾ ਵਾਪਰਨ ਖੇਤਰ ਕਨੇਡੀਅਨ ਸਭਿਆਚਾਰ 'ਚ ਬਰਫ਼ ਅਤੇ ਪਾਣੀ ਦੀਆਂ ਖੇਡਾਂ ਲਈ ਬਣ ਰਹੀ ਉਹ ਥਾਂ ਹੈ ਜਿਸਨੂੰ ਕਿਸੇ ਇੰਪੀਰੀਅਲ ਇੰਟਰਪ੍ਰਾਈਜ਼ਰ ਰਾਹੀਂ ਵਪਾਰਕ ਨੁਕਤੇ ਤੋਂ ਵਰਤ ਜਾਣ ਲਈ ਪਰਿਆਵਰਣ ਨੂੰ ਖਤਰਾ ਹੀ ਹੈ, ਪ੍ਰੰਤੂ ਕਥਾਕਾਰ ਇਸ ਪਰਿਆਵਣ ਦੀ ਸਮੱਸਿਆ ਦੇ ਅੰਤਰਗਤ ਪੱਛਮੀ ਮੁਲਕਾਂ 'ਚ ਉਪਭੋਗੀ ਸਭਿਆਚਾਰ ਦੇ ਸੰਦਰਭ ਵਿੱਚ ਔਰਤ ਮਰਦ ਦੇ ਸਰੀਰਕ ਸੰਬੰਧਾਂ ਨੂੰ ਵੀ ਪੇਸ਼ ਕਰਨ ਵੱਲ ਰੁਚਿਤ ਹੈ। ਮੁੱਢਲੇ ਰੂਪ ਚ ਸੋਫ਼ੀਆ ਅਤੇ ਸੋਨ ਡਗਲਜ ਦੇ ਸੰਬੰਧ ਇਸ ਲਈ ਟੁੱਟ ਜਾਂਦੇ ਹਨ ਕਿਉਂਕਿ ਸ਼ੌਨ ਕੋਈ ਜ਼ਿਆਦਾ ਅਮੀਰ ਵਿਅਕਤੀ ਨਹੀਂ ਸੀ। ਸੋਫੀਆ ਨੇ ਡੀਨ ਨਾਲ ਮਿਲਣ ਤੇ ਸੋਚਣਾ ਆਰੰਭ ਕਰ ਦਿੱਤਾ। ਮੈਨੂੰ ਉਹ ਉਸ ਦਰਿਆ ਵਰਗਾ ਲਗਦਾ ਜੋ ਸਿਰਫ਼ ਆਪਣੇ ਕੰਡਿਆਂ 'ਚ ਬੱਝਕੇ ਵਗਣਾ ਜਾਣਦਾ ਸੀ। ਉਸ ਦੇ ਕੰਢਿਆਂ ਉਪਰ ਵਿਛੀ ਹੋਈ ਬਰਫ ਉਸ ਵਿੱਚ ਪੂਰਨ ਲਈ ਬੇਤਾਬ ਹੋ ਰਹੀ ਹੈ ਕਿ ਡੀਨ ਇਕ, ਅਮੀਰ ਪਿਉ ਦਾ ਇਕਲੌਤਾ ਬੇਟਾ ਹੈ ਤਾਂ ਸੋਨ ਬਾਰੇ ਉਸ ਦੇ ਵਿਚਾਰ ਤੁਰੰਤ ਬਦਲ ਜਾਂਦੇ ਹਨ। ਆਖਰ ਉਹ ਫੈਸਲਾ ਕਰ ਹੀ ਲੈਂਦੀ ਹੈ," ਜ਼ਿੰਦਗੀ ਦੇ ਜਿਹੜੇ ਫੋਨ ਤੇ ਸੁੱਖ ਮੈਂ ਡੀਨ ਰਾਹੀਂ ਮਾਣ ਸਕਦੀ ਸੀ, ਉਹ ਮੈਨੂੰ ਜ਼ੋਨ ਤੋਂ ਪ੍ਰਾਪਤ ਹੁੰਦੇ ਨਹੀਂ ਸਨ ਦਿਸ ਰਹੇ।

ਜਿਉਂ ਹੀ ਡੀਨ ਉਸ ਨੂੰ ਛੱਡ ਕੇ ਚਲਾ ਜਾਂਦਾ ਹੈ ਤੇ ਸੋਫ਼ੀਆ ਦੇ ਮਿਲਣ ਤੇ ਵੀ ਉਹ ਉਸ ਨਾਲ "ਵਿਆਹ ਵਰਗ' ਸੰਬੰਧਾਂ ਤੋਂ ਇਨਕਾਰ ਕਰ ਦਿੰਦਾ ਹੈ ਤਾਂ ਸੋਫੀਆ ਨੂੰ ਉਸ ਵਿਚਲੇ ਉਪਭੋਗੀ ਤੇ ਕਾਰੋਬਾਰੀ ਬੰਦੇ ਦੀ ਸਮਝ ਪੈ ਜਾਂਦੀ ਹੈ। ਪਰਿਆਵਰਣ ਬਚਾਉ ਕਮੇਟੀ ਦੀ ਮੈਂਬਰ ਦੇ ਤੌਰ 'ਤੇ ਜਦੋਂ ਉਸ ਨੂੰ ਪਤਾ ਲੱਗਦਾ ਹੈ ਕਿ "ਇੰਪਰੀਆਨ ਇੰਟਰਪ੍ਰਾਈਜ਼ ਕੰਪਨੀ ਦਾ ਅਸਲ ਮਕਸਦ ਬਰਫ਼ ਤੇ ਪਾਣੀ ਦੀਆਂ ਖੇਡਾਂ ਦੀ ਓਟ ਵਿੱਚ ਅਮੀਰ ਲੋਕਾਂ ਦੀਆਂ ਛੁੱਟੀਆਂ ਦਾ ਵਿਹਲਾ ਸਮਾਂ ਬਿਤਾਉਣ ਲਈ ਆਯਾਸੀ ਦਾ ਅੱਡਾ ਬਣ ਕੇ ਡਾਲਰ ਕਮਾਉਣਾ ਚਾਹੁੰਦੀ ਹੈ ਤਾਂ ਉਹ ਇੰਟਰਪ੍ਰਾਈਜ਼ ਦੇ ਖਿਲਾਫ਼

ਐਕਸ਼ਨ ਕਰਨ ਲਈ ਤਿਆਰ ਹੋ ਜਾਂਦੀ ਹੈ। ਪ੍ਰੰਤੂ ਜਦੋਂ ਸੋਫੀਆ ਨੂੰ ਪਤਾ ਲੱਗਦਾ ਹੈ ਕਿ ਇੰਪੀਰੀਅਲ ਇੰਟਰਪ੍ਰਾਈਜ਼ ਦਾ ਮਾਲਕ ਡੀਨ ਹੀ ਹੈ ਤਾਂ ਉਹ ਬਦਲਾ ਲੈਣ ਲਈ ਪਾਗਲ ਹੋ ਉੱਠਦੀ ਹੈ। ਇਸ ਕਹਾਣੀ ਵਿੱਚ ਕਥਾਕਾਰ ਨੇ ਆਪਣੇ ਪਿਛਲੇ ਮੁਲਕ ਤੋਂ ਮੁਕਤ ਹੁੰਦਿਆ ਯਾਦਾ, ਸਿਮ੍ਰਤੀਆਂ, ਇਤਿਹਾਸ ਤੇ ਮੂਲ ਸੱਭਿਆਚਾਰ ਦੇ ਅਨੇਕਾਂ ਪੰਨਿਆਂ ਨੂੰ ਲਾਂਭੇ ਕਰਕੇ ਆਪਣੇ ਮੁਲਕ ਦੀ ਸੰਸਕ੍ਰਿਤੀ ਨੂੰ ਆਪਣੇ ਅਨੁਭਵ 'ਚ ਸਮਣ ਦਾ ਯਤਨ ਕੀਤਾ ਹੈ ਜਿਵੇਂ ਕਥਾਕਾਰ ਇਹ ਸਮਝਦਾ ਹੋਵੇ ਕਿ ਵਰਲਡ ਟਰੇਡ ਸੈਂਟਰ ਦੀ ਸੁਪਰਮੇਸੀ ਢਹਿ ਢੇਰੀ ਹੋਣ ਉਪਰੰਤ ਉਪਜ ਦੁਖਾਂਤ ਨੂੰ ਪੇਸ਼ ਕਰਨ ਲਈ ਮਲਟੀ ਕਲਚਰਲ ਸਮਾਜ ਦੇ ਅੰਦਰ ਮਨੁੱਖੀ ਰਿਸ਼ਤਿਆਂ ਨੂੰ ਉਥੋਂ ਦੀ ਕਾਰਬਾਗ ਸਥਿਤੀ ਦੇ ਪ੍ਰਸੰਗ ਵਿੱਚ ਸਮਝਣ ਨਿਹਾਇਤ ਜਰੂਰੀ ਹੈ। ਇਸ ਪ੍ਰਕਾਰ ਇਕ ਹੀ ਖੇਤਰ ਭਾਸ਼ਾ ਅਤੇ ਨਸਲ ਦੀ ਮਿਲਦੀ ਜੁਲਦੀ ਸੰਸਕ੍ਰਿਤੀ ਨੂੰ ਸਮਝਣਾ ਤੇ ਉੱਥੇ ਦੇ ਉਪਭੋਗੀ ਸਭਿਆਚਾਰ ਦੇ ਪ੍ਰਸੰਗ ਵਿੱਚ ਸਮਝਣਾ ਨਿਹਾਇਤੀ ਜਰੂਰੀ ਹੈ। ਇਸ ਪ੍ਰਕਾਰ ਇਕ ਹੀ ਖੇਤਰ, ਭਾਸ਼ਾ ਅਤੇ ਨਸਲ ਦੀ ਮਿਲਦੀ ਜੁਲਦੀ ਸੰਸਕ੍ਰਿਤੀ ਨੂੰ ਸਮਝਣਾ ਤੇ ਉਥੋਂ ਦੇ ਉਪਭੋਗੀ ਸਭਿਆਚਾਰ ਦੇ ਪ੍ਰਸੰਗ ਵਿੱਚ ਪੇਸ਼ ਕਰਨਾ ਜਰਨੈਲ ਸਿੰਘ ਦੀ ਕਥਾ ਪੁਸਤਕ "ਟਾਵਰਜ" ਦਾ ਇਕ ਦੂਸਰਾ ਮਹੱਤਵਪੂਰਨ ਪੱਖ ਹੈ। ਇਹ ਕਹਾਣੀ ਰਚਨਾਕਾਰ ਦੀ ਮਾਨਸਿਕਤਾ ਦੇ Transformation ਦੀ ਕਹਾਣੀ ਹੈ ਜਿਸ ਅਗਲੇ ਪੜਾਅ ਵਿੱਚ ਕਥਾਕਾਰ ਨੇ ਸਾਮਰਾਜੀ ਤਾਕਤਾਂ ਰਾਹੀਂ ਬਸਤੀਆਂ ਦੇ ਕੁਦਰਤੀ ਸੋਮਿਆਂ ਨੂੰ ਆਪਣੀ ਤਾਕਤ ਦੇ ਫੈਲਾਅ ਲਈ ਵਰਤ ਕੇ ਜਿਸ ਤਰੀਕੇ ਨਾਲ ਮਨੁੱਖੀ ਰਿਸ਼ਤਿਆਂ ਨੂੰ ਨਸ਼ਟ ਕੀਤਾ ਉਸ ਨੂੰ ਅਤੀਤ ਦੀ ਪ੍ਰਿਜ਼ਮ ਰਾਹੀਂ ਬਹੁ- ਧਰਤੀ ਤੇ ਸੰਘਣੀ ਕਹਾਣੀ ਦੇ ਰੂਪ 'ਚ ਪੇਸ਼ ਕੀਤਾ ਗਿਆ ਹੈ।

**10.2.7 ਟਾਵਰਜ਼ :** ਇਸ ਪੁਸਤਕ 'ਚ ਪੇਸ਼ ਕਹਾਣੀਆਂ 'ਚ 'ਟਾਵਰਜ਼' ਇਕ ਅਜਿਹੀ ਕਹਾਣੀ ਹੈ ਜਿਹੜੀ ਬਰਫ਼ ਦੇ ਦਰਿਆ ਤੋਂ ਬਾਅਦ ਟਾਵਰਜ਼ ਦੇ ਪ੍ਰਤੀਕ ਰਾਹੀਂ ਵਿਸ਼ਵੀ ਤਾਕਤਾਂ ਦੇ ਬਦਲਦੇ ਸੁੰਦਰਤਾ ਉਭਾਰਦੀ ਹੈ। ਇਸ ਕਿਸਮ ਦੀ ਰਚਨਾਤਮਕ ਕਿਰਤ ਨੂੰ ਅਸੀਂ ਇਸ ਪੁਸਤਕ ਦੀ ਤੀਸਰੀ ਮਹੱਤਵਪੂਰਨ ਉਪਲੱਬਦੀ ਦੇ ਰੂਪ ਵਿੱਚ ਵਿਸ਼ਲੇਸ਼ਨ ਕਰਨ ਦਾ ਯਤਨ ਕਰਾਂਗੇ।

ਕਥਾਕਾਰ ਨੇ ਇਸ ਕਹਾਣੀ ਦੀ ਸ਼ੁਰੂਆਤ ਵੀ ਬਾਕੀ ਕਹਾਣੀਆਂ ਵਾਂਗ ਮੁੱਖ ਪਾਤਰ ਦੀਆਂ ਮਨੋਵਿਹਾਰੀ ਜੁਗਤਾਂ ਨਾਲ ਉਸ ਦੇ ਅਤੀਤ 'ਤੇ ਵਾਪਰੀਆਂ ਘਟਨਾਵਾਂ ਨੂੰ ਬਾਰ ਬਾਰ ਉਸ ਦੇ ਜ਼ਹਿਨ ਦੇ ਚਿਤਰਪਟ 'ਤੇ ਪੇਸ਼ ਕਰਦਿਆਂ ਕੀਤੀ ਹੈ, ਡੈਨਿਸ ਤੋਂ ਸਟੇਮੀ ਦੀ ਮੌਤ ਦੇ ਪ੍ਰਭਾਵਾਂ ਨੂੰ ਕਥਾਕਾਰ ਨੇ ਜਿਸ ਕਿਸਮ ਦੇ ਕਲਾਤਮਿਕ ਸੰਜਮ ਨਾਲ ਪੇਸ਼ ਕੀਤਾ ਹੈ। ਐਂਜਲਾ ਅਤੇ ਵਿਲੀਅਮ ਦੀ ਮਾਨਸਿਕ ਸਥਿਤੀ ਦੇ ਵਿਨਾਸ਼ਕਾਰੀ ਪਲਾਂ ਦੀ ਅਭਿਵਿਅਕਤੀ ਨੂੰ ਮਨੁੱਖੀ ਦੁਖਾਂਤ ਦੇ ਰੂਪ ਨੂੰ ਸਮੁੱਚੇ ਸੰਸਾਰ 'ਚ ਫੈਲਦੇ ਹੋਏ ਵਿਖਾਇਆ ਹੈ, ਉਸ ਨਾਲ ਕਹਾਣੀ ਦਾ ਰੂਪ ਹੀ ਨਾਵਲੀ ਕਹਾਣੀ ਦੇ ਨੇੜੇ ਨਹੀਂ ਪਹੁੰਚਿਆ ਸਗੋਂ ਮੁੱਖ ਪਾਠ ਵਿੱਚ ਅਨੇਕਾਂ ਹੋਰ ਉਪਪਾਠਾਂ ਦੀ ਹਾਜ਼ਰੀ ਨੇ ਕਹਾਣੀ ਨੂੰ ਬਹੁਪਰਤੀ ਅਤੇ ਸੰਘਣੀ ਬੁਣਤਰ ਵਾਲੀ ਕਹਾਣੀ 'ਚ ਬਦਲ ਦਿੱਤਾ ਹੈ।

ਕਹਾਣੀ ਵਿੱਚ ਵਿਲੀਅਮ ਅਤੇ ਉਸ ਦੀ ਪਤਨੀ ਅੰਜਲਾ ਪਹਿਲਾ ਵਰਲਡ ਟਰੇਡ ਸੈਂਟਰ ਤੇ ਹੋਏ ਹਮਲੇ 'ਚ ਅਪਣੀ ਧੀ ਸਟੇਮੀ ਦੇ ਗੁਆਚ ਜਾਣ ਦੇ ਦੁੱਖ 'ਚ ਨਜ਼ਰ ਆਉਂਦੇ ਹਨ। ਨਾਲ ਨਾਲ ਟਾਵਰਜ਼

ਦੇ ਢਹਿ ਢੇਰੀ ਹੋਣ ਦੇ ਕਾਰਨਾਂ ਪਿੱਛੇ ਉਹਨਾਂ ਨੂੰ ਸੰਸਾਰ ਵਿੱਚ ਵਿਆਪਕ ਹਲਚਲ ‘ਚ ਉਨਾਂ ਦਾ ਜੰਗ ਦੌਰਾਨ ਆਖਰੀ ਸਹਾਰਾ ‘ਡੈਨਿਸ’ ਵਾਪਸ ਨਹੀਂ ਪਰਤ ਸਕਿਆ।

> “ਇਰਾਕੀ ਫੌਜ ਦੇ ਇਕ ਇੰਟੈਲੀਜੈਂਸ ਅੱਡ ਉੱਤੇ ਡੇਨਿਸ ਦੀ ਕਮਾਂਡੋ ਬਟਾਲੀਅਨ ਵੱਲ ਧਾਵਾ ਬੋਲਿਆ ਗਿਆ। ਸੂਹੀਆ-ਅੱਡੇ ਤੇ ਅਮਰੀਕੀਆਂ ਦਾ ਕਬਜ਼ਾ ਤਾਂ ਹੋ ਗਿਆ ਪਰ ਦੋ ਕਮਾਂਡੋ ਮਾਰੇ ਗਏ ਤੇ ਡੈਨਿਸ ਸਮੇਤ ਚਾਰ ਲਾਪਤਾ ਹੋ ਗਏ”।

ਆਪਣੀ ਧੀ ਸਟੇਮੀ ਤੇ ਪੁੱਤਰ ਡੈਨਿਸ ਦੇ ਜੰਗ 'ਚ ਗੁਆਚ ਜਾਣ ਤੋਂ ਉਪਜਿਆ ਮਨੁੱਖੀ ਦੁਖਾਂਤ ਅਮਰੀਕਨ ਪਰਿਵਾਰ ਤੱਕ ਹੀ ਸੀਮਿਤ ਨਹੀਂ ਸਗੋਂ ਇਸ ਦੇ ਘਰ ਵਿੱਚ ਇਸਮਾਈਲ ਅਬਾਸ ਨਾਂ ਦਾ ਉਹ ਇਰਾਕੀ ਬਾਰਾਂ ਸਾਲਾਂ ਦਾ ਅਭੁੱਲ ਮੁੰਡਾ ਵੀ ਹੈ ਅਮਰੀਕਾ ਦੇ ਅਰਥ ਵੀ ਨਹੀਂ ਜਾਣਦਾ। ਅਬਦੁਲ ਜਿਹੜਾ ਕਾਫੀ ਲੰਮੇ ਸਮੇਂ ਤੋਂ ਅਮਰੀਕਾ ਰਹਿੰਦਾ ਹੈ, ਉਸ ਦਾ ਪਿੱਛੇ ਰਹਿੰਦਾ ਪਰਿਵਾਰ ਵੀ ਰੋਹ ਅਤੇ ਦਰਦ ਨਾਲ ਚੀਖਦਾ ਹੈ। ਅਬਾਸ ਆਖਦਾ ਹੈ।

> “ਮੇਰੇ ਅੰਮੀ ਸਮੇਤ ਸਾਡੇ ਪਰਿਵਾਰ ਦੇ ਅੱਠ ਜੀ ਖ਼ਤਮ ਕਰ ਦਿੱਤੇ ਗਏ। ਕੀ ਵਿਗਾੜਿਆ ਸੀ ਅਸੀਂ ਅਮਰੀਕਾ ਦਾ”।

ਇਸ ਤਰ੍ਹਾਂ ਅਮਰੀਕਾਂ ਦੇ ਅੰਦਰੂਨੀ ਤੇ ਅਫ਼ਗਾਨਿਸਤਾਨ ਦੇ ਇਰਾਕ ਦੀ ਬਾਹਰੀ ਜ਼ਿੰਦਗੀ 'ਤੇ ਪਏ ਇਸ ਸਾਮਰਾਜੀ ਹਮਲੇ ਦੇ ਪ੍ਰਤੀਕਰਮ ਵਲੋਂ ਕਥਾਕਾਰ ਆਪਣੀ ਰਾਜਸੀ ਸੂਝ ਦਾ ਪ੍ਰਗਟਾਵਾ ਕਰਦਾ ਹੋਇਆ ਮਹਿਜ ਇਸ ਦੇ ਮੁੱਖੀ ਦੁਖਾਂਤ ਦੇ ਸਮਾਜਕ ਪੱਖਾਂ ਤੱਕ ਹੀ ਸੀਮਤ ਨਹੀਂ ਰਹਿੰਦਾ। ਸਗੋਂ ਤੀਸਰੀ ਦੁਨੀਆ ਦੇ ਪ੍ਰਤੀਕਰਮ ਵਜੋਂ ਬੋਲਦਾ ਹੈ।

> “ਟਾਵਰਾਂ ਤੇ ਹਮਲਾ ਅਤਿਵਾਦੀਆਂ ਦਾ ਅਤਿ ਘਿਨਾਉਣਾ ਕਾਰਾ ਸੀ। ਹਜ਼ਾਰਾਂ ਬੇਗੁਨਾਹ ਲੋਕਾਂ ਦੀ ਹੱਤਿਆ। ਅਮਰੀਕਾ ਨੂੰ ਚਾਹੀਦਾ ਸੀ ਕਿ ਏਡੀ ਵੱਡੀ ਵਾਰਦਾਤ ਕਰਨ ਦੇ ਕਾਰਨ ਲੱਭਦਾ। ਪਰ ਉਸ ਨੇ ਕਰੋਧ ‘ਚ ਆ ਕੇ ਬਰੂਦੀ ਹਨੇਰੀਆਂ ਵਗਾ ਦਿੱਤੀਆਂ ਹਰ ਇਨਸ ਪਸੰਦ ਬੰਦੇ ਨੂੰ ਸ਼ਿਕਾਇਤ ਦੇ ਕਿ ਅਮਰੀਕਾ ਦੂਜੇ ਮੁਲਕਾਂ ਦੀਆਂ ਅੰਦਰੂਨੀ ਤੇ ਬਾਹਰੀ ਲੜਾਈਆਂ 'ਚ ਸਹੀ ਭੂਮਿਕਾ ਨਹੀਂ ਨਿਭਾ ਰਿਹਾ”।

ਇਸ ਦੇ ਨਾਲ-ਨਾਲ ਸਮੁੱਚੀ ਕਹਾਣੀ ਵਿੱਚ ਐਟਲਾਂਟਿਕ ਮਹਾਂਨਗਰ ਦਾ ਬਿੰਬ ਇਸ ਕਦਰ ਫੈਲਿਆ ਹੋਇਆ ਹੈ ਕਿ ਵਿਲੀਅਮ-ਐਂਜਲਾ ਦੀ ਉਦਾਸੀ ਦੁੱਖ ਅਤੇ ਖੌਫ ਭਰੀ ਜ਼ਿੰਦਗੀ ਦੇ ਵਿਭਿੰਨ ਪਲਾਂ ਨੂੰ ਆਪਣੇ ਅੰਦਰ ਸਮਾਉਂਦਾ, ਫੈਲਾਉਂਦਾ ਤੇ ਸੁੰਗੇੜਦਾ ਹੋਇਆ ਆਪਣੀ ਵਿਆਪਕ ਹੋਂਦ ਦਾ ਪਰਿਚੈ ਦਿੰਦਾ ਹੈ। ਇਹੀ ਨਹੀਂ ਅਮਰੀਕਾ ਦੀ ਇਸ ਸੁਪਰਮੇਸੀ ਤੇ ਆਤੰਕ ਤੋਂ ਪ੍ਰਭਾਵਿਤ ਐਟਲਾਂਟਿਕ ਮਹਾਂਨਗਰ ਦੇ ਬਿੰਬ ਨੂੰ ਵੀ ਕਥਾਕਾਰ ਨੇ ਦੁੱਖ ਵਿੱਚ ਗ੍ਰਸਤ ਹੁੰਦੇ ਦਿਖਾਇਆ ਹੈ।

> “ਟਾਵਰਾਂ ਦਾ ਕੀ ਸੀ, ਬੰਦੇ ਨਾ ਜਾਂਦੇ। ਟਾਵਰਾਂ ਬਾਰੇ ਤਾਂ ਮੈਨੂੰ ਮੁੱਢ ਤੋਂ ਹੀ ਖਦਸ਼ਾ ਸੀ...... ਇਨ੍ਹਾਂ ਦੀ ਬੁਲੰਦੀ ਵਿਚਲੇ ਬੌਣੇਪਨ ਨੂੰ ਮੈਂ ਜਾਣਦਾ ਹਾਂ...... ਜਿੰਨਾ

> ਵਿੱਚ ਸੋਚਾਂ ਉੱਚੀਆ ਨਹੀਂ ਹੁੰਦੀਆਂ ਉੱਚਤਾ ਦੀਆਂ ਇਹ ਕਲਗੀਆਂ ਇੰਜ ਹੀ ਕਿਰਦੀਆਂ ਰਹਿਣਗੀਆਂ। ਲਪੇਟ 'ਚ ਆ ਜਾਂਦੇ ਨੇ ਬੈਠੇ ਸੁੱਤੇ ਆਮ ਲੋਕ...... ਸਟੇਮੀ ਤੇ ਉਸ ਵਰਗੇ ਜਹੀਨ, ਮੇਰੇ ਹਜ਼ਾਰਾਂ ਧੀਆਂ ਪੁੱਤਰ ਮੌਤ ਦੇ ਨਹੀਂ, ਜ਼ਿੰਦਗੀ ਦੇ ਹੱਕਦਾਰ ਸਨ।"

ਇਸ ਤੱਥ ਦੇ ਨਾਲ ਸਭ ਤੋਂ ਮਹੱਤਵਪੂਰਣ ਪਰਵਾਸੀ ਸਾਹਿਤ ਦੇ ਸੰਦਰਭ ਵਿੱਚ ਉਠਾਇਆ ਜਾਣ ਵਾਲਾ ਮਸਲਾ ਹੈ ਪਰਵਾਸੀਆਂ ਦੀ ਨੈਤਿਕਤਾ, ਧਰਮ, ਰਾਸ਼ਟਰ ਆਦਿ ਬਾਰੇ। ਅਜਿਹੇ ਮਸਲੇ ਸਾਹਿਤ- ਸਭਿਆਚਾਰ ਤੇ ਅੰਤਰਗਤ ਉਦੋਂ ਹੀ ਉਠਾਏ ਜਾਂਦੇ ਹਨ। ਜਦੋਂ ਵਿਭਿੰਨ ਕਿਸਮ ਦੀਆਂ ਸੰਸਕ੍ਰਿਤੀਆਂ ਚੋਂ ਆਏ ਪਰਵਾਸੀਆਂ ਨੂੰ ਉਹਨਾਂ ਦੇ ਸੁਪਨਿਆਂ ਦੇ ਮੁਲਕ ਵਿੱਚ ਨਸਲੀ ਦੰਗਿਆ। ਰਾਜਨੀਤਿਕ ਮੁਹਾਜ਼ਾ- ਆਪਸੀ ਜੱਗਾ, ਯੁਧਾਂ ਤੇ ਵਰਲਡ ਟਰੇਡ ਸੈਂਟਰ 'ਤੇ ਹੋਏ ਹਮਲੇ ਵਰਗੇ ਖੜਨਾਕ ਪਲਾਂ ਚ ਆਪਣੇ ਜਿਊਣ ਲਈ ਕਈ ਫੈਸਲਾਕੁੰਨ ਫੈਸਲੇ ਲੈਣੇ ਪੈਂਦੇ ਹਨ।

10.2.8 **ਸਵਾਲਾਂ ਦੇ ਸਰੋਕਾਰ:** ਇਸ ਪ੍ਰਸੰਗ ਵਿੱਚ ਕਥਾਕਾਰ ਜਰਨੈਲ ਸਿੰਘ ਵਲੋਂ ਇਸ ਪੁਸਤਕ ਵਿੱਚ ਕਈ ਸਵਾਲ ਉਠਾਏ ਗਏ ਹਨ। ਸੜਕਾਂ ਵਿੱਚ ਅਜੀਤ ਸਿੰਘ ਮਿਸਟਰ ਜੈੱਕ ਨਾਲ ਮਿਲਕੇ ਕੈਨੇਡੀਅਨ ਅਰਥ ਵਿਵਸਥਾ ਵਿੱਚ ਅਮੀਰ ਹੋਣ ਦੀ ਲਾਲਸਾ ਕਰ ਰਿਹਾ ਹੈ ਉਸ ਦੇ ਪੁੱਤਰ ਕਰਨ ਨੇ ਦੁਰਘਟਨਾ ਗ੍ਰਸਤ ਟਰੱਕ ਦੇ ਡਰਾਈਵਰ ਨੂੰ ਵੀ ਆਪਣੀ ਜਾਨ ਦੇ ਕੇ ਅੰਤਰ-ਰਾਸ਼ਟਰੀ ਪਾੜਿਆਂ ਤੋਂ ਉੱਪਰ ਉੱਠਣ ਦੇ ਸਵਾਲ ਦੀ ਵਿਹਾਰਕ ਸਥਿਤੀ ਨੂੰ ਉਭਾਰ ਦਿੰਦਾ ਹੈ। ਪ੍ਰੰਤੂ 'ਟਾਵਰਜ" ਵਿੱਚ ਇਰਾਕੀ ਮੂਲ ਦਾ ਅਬਦੁਲ ਹਮੇਦੀ ਜਿੱਥੇ ਵਿਲੀਅਮ ਨਾਲ ਅਮਰੀਕਾ ਬਾਰੇ ਚਰਚਾ ਕਰਦਾ ਹੋਇਆ ਕਹਿੰਦਾ ਹੈ ਕਿ ਜੇਕਰ ਸਦਾਮ ਹੁਸੈਨ ਜ਼ਾਲਮ ਸੀ। ਇਹ ਉਸ ਦਾ ਅੰਦਰੂਨੀ ਰਾਜਸੀ ਸਮਾਜਕ ਤੇ ਸਭਿਆਚਾਰ ਮਾਮਲਾ ਸੀ ਪਰ ਉਸਨੂੰ ਰੱਖਣ ਦੇ ਲਾਹੁਣ ਦੀ ਸਿਰਦਰਦੀ ਇਰਾਕ ਦੇ ਲੋਕਾਂ ਦੀ ਹੋਣੀ ਚਾਹੀਦੀ ਸੀ ਨਾ ਕਿ ਅਮਰੀਕਾ ਦੀ। ਉਹ ਵਿਲੀਅਮ ਨਾਲ ਅਮਰੀਕਾ ਦੀ ਦੋਹਰੀ ਨੀਤੀ ਬਾਰੇ ਗੱਲ ਕਰਦਾ ਹੈ। ਉਹ ਗੱਲਬਾਤ ਨੂੰ ਤਿੱਖੀ ਕਰਦਾ ਹੋਇਆ ਮੰਨਦਾ ਹੈ ਕਿ ਅਮਰੀਕਾ ਦੀ ਅੱਖ ਇਰਾਕ ਤੇ ਤੇਲ ਧਨ 'ਤੇ ਸੀ। ਕਥਾਕਾਰ ਨੇ ਅਬਦੁਲ ਦੇ ਰਵੱਈਏ ਨੂੰ ਪਰਵਾਸੀਆਂ ਦੀ ਨੈਤਿਕਤਾ, ਆਸਥਾ, ਰਾਸ਼ਟਰੀਅਤਾ ਅਤੇ ਹੋਰ ਅਨੇਕਾਂ ਮਸਲਿਆਂ ਦੇ ਪ੍ਰਸੰਗ ਵਿੱਚ ਆਪਣਾ ਤਰਕ ਦਿੱਤਾ ਹੈ।

> "ਕਰਾਰੇ ਬੋਲ ਬੋਲਦਾ ਅਬਦੁੱਲ ਅੱਜ ਮੈਨੂੰ ਉਨ੍ਹਾਂ ਇਮੀਗਰਾਂਟਾਂ ਵਰਗਾ ਲੱਗ ਰਿਹਾ ਏ ਜਿਹੜੇ ਕਹਾਉਂਦੇ ਤਾਂ ਆਪਣੇ ਆਪ ਨੂੰ ਅਮਰੀਕਨ ਹਨ, ਅਮਰੀਕੀ ਪਛਾਣ-ਪੱਤਰਾਂ ਦਾ ਬੜੇ ਗਰੂਰ ਨਾਲ ਦਿਖਾਵਾ ਵੀ ਕਰਦੇ ਹਨ ਪਰ ਅਸਲ 'ਚ ਹੁੰਦੇ ਨੇ ਉਹ ਆਪਣੇ ਪਿਛਲੇ ਮੁਲਕਾਂ ਦੇ ਬੰਦੇ ਹੀ"।

ਇਸ ਤਰ੍ਹਾਂ 'ਸੜਕਾਂ' ਅਤੇ 'ਟਾਵਰਜ਼' ਰਾਹੀਂ ਆਰਥਕ ਪੱਖ ਤੋਂ ਪਰਵਾਸੀ ਉਹਨਾਂ ਮੁਲਕਾਂ ਦੇ ਹਨ ਜਿੱਥੇ ਉਹ ਧੜਾ ਧੜ ਡਾਲਰ ਕਮਾ ਰਹੇ ਹਨ। ਪੇਂਡੂ ਸੰਸਕ੍ਰਿਤੀ ਦੇ ਵਿਭਿੰਨ ਪੱਖਾਂ ਤੋਂ ਉਹ ਪਿਛਲੇ ਮੁਲਕ ਦੇ। ਇਸ ਤਰ੍ਹਾਂ ਟਾਵਰਜ਼ ਪੰਜਾਬੀ ਪਰਵਾਸੀ ਸਾਹਿਤ ਦੇ ਪ੍ਰਸੰਗ ਵਿੱਚ ਜਿੱਥੇ ਪਰਵਾਸੀ ਜ਼ਿੰਦਗੀ

ਦੇ ਕਈ ਨਿਵੇਕਲੇ ਪੱਖਾਂ ਰਾਹੀਂ ਮਾਤ-ਭੂਮੀ ਇਤਿਹਾਸ ਅਤੇ ਯਾਦਾਂ ਨੂੰ ਮਨੁੱਖ ਦੇ ਅਵਚੇਤਨੀ ਪਸਾਰਾਂ ਦੇ ਰੂਪ 'ਚ ਉਭਾਰਦੀ ਇੱਕ ਮਹੱਤਵਪੂਰਨ ਕਥਾ ਪੁਸਤਕ ਦੇ ਰੂਪਾਂ ‘ਚ ਉਭਰਦੀ ਹੈ।

10.2.9 **ਸਿੱਟਾ**: ਪਿਆਰੇ ਵਿਦਿਆਰਥੀਓ ! ਉਪਰੋਕਤ ਅਧਿਐਨ ਤੋਂ ਇਸ ਨਤੀਜੇ ਤੇ ਪਹੁੰਚੇ ਹਨ ਕਿ ਕਥਾਕਾਰ ਨੇ ਗੋਰੇ ਲੋਕਾਂ ਵਿੱਚ ਵਿਲੀਅਮ ਔਜਲਾ, ਜੈੱਕ ਰੱਬੀ, ਸੋਫੀਆ ਜ਼ੋਨ ਦੇ ਨਾਲ ਨਾਲ ਪਰਵਾਸੀ ਭਾਰਤੀਆਂ ਵਿੱਚ ਅਜੀਤ ਸਿੰਘ, ਕਰਨ ਦੇ ਅਬਦੁਲ ਹਮੇਦੀ ਤੇ ਜਮੀਲਾ 'ਚ ਆਈ ਚਰਿੱਤਰਗਤ ਤਬਦੀਲੀ ਨੂੰ ਇਸ ਕਦਰ ਰਜਿਸਟਰਡ ਕੀਤਾ ਹੈ ਕਿ ਉਹ ਰਾਜਸੀ ਦਖ਼ਲ ਅੰਦਾਜ਼ੀ ਸ਼ਕਤੀ ਪ੍ਰਦਰਸ਼ਨ ਅਤੇ ਆਤੰਕ ਦੇ ਮਾਹੌਲ ਤੋਂ ਪੈਦਾ ਹੋਈ ਸਥਿਤੀ 'ਚ ਬੇਸਕ ਡਾਵਾਂਡੋਲ ਹੁੰਦੇ ਹਨ ਪਰੰਤੂ ਮਨੁੱਖਤਾ ਪ੍ਰਤੀ ਲਗਾਉ ਅਤੇ ਵਰਜ਼ ਨੂੰ ਲਾਗੇ ਨਹੀਂ ਹੋਣ ਦਿੰਦੇ।ਵਿਸ਼ੇਸ ਤੌਰ 'ਤੇ ਪਰਵਾਸੀ ਪੰਜਾਬੀ ਜਿਸ ਢੰਗ ਨਾਲ ਅਮਰੀਕਰਨ ਕੈਨੇਡੀਅਨ ਤੇ ਬਰਤਾਨੀਆ ਜਿਹੇ ਵਿਕਸਿਤ ਸਮਾਜ ਵਿੱਚ ਆਪਣੀ ਪਛਾਣ ਦੀ ਲੜਾਈ ਲੜ ਰਹੇ ਹਨ, ਜਿਵੇਂ ਉਹ ਉਥੋਂ ਦੀ ਸੰਸਕ੍ਰਿਤੀ, ਆਰਥਿਕਤਾ ਤੇ ਹੋਰ ਕਈ ਪੱਖਾਂ 'ਚ ਸ਼ਾਮਲ ਹੋਣਾ ਚਾਹੁੰਦੇ ਹਨ। ਉਸ ਦੀ ਇਕ ਭਰਵੀਂ ਨਿਸ਼ਾਨਦੇਹੀ ਜਰਨੈਲ ਸਿੰਘ ਦੇ ਇਸ ਕਥਾ ਸੰਗ੍ਰਹਿ 'ਚੋਂ ਹੁੰਦੀ ਹੈ। ਨਾਲ ਹੀ ਅਣਸੁਲਝੇ ਰੂਪ 'ਚ ਇਸ ਕਥਾ ਸੰਗ੍ਰਹਿ ਨੇ ‘ਟਾਵਰਜ਼" ਕਹਾਣੀ ਦੇ ਮਾਧਿਅਮ ਰਾਹੀਂ ਕੁਝ ਅਜਿਹੇ ਸਵਾਲ ਸਾਡੇ ਜੀਵਨ 'ਚ ਉਤਾਰ ਦਿੱਤੇ ਹਨ ਕਿ ਵਿਸ਼ੇਸ਼ ਫੈਸਲਾਕੁਨ ਸਮਿਆਂ ਵਿੱਚ ਉਹਨਾਂ ਪਰਵਾਸੀ ਭਾਰਤੀਆਂ ਦੀ ਸਥਿਤੀ ਕੀ ਹੋਏਗੀ ਜਦੋਂ ਕਿ ਉਹਨਾਂ ਅਬਦੁਲ ਹਮੇਦੀ ਵਾਂਗ ਇਰਾਕ ਦੀ ਤਬਾਹੀ ਤੇ ਅਮਰੀਕਰਨ ਸਰਕਾਰ ਦੀਆਂ ਨੀਤੀਆਂ ਬਾਰੇ ਆਪਣਾ ਪੱਖ ਰੱਖਣਾ ਪਾਏਗਾ।ਸਭ ਤੋਂ ਵੱਡਾ ਸਵਾਲ ਇਹ ਰਹੇਗਾ ਕਿ ਆਰਥਕ ਪੱਖ ਤੋਂ ਗ੍ਰੀਨ ਕਾਰਡ ਹੋਲਡਰ ਬਣਨ ਜਾਂ ਕਨੇਡਾ, ਬਰਤਾਨੀਆ ਦੀ ਨਾਗਰਿਕਤਾ ਹਾਸਲ ਲੈਣ ਉਪਰੰਤ ਉਹਨਾਂ ਦੀ ਉਥੋਂ ਦੇ ਰਾਜਨੀਤਿਕ ਮੁਆਮਲਿਆਂ ਸਮਾਜਿਕ ਤੇ ਸਭਿਆਚਾਰਕ ਅਜ਼ਾਦੀ, ਧਰਮ ਰਾਸ਼ਟਰ ਦੇ ਸੰਬੰਧ ਵਿੱਚ ਭੂਮਿਕਾ ਇਹੋ ਜਿਹੀ ਹੋਵੇਗੀ।ਸਹਿਜ ਜੀ ‘ਟਾਵਰਜ਼’ ਤੋਂ ਪਿੱਛੋਂ ਅਜਿਹੇ ਅਣਸੁਲਝੇ ਸਵਾਲਾਂ ਦੀ ਗਲਪੀ-ਪੇਸ਼ਕਾਰੀ ਪਰਵਾਸੀ ਸਾਹਿਤ ਦੇ ਭਵਿੱਖ ਨੂੰ ਹੋਰ ਵੀ ਬੁਲੰਦ ਕਰਨ 'ਚ ਅਹਿਮ ਭੂਮਿਕਾ ਅਦਾ ਕਰੇਗੀ।